# ਬੁਨਿਆਦੀ ਸਿੱਖਿਆ II

ਫਰੈਂਕਲਿਨ ਦੁਆਰਾ ਨੋਟਸ

## ਜਾਣ ਪਛਾਣ:

ਇਸ ਅਧਿਐਨ ਦੇ ਉਦੇਸ਼:

- ਇਹ ਸਿੱਖਣਾ ਕਿ ਆਪਣੇ ਅੰਦਰ ਵੱਸਦੀ ਪਾਪ ਦੀ ਸ਼ਕਤੀ ਉੱਤੇ ਜਿੱਤ ਪਾ ਕੇ ਕਿਵੇਂ ਜੀਵੀਏ।
- ਇਹ ਸਿੱਖਣਾ ਕਿ ਬਿਵਸਥਾ ਦੀਆਂ ਮੰਗਾਂ ਉੱਤੇ ਜਿੱਤ ਪਾ ਕੇ ਕਿਵੇਂ ਜੀਵੀਏ।
- ਆਤਮਾ ਵਿੱਚ ਚੱਲਣਾ ਸਿੱਖਣਾ।
- ਵਿਸ਼ਵਾਸ ਨੂੰ ਸਾਫ਼-ਸਾਫ਼ ਸਮਝਣਾ।
- ਵਚਨ ਵਿੱਚ ਦੱਸੇ ਗਏ ਨਿਆਵਾਂ ਨੂੰ ਸਾਫ਼-ਸਾਫ਼ ਸਮਝਣਾ।
- ਪਰਮੇਸ਼ਰ ਦੇ ਵਿਸ਼ਵਾਸਯੋਗ ਲੋਕਾਂ ਨੂੰ ਦਿੱਤੇ ਜਾਣ ਵਾਲੇ ਫਲਾਂ ਬਾਰੇ ਸਮਝਣਾ।
- ਦੁੱਖ ਉਠਾਉਣ ਦੇ ਵਿਸ਼ੇ ਨੂੰ ਸਮਝਣਾ।
- ਬਾਈਬਲ ਦੇ ਕੁਝ ਮੁਸ਼ਕਲ ਪ੍ਰਸ਼ਨਾਂ ਦਾ ਉੱਤਰ ਦੇਣਾ।

## ਪਾਠ ਰੂਪਰੇਖਾ


I. ਪਾਪ ਦੀ ਸ਼ਕਤੀ ਉੱਤੇ ਜਿੱਤ ਪਾ ਕੇ ਜੀਉਣਾ — ਪੰਨਾ 4

A. ਮੈਂ ਉਸ ਦੀ ਮੌਤ / ਲਹੂ ਦੁਆਰਾ ਬਚਾਇਆ ਗਿਆ ਹਾਂ।

B. ਮੈਂ ਉਸ ਦੇ ਜੀਵਨ ਦੁਆਰਾ ਬਚਾਇਆ ਜਾ ਰਿਹਾ ਹਾਂ।

1. ਪਾਪ ਦੀ ਸ਼ਕਤੀ ਤੋਂ: — ਰੋਮੀਆਂ 6
   - ਪਹਿਲਾ ਕਦਮ: “ਜਾਣਨਾ”
   - ਦੂਸਰਾ ਕਦਮ: “ਸਮਝਣਾ”
   - ਤੀਸਰਾ ਕਦਮ: “ਸੌਂਪਣਾ”
2. ਬਿਵਸਥਾ ਦੁਆਰਾ ਦੋਸ਼ੀ ਠਹਰਾਏ ਜਾਣ ਤੋਂ: — ਰੋਮੀਆਂ 7
3. ਆਤਮਾ ਵਿੱਚ ਚੱਲਣ ਦੁਆਰਾ: — ਰੋਮੀਆਂ 8

II. ਵਿਸ਼ਵਾਸ ਨੂੰ ਸਮਝਣਾ — ਪੰਨਾ 17

A. ਜਾਣ ਪਛਾਣ

B. ਵਿਸ਼ਵਾਸ ਕੀ ਹੈ?

C. ਵਿਸ਼ਵਾਸ ਦੇ ਦੋ ਪਹਿਲੂ ਹਨ

D. ਵਿਸ਼ਵਾਸ ਪ੍ਰਭੂ ਅਤੇ ਉਸਦੇ ਵਚਨ ਦੇ ਪ੍ਰਤੀ ਪੂਰਾ ਸਮਰਪਣ ਹੈ

E. ਵਿਸ਼ਵਾਸ ਦਾ ਅਰਥ ਹੈ ਪਰਮੇਸ਼ਰ ਦੀ ਗੱਲ ’ਤੇ ਭਰੋਸਾ ਕਰਨਾ ਅਤੇ ਉਸਦੀ ਆਗਿਆ ਮੰਨਣਾ

F. ਵਿਸ਼ਵਾਸ ਦਾ ਅਰਥ ਹੈ ਇਹ ਜਾਣਨਾ ਕਿ

G. ਵਿਸ਼ਵਾਸ ਤਰਕ ਤੋਂ ਅੱਗੇ ਹੈ

H. ਤੁਸੀਂ ਇਹ ਵਿਸ਼ਵਾਸ ਨਾਲ ਲੈ ਕੇ ਪੈਦਾ ਨਹੀਂ ਹੋਏ

I. ਵਿਸ਼ਵਾਸ ਦਾ ਮਹੱਤਵ

J. ਥੋੜ੍ਹਾ ਵਿਸ਼ਵਾਸ

K. ਤਿੰਨ ਪ੍ਰਕਾਰ ਦਾ ਵਿਸ਼ਵਾਸ

L. ਵਿਸ਼ਵਾਸ ਦੇ ਥੰਮ੍ਹ

III. ਨਿਆਂ ਪੰਨਾ 30

A. ਜਾਣ ਪਛਾਣ
B. ਵਿਸ਼ਵਾਸੀਆਂ ਦੇ ਪਾਪਾਂ ਦਾ ਨਿਆਂ
C. ਵਿਸ਼ਵਾਸੀ ਦਾ ਆਪਣੇ ਆਪ ਨੂੰ ਜਾਂਚਣਾ
D. ਵਿਸ਼ਵਾਸੀ ਦੇ ਕੰਮਾਂ ਦਾ ਨਿਆਂ
E. ਕੌਮਾਂ ਦਾ ਨਿਆਂ
F. ਦੁਸ਼ਟਾਂ ਦਾ ਨਿਆਂ

IV. ਪ੍ਰਤੀਫਲ/ਇਨਾਮ ਪੰਨਾ 35

A. ਜਾਣ ਪਛਾਣ
B. ਜੀਵਨ ਦਾ ਮੁਕਟ
C. ਅਵਿਨਾਸੀ ਮੁਕਟ
D. ਅਨੰਦ ਦਾ ਮੁਕਟ
E. ਧਾਰਮਿਕਤਾ ਦਾ ਮੁਕਟ
F. ਮਹਿਮਾ ਦਾ ਮੁਕਟ

V. ਦੁੱਖ ਸਹਿਣ ਦਾ ਵਿਸ਼ਾ ਪੰਨਾ 40

A. ਜਾਣ ਪਛਾਣ
B. ਪਾਪ ਦਾ ਦੁੱਖ ਸਹਿਣਾ
   1. ਮਨੁੱਖ ਆਪਣੇ ਅਤੇ ਦੂਸਰਿਆਂ ਉੱਤੇ ਦੁੱਖ ਲੈ ਆਉਂਦਾ ਹੈ
   2. ਪਾਪ ਸ਼ਤਾਨ ਦੇ ਰਾਜ ਦਾ ਕਨੂੰਨ ਅਤੇ ਸੱਭਿਆਚਾਰ ਹੈ
   3. ਜਦੋਂ ਇਕ ਵਿਸ਼ਵਾਸੀ ਪਾਪ ਕਰਦਾ ਹੈ ਤਾਂ ਉਹ ਸ਼ਤਾਨ ਦੇ ਰਾਜ ਵਿੱਚ ਕਦਮ ਰੱਖਦਾ ਹੈ
C. ਪਾਪੀਆਂ ਵੱਲੋਂ ਦੁੱਖ ਸਹਿਣਾ
   1. ਜਦੋਂ ਅਸੀਂ ਖੁਸ਼ਖ਼ਬਰੀ ਦਾ ਪ੍ਰਚਾਰ ਕਰਦੇ ਹਾਂ
   2. ਅਸੀਂ ਇਕ ਜੰਗ ਲੜ ਰਹੇ ਹਾਂ
D. ਉਹ ਦੁੱਖ ਜਿਹੜਾ ਪਰਮੇਸ਼ਰ ਵੱਲੋਂ ਆਉਂਦਾ ਹੈ
   1. ਸਾਡੇ ਵਿਸ਼ਵਾਸ ਅਤੇ ਵਫ਼ਾਦਾਰੀ ਨੂੰ ਪਰਖਣ ਲਈ
   2. ਸਾਡੇ ਚਰਿੱਤਰ ਨੂੰ ਸਿੱਧ ਬਣਾਉਣ ਲਈ
   3. ਉਸ ਦੇ ਨਾਮ ਦੀ ਮਹਿਮਾ ਲਈ
   4. ਕੁਝ ਬਿਮਾਰੀਆਂ ਦਾ ਦੁੱਖ ਉਸ ਦੀ ਮਹਿਮਾ ਲਈ ਹੁੰਦਾ ਹੈ
   5. ਸਾਨੂੰ ਦੂਸਰਿਆਂ ਪ੍ਰਤੀ ਸੇਵਾ ਲਈ ਤਿਆਰ ਕਰਨ ਵਾਸਤੇ
   6. ਸਾਨੂੰ ਬਚਾਉਣ ਲਈ ਜਾਂ ਸਾਡੀ ਅਗਵਾਈ ਲਈ
   7. ਕੁਝ ਦੁੱਖ ਪ੍ਰਭੂ ਦੀ ਤਾੜਨਾ/ਅਨੁਸ਼ਾਸਨ ਦਾ ਨਤੀਜਾ ਹੁੰਦਾ ਹੈ

VI. ਬਾਈਬਲ ਵਿੱਚੋਂ ਮੁਸ਼ਕਲ ਪ੍ਰਸ਼ਨ ਪੰਨਾ 58

A. ਜੇਕਰ ਕੁਝ ਸੰਦੇਹ ਹੋਣ ਤਾਂ ਕੀ ਕੀਤਾ ਜਾਵੇ?
B. ਅੰਤ ਤੀਕ ਸਹਿਣ ਦਾ ਕੀ ਅਰਥ ਹੈ?

C. ਮਸੀਹ ਦਾ ਇਨਕਾਰ ਕਰਨ ਦਾ ਕੀ ਅਰਥ ਹੈ?

D. ਕੀ ਇਹ ਹੋ ਸਕਦਾ ਹੈ ਕਿ ਤੁਸੀਂ ਸੱਚਾਈ ਨੂੰ ਜਾਣਨ ਤੋਂ ਬਾਦ ਵੀ ਇਕ ਵਿਸ਼ਵਾਸੀ ਨਾ ਹੋਵੋ?

E. ਸਮਝਣਾ: ਇਬਰਾਨੀਆਂ 6:6

F. ਸਮਝਣਾ: ਇਬਰਾਨੀਆਂ 10:26

G. ਸਮਝਣਾ: ਜੀਵਨ ਦੀ ਪੁਸਤਕ ਵਿੱਚ ਲਿਖੇ ਹੋਏ ਨਾਮ।

H. ਪੁਰਾਣੇ ਨਿਯਮ ਦੀ ਸ਼ਰਾ/ਬਿਵਸਥਾ ਅਤੇ ਨਵੇਂ ਨਿਯਮ ਦੇ ਵਿਸ਼ਵਾਸੀ

## 1. ਪਾਪ ਦੀ ਸ਼ਕਤੀ ਉੱਤੇ ਜਿੱਤ ਪਾ ਕੇ ਜੀਉਣਾ

ਅਧਿਐਨ ਰੂਪਰੇਖਾ:

A. ਮੈਂ ਉਸ ਦੀ **ਮੌਤ** ਅਤੇ ਲਹੂ ਦੁਆਰਾ **ਬਚਾਇਆ ਗਿਆ ਹਾਂ**

B. ਮੈਂ ਉਸ ਦੇ **ਜੀਵਨ** ਦੇ ਦੁਆਰਾ **ਬਚਾਇਆ ਜਾ ਰਿਹਾ ਹਾਂ**।

1. ਪਾਪ ਦੀ ਸ਼ਕਤੀ ਤੋਂ: ਰੋਮੀਆਂ 6
   - ਪਹਿਲਾ ਕਦਮ: "ਜਾਣਨਾ"
   - ਦੂਸਰਾ ਕਦਮ: "ਸਮਝਣਾ"
   - ਤੀਸਰਾ ਕਦਮ: "ਸੌਂਪਣਾ"
2. ਬਿਵਸਥਾ ਦੁਆਰਾ ਦੋਸ਼ੀ ਠਹਿਰਾਏ ਜਾਣ ਤੋਂ: ਰੋਮੀਆਂ 7
3. ਆਤਮਾ ਵਿੱਚ ਚੱਲਣ ਦੁਆਰਾ: ਰੋਮੀਆਂ 8

### A. **ਮੈਂ** ਉਸ ਦੀ ਮੌਤ ਅਤੇ ਮੇਰੇ ਲਈ ਵਹਾਏ ਗਏ ਉਸ ਦੇ ਲਹੂ ਦੁਆਰਾ **ਬਚਾਇਆ ਗਿਆ ਹਾਂ**।

1. ਮੇਰੇ ਸਭ ਪਾਪ **ਮਾਫ਼ ਕਰ ਦਿੱਤੇ ਗਏ** ਹਨ। ਮੇਰੇ ਕੋਲ ਸਦੀਪਕ ਜੀਵਨ ਹੈ।

   2 ਕੁਰਿੰਥੀਆਂ 5:18-21 ਅਫ਼ਸੀਆਂ 2:8-9

   ਯੂਹੰਨਾ 5:24 ਇਬਰਾਨੀਆਂ 9:12; 10:10; 14 17

2. ਤੁਸੀਂ ਪਹਿਲਾਂ ਹੀ "**ਉਸ ਦੇ ਨਾਲ ਬਿਠਾਏ ਗਏ**" ਹੋ: ਅਫ਼ਸੀਆਂ 2:4-6

3. ਇਹ ਉਦੋਂ ਹੋਇਆ ਜਦੋਂ ਤੁਸੀਂ ਯਿਸੂ ਉੱਤੇ ਵਿਸ਼ਵਾਸ ਕੀਤਾ।

   ਰੋਮੀਆਂ 3:21-28; 4:5; 11:29 "*ਦਾਤਾਂ ਅਤੇ ਬੁਲਾਹਟ...*"

4. ਇਹ **ਧਰਮੀ ਠਹਿਰਾਏ ਜਾਣ** ਦੀ ਸਿੱਖਿਆ ਹੈ। ਪਰਮੇਸ਼ਰ ਦੇ ਸਾਹਮਣੇ ਮੇਰੀ "**ਅਧਿਕਾਰਕ**" ਸਥਿਤੀ।

   ਰੋਮੀਆਂ 3, 4, ਅਤੇ 5 ਅਧਿਆਏ ਇਸ ਬਾਰੇ ਵਿਸਤਾਰ ਨਾਲ ਦੱਸਦੇ ਹਨ।

   ਹੋਰ ਆਇਤਾਂ: ਲੂਕਾ 7:48 ਅਤੇ 50 1 ਕੁਰਿੰਥੀਆਂ 1:21; 15:2

   2 ਤਿਮੋਥਿਉਸ 1:9 ਤੀਤੁਸ 3:5

5. ਤੁਸੀਂ "***ਮਸੀਹ ਵਿੱਚ***" ਹੋ

   ਗਲਾਤੀਆਂ 3:26-29; ਅਫ਼ਸੀਆਂ 1:7, 13 ਯੂਹੰਨਾ 10:28-29

6. ਮੈਂ **ਛੁਡਾਇਆ ਗਿਆ** ਹਾਂ (1 ਪਤਰਸ 1:18-19); **ਮੇਲ ਹੋ ਗਿਆ** ਹੈ (ਰੋਮੀਆਂ 5:10); ਅਤੇ **ਪਵਿੱਤਰ ਕੀਤਾ ਗਿਆ** ਹਾਂ (ਰਸੂਲਾਂ ਦੇ ਕਰਤਬ 26:18; ਇਬਰਾਨੀਆਂ 10:10, 14)

7. ਹੁਣ ਮੇਰਾ **ਪਰਮੇਸ਼ਰ ਨਾਲ ਮੇਲ** ਹੋ ਗਿਆ ਹੈ – ਧਰਮੀ ਠਹਿਰਾਏ ਜਾਣ ਦੇ ਨਤੀਜੇ:

    ਰੋਮੀਆਂ 5:1 ਸੋ ਜਦੋਂ ਅਸੀਂ ਨਿਹਚਾ ਨਾਲ ਧਰਮੀ ਠਹਿਰਾਏ ਗਏ ਤਾਂ ਅਸੀਂ ਆਪਣੇ ਪ੍ਰਭੁ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਵੱਲ ਸ਼ਾਂਤੀ ਰੱਖੀਏ।

ਤਾਂ ਵੀ, **ਮੇਰੇ ਅੰਦਰ ਸ਼ਾਂਤੀ ਨਹੀਂ ਹੈ**। ਮੈਂ ਵੇਖਦਾ ਹਾਂ ਕਿ ਮੇਰੇ ਅੰਦਰ ਇਕ ਜੱਦੋ-ਜਹਿਦ, ਇਕ ਸੰਘਰਸ਼ ਚੱਲ ਰਿਹਾ ਹੈ। **ਗਲਾਤੀਆਂ 5:17** ਕਿਉਂ ਜੋ ਸਰੀਰ ਆਤਮਾ ਦੇ ਵਿਰੁੱਧ ਅਤੇ ਆਤਮਾ ਸਰੀਰ ਦੇ ਵਿਰੁੱਧ ਲੋਚਦਾ ਹੈ ਕਿਉਂ ਜੋ ਏਹ ਇਕ ਦੂਏ ਦੇ ਵਿਰੁੱਧ ਹਨ ਤਾਂ ਜੋ ਤੁਸੀਂ ਜੋ ਚਾਹੁੰਦੇ ਸੋ ਨਾ ਕਰੋ।

## B. ਮੈਂ ਉਸ ਦੇ ਜੀਵਨ ਦੇ ਦੁਆਰਾ ਬਚਾਇਆ ਜਾ ਰਿਹਾ ਹਾਂ – ਉਸ ਦੇ ਜੀ ਉੱਠਣ ਦੇ ਦੁਆਰਾ

ਰੋਮੀਆਂ 5:9-10 ਸੋ ਜਦੋਂ ਅਸੀਂ ਹੁਣ **ਉਹ ਦੇ ਲਹੂ ਨਾਲ ਧਰਮੀ ਠਹਿਰਾਏ ਗਏ** ਤਾਂ ਇਸ ਨਾਲੋਂ ਬਹੁਤ ਵੱਧ ਕੇ ਅਸੀਂ ਉਹ ਦੇ ਰਾਹੀਂ ਉਸ ਕ੍ਰੋਧ ਤੋਂ ਬਚ ਜਾਵਾਂਗੇ। ਕਿਉਂਕਿ ਜਦੋਂ ਅਸੀਂ ਵੈਰੀ ਹੋ ਕੇ ਪਰਮੇਸ਼ੁਰ ਨਾਲ ਉਹ ਦੇ ਪੁੱਤ੍ਰ ਦੀ ਮੌਤ ਦੇ ਵਸੀਲੇ **ਮਿਲਾਏ ਗਏ** ਤਾਂ ਮਿਲਾਏ ਜਾ ਕੇ ਅਸੀਂ ਇਸ ਨਾਲੋਂ ਬਹੁਤ ਵੱਧ ਕੇ **ਉਹ ਦੇ ਜੀਵਨ ਦੁਆਰਾ ਬਚ ਜਾਵਾਂਗੇ।**

ਯਿਸੂ ਸਾਡੀ **ਮਾਫ਼ੀ** ਲਈ **ਮਰਿਆ**
ਅਤੇ ਸਾਨੂੰ ਰੋਜ਼ਾਨਾ **ਪਾਪ ਉੱਤੇ** ਜਿੱਤ ਦੇਣ ਵਾਸਤੇ **ਜੀਉਂਦਾ ਹੈ**।

ਮੈਂ ਉਸ ਦੇ ਜੀਵਨ ਦੁਆਰਾ ਬਚਾਇਆ ਜਾ ਰਿਹਾ ਹਾਂ:

**1. ਪਾਪ ਦੀ ਸ਼ਕਤੀ ਤੋਂ ਰੋਮੀਆਂ 6**

**ਮੈਨੂੰ** ਪਾਪਾਂ ਤੋਂ **ਮਾਫ਼ੀ ਮਿਲ ਗਈ ਹੈ** ਅਤੇ **ਮੈਨੂੰ ਆਪਣੇ ਸਰੀਰ ਵਿੱਚ ਪਾਪ ਦੀ ਸ਼ਕਤੀ** ਉੱਤੇ **ਜਿੱਤ ਦੀ ਲੋੜ** ਹੈ।

ਪਰਮੇਸ਼ਰ ਦਾ ਉੱਤਰ: ਮਾਫ਼ੀ ਵਾਸਤੇ **ਉਸ ਦਾ ਲਹੂ**, ਅਤੇ
ਜਿੱਤ ਵਾਸਤੇ **ਉਸਦਾ ਜੀਵਨ**

ਸਮੱਸਿਆ ਕਦੋਂ ਸ਼ੁਰੂ ਹੋਈ, ਇਸ ਬਾਰੇ ਰੋਮੀਆਂ 5:12-14 ਵਿੱਚ ਦੱਸਿਆ ਗਿਆ ਹੈ। ਮੈਂ "ਪਾਪ ਵਿੱਚ ਜੰਮਿਆ" ਜਾਂ "ਪਾਪੀ ਬਣਿਆ," ਇਸ ਕਰਕੇ ਮੈਂ ਪਾਪ ਕਰਦਾ ਹਾਂ। **ਪਾਪ ਮੇਰੇ ਅੰਦਰ ਹੈ।**

ਉਦਾਹਰਣ: ਅਮਰੀਕਾ ਵਿੱਚ ਜੰਮਿਆ ਇਕ ਚੀਨੀ ਵਿਅਕਤੀ ਚੀਨੀ ਹੀ ਰਹਿੰਦਾ ਹੈ। ਜਨਮ ਹੀ ਇਹ ਤੈਅ ਕਰਦਾ ਹੈ ਕਿ ਤੁਸੀਂ ਕੌਣ ਹੋ। ਮੇਰਾ ਖ਼ਾਨਦਾਨੀ ਨਾਮ ਪਹਿਲਾਂ ਵਾਲਾ ਹੀ ਰਹਿੰਦਾ ਹੈ, ਜਿਸ ਨੂੰ ਕਿ ਮੈਂ ਨਹੀਂ ਚੁਣਿਆ। ਮੇਰਾ ਇਸ ਨੂੰ ਚੁਣਨ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਮੈਂ ਇਸ ਨੂੰ ਬਦਲਣ ਵਾਸਤੇ ਕੁਝ ਨਹੀਂ ਕਰ ਸਕਦਾ। ਮੈਂ ਭਾਵੇਂ ਰਾਸ਼ਟਰਪਤੀ ਵੀ ਬਣ ਜਾਵਾਂ ਮੇਰਾ ਨਾਮ ਫਿਰ ਵੀ ਉਹੋ ਰਹਿੰਦਾ ਹੈ। ਭਾਵੇਂ ਮੈਂ ਕੋਈ ਭਿਖਾਰੀ, ਜਾਂ ਹੱਤਿਆਰਾ ਹੋਵਾਂ, ਮੇਰਾ ਨਾਮ ਉਹੋ ਰਹਿੰਦਾ ਹੈ। ਮੈਂ

ਜੋ ਕਰਦਾ ਹਾਂ ਉਸ ਨਾਲ ਮੇਰਾ ਖ਼ਾਨਦਾਨੀ ਨਾਮ ਨਹੀਂ ਬਦਲਦਾ। ਭਾਵੇਂ ਮੈਂ ਕਿੰਨਾ ਵੀ ਚੰਗਾ ਬਣ ਜਾਵਾਂ ਮੈਂ ਇਕ ਪਾਪੀ ਹਾਂ। ਅਸੀਂ ਜੋ ਵੀ ਹਾਂ ਉਹ ਆਦਮ ਕਰਕੇ ਹਾਂ। ਯਿਸੂ ਮਸੀਹ ਦੇ ਲਹੂ ਨੇ ਮੇਰੇ ਪਾਪ ਮਾਫ਼ ਕਰ ਦਿੱਤੇ ਹਨ, ਪਰ ਪਾਪ ਦੀ ਸ਼ਕਤੀ ਹਾਲੇ ਵੀ ਮੇਰੇ ਅੰਦਰ ਹੈ।

## ਪਾਪ ਦੀ ਸ਼ਕਤੀ ਉੱਤੇ ਜਿੱਤ ਪਾਉਣ ਲਈ ਤਿੰਨ ਕਦਮ।

**ਪਹਿਲਾ ਕਦਮ: "ਇਹ ਜਾਣਨਾ"** ਰੋਮੀਆਂ 6:3-10

ਆਇਤ 6 ਕਿਉਂ ਜੋ ਅਸੀਂ ਇਹ ਜਾਣਦੇ ਹਾਂ ਜੋ ਸਾਡੀ ਪੁਰਾਣੀ ਮਨੁੱਖਤਾਈ **ਉਹ ਦੇ ਨਾਲ ਸਲੀਬ ਉੱਤੇ ਚੜ੍ਹਾਈ ਗਈ** ਭਈ ਪਾਪ ਦਾ ਸਰੀਰ ਨਸ਼ਟ ਹੋ ਜਾਵੇ ਤਾਂ ਅਗਾਹਾਂ ਨੂੰ ਅਸੀਂ ਪਾਪ ਦੀ ਗੁਲਾਮੀ ਨਾ ਕਰੀਏ।

- ਹੋਸ਼ੇਆ 4:6 ਮੇਰੀ ਪਰਜਾ ਗਿਆਨ ਬਿਹੂਣੀ ਨਾਸ ਹੁੰਦੀ ਹੈ।
- ਯੂਹੰਨਾ 8:32 ਅਰ ਸੱਚਿਆਈ ਨੂੰ ਜਾਣੋਗੇ ਅਤੇ ਸੱਚਿਆਈ ਤੁਹਾਨੂੰ ਅਜ਼ਾਦ ਕਰੇਗੀ।

ਉਸ ਨੇ ਆਪਣੇ **ਲਹੂ** ਦੇ ਦੁਆਰਾ ਉਸ ਸਭ ਦਾ ਨਿਪਟਾਰਾ ਕੀਤਾ ਜੋ ਕੁਝ ਅਸੀਂ **ਕੀਤਾ ਹੈ**:

ਅਤੇ ਉਸ ਨੇ **ਸਾਡੇ ਸਭ ਪਾਪ ਮਾਫ਼ ਕਰ ਦਿੱਤੇ**।

ਆਪਣੀ **ਮੌਤ** ਦੇ ਦੁਆਰਾ ਉਸ ਨੇ ਉਸ ਦਾ ਹੱਲ ਕੀਤਾ ਜੋ **ਅਸੀਂ ਹਾਂ**: ਪਾਪੀ।

ਉਸ ਦੇ **ਜੀ ਉੱਠਣ** ਅਤੇ **ਜੀਵਨ** ਦੇ ਦੁਆਰਾ ਅਸੀਂ:

**"ਜੀਵਨ ਦੇ ਨਵੇਂਪਣ ਵਿੱਚ ਚੱਲ ਸਕਦੇ ਹਾਂ।"** (ਰੋਮੀਆਂ 6:4)

ਉਦਾਹਰਣ: ਨਸ਼ੇ ਦੀ ਸਮੱਸਿਆ ਨੂੰ ਦੂਰ ਕਰਨ ਲਈ ਬੋਤਲਾਂ ਨੂੰ ਤੋੜ ਦੇਣ ਨਾਲ ਕੇਵਲ ਸਮੱਸਿਆ ਧੀਮੀ ਹੋਵੇਗੀ। ਹੋਰ ਬੋਤਲਾਂ ਬਣਾਉਣ ਲਈ ਫੈਕਟਰੀ ਹਾਲੇ ਵੀ ਮੌਜੂਦ ਹੈ। ਫੈਕਟਰੀ ਨੂੰ ਵੀ ਹਟਾਉਣਾ ਜਰੂਰੀ ਹੈ। ਯੂਹੰਨਾ 8:36

**ਦੂਸਰਾ ਕਦਮ: "ਆਪਣੇ ਆਪ ਨੂੰ...ਸਮਝੋ"** ਰੋਮੀਆਂ 6:11

ਆਇਤ 11 ਇਸੇ ਤਰਾਂ ਤੁਸੀਂ ਭੀ ਆਪਣੇ ਆਪ ਨੂੰ **ਪਾਪ ਦੀ ਵੱਲੋਂ ਮੋਏ** ਹੋਏ ਪਰ ਮਸੀਹ ਯਿਸੂ ਵਿੱਚ **ਪਰਮੇਸ਼ੁਰ ਲਈ ਜੀਉਂਦੇ** ਸਮਝੋ।

ਇਥੇ ਇਸਤੇਮਾਲ ਕੀਤੇ ਗਏ ਅਸਲ ਯੂਨਾਨੀ ਸ਼ਬਦ ਦਾ ਅਰਥ ਹੈ: **ਇਸ ਨੂੰ ਵਿਹਾਰ ਵਿੱਚ ਲਿਆਉਣਾ**, ਸੱਚ ਨੂੰ ਆਪਣਾ ਬਣਾ ਲਓ। (λογίζομαι – ਸਿੱਟਾ ਕੱਢਣਾ, ਭਰੋਸਾ ਕਰਨਾ, ਜੁੰਮੇ ਲਾਉਣਾ)

ਇਹ ਇਕ **ਤੱਥ** ਹੈ, ਇਕ **ਸੱਚਾਈ** ਹੈ ਜਿਸ 'ਤੇ ਤੁਸੀਂ ਭਰੋਸਾ ਕਰ ਸਕਦੇ ਹੋ। ਇਸ ਨੂੰ ਆਪਣੇ ਜੀਵਨ ਵਿੱਚ ਸ਼ਾਮਲ ਕਰੋ।

ਇਹ ਮਰਕੁਸ 11:23-24 ਵਾਂਗ ਹੈ "...ਪਰਤੀਤ ਕਰੋ ਜੋ ਸਾਨੂੰ ਇਹ ਮਿਲ ਗਿਆ ਅਤੇ ਇਹ ਤੁਹਾਨੂੰ ਮਿਲ ਜਾਵੇਗਾ।"

ਇਹ ਸੱਚਾਈ ਉੱਤੇ ਵਿਸ਼ਵਾਸ ਕਰਨ ਅਤੇ ਇਸ ਨੂੰ ਵਿਹਾਰ ਵਿੱਚ ਲਿਆਉਣ ਦਾ ਮਾਮਲਾ ਹੈ।

- ਵੇਖੋ: ਮੱਤੀ 9:21-22; 28-29

ਜਿਸ ਗੱਲ ਨੂੰ ਤੁਸੀਂ ਸੱਚ ਮੰਨਦੇ ਹੋ ਉਹੋ ਗੱਲ ਤੁਹਾਡੇ ਜੀਵਨ ਨੂੰ ਚਲਾਉਂਦੀ ਅਤੇ ਤੁਹਾਡੇ ਜੀਵਨ ਨੂੰ ਬਦਲ ਦਿੰਦੀ ਹੈ।

**ਵਿਸ਼ਵਾਸ ਇਨ੍ਹਾਂ ਦੋ ਗੱਲਾਂ ਤੋਂ ਮਿਲ ਕੇ ਬਣਦਾ ਹੈ:**

1. **ਵਿਸ਼ਵਾਸ** ਜਾਂ **ਭਰੋਸਾ ਕਰਨਾ** ਅਤੇ
2. **ਇਸ ਨੂੰ ਵਿਹਾਰ ਵਿੱਚ ਲਿਆਉਣਾ**। ਵਿਹਾਰਕ ਕਦਮ ਉਠਾਉਣਾ।

ਯਾਕੂਬ 1:22, 25; 2:17, 20, 26

**ਰੋਮੀਆਂ 3** ਵਿੱਚ ਯਿਸੂ ਸਾਡਾ ਵਿਕਲਪ ਬਣ ਕੇ **ਸਾਡੇ ਪਾਪਾਂ** ਨੂੰ ਲੈ ਲੈਂਦਾ ਹੈ ਅਤੇ ਉਸ ਦਾ ਲਹੂ ਸਾਡੇ ਪਾਪਾਂ ਨੂੰ ਮਾਫ਼ ਕਰਦਾ ਹੈ।

**ਰੋਮੀਆਂ 6** ਵਿੱਚ ਯਿਸੂ **ਸਾਨੂੰ** ਆਪਣੀ ਮੌਤ ਅਤੇ ਜੀ ਉੱਠਣ ਵੱਲ ਲਿਜਾਂਦੇ ਹੋਏ (3 ਆਇਤ), ਸਾਡੇ ਅੰਦਰ ਵੱਸਦੀ ਪਾਪ ਦੀ ਸ਼ਕਤੀ ਤੋਂ ਸਾਡੇ ਛੁਟਕਾਰੇ ਨੂੰ ਪੱਕਾ ਕਰਦਾ ਹੈ।

"**ਪਾਪ ਦੀ ਦੇਹ**" ਮੇਰਾ ਪੁਰਾਣਾ ਮਨੁੱਖ ਜਾਂ "**ਮੇਰਾ ਪੁਰਾਣਾ ਆਪਾ** (ਮਨੁੱਖ)" ਉਸ ਨਾਲ ਸਲੀਬ ਚੜ੍ਹਾਇਆ ਗਿਆ ਅਤੇ ਮਾਰਿਆ ਗਿਆ (3 ਅਤੇ 4 ਆਇਤ)।

ਅਤੇ ਉਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ, ਮੈਂ "**ਨਵੇਂ ਜੀਵਨ**" ਲਈ ਮੁਰਦਿਆਂ ਵਿੱਚੋਂ ਜਿਵਾਇਆ ਗਿਆ ਹਾਂ (4 ਆਇਤ)।

ਇਹ ਨਵਾਂ ਜੀਵਨ ਹੈ (1 ਪਤਰਸ 1:3)

ਇਹ ਹੈ **ਪਾਪ ਦੀ ਸ਼ਕਤੀ** ਉੱਤੇ
ਮੇਰੀ **ਜਿੱਤ** ਅਤੇ ਛੁਟਕਾਰਾ !

1 ਯੂਹੰਨਾ 3:9 ਹਰ ਕੋਈ ਜਿਹੜਾ ਪਰਮੇਸ਼ਰ ਤੋਂ ਜੰਮਿਆ ਹੈ ਪਾਪ ਨਹੀਂ ਕਰਦਾ ਕਿਉਂ ਜੋ ਉਹ ਦਾ ਬੀ ਉਸ ਵਿੱਚ ਰਹਿੰਦਾ ਹੈ ਅਤੇ ਉਹ ਪਾਪ ਨਹੀਂ ਕਰ ਸਕਦਾ ਇਸ ਲਈ ਜੋ ਉਹ ਪਰਮੇਸ਼ਰ ਤੋਂ ਜੰਮਿਆ ਹੋਇਆ ਹੈ।

ਉਹ ਜੋ ਮੇਰੇ ਅੰਦਰ "*ਪਰਮੇਸ਼ਰ ਤੋਂ ਜੰਮਿਆ*", ਉਹ "**ਨਵਾਂ ਮਨੁੱਖ**" "**ਪਾਪ ਨਹੀਂ ਕਰ ਸਕਦਾ**।"

1 ਯੂਹੰਨਾ 5:18

ਗਲਾਤੀਆਂ 2:20 ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜਿਉਂਦਾ ਸਗੋਂ ਮਸੀਹ ਮੇਰੇ ਵਿੱਚ ਜਿਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਉਹ **ਨਿਹਚਾ ਨਾਲ ਭੋਗਦਾ ਹਾਂ**…

- ਕਿ ਮੈਂ ਮਰ ਚੁੱਕਾ ਹਾਂ! (ਮੇਰਾ ਪੁਰਾਣਾ ਸਵੈ / ਉਹ ਪੁਰਾਣਾ ਮਨੁੱਖ ਜੋ ਮੈਂ ਪਹਿਲਾਂ ਸਾਂ)
- ਕਿ ਹੁਣ ਯਿਸੂ ਮਸੀਹ ਮੇਰੇ ਅੰਦਰ ਜਿਉਂਦਾ ਹੈ! (ਪਵਿੱਤਰ ਆਤਮਾ ਦੇ ਰੂਪ ਵਿੱਚ)।

ਇਬਰਾਨੀਆਂ 11:1 ਹੁਣ ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ ਅਤੇ ਅਣਡਿੱਠ ਵਸਤਾਂ ਦੀ ਸਬੂਤੀ (ਜਾਂ ਤੱਤ ਜਾਂ ਬੁਨਿਆਦ) ਹੈ।

ਵਿਸ਼ਵਾਸ ਇਸ ਅਨੁਭਵ ਨੂੰ ਅਸਲੀ ਜਾਂ ਵਾਸਤਵਿਕ ਬਣਾ ਦਿੰਦਾ ਹੈ। ਅਸੀਂ ਪ੍ਰਤਿੱਗਿਆਵਾਂ ਦੀ ਗੱਲ ਨਹੀਂ ਕਰ ਰਹੇ – ਅਸੀਂ **ਤੱਥਾਂ** ਦੀ ਗੱਲ ਕਰ ਰਹੇ ਹਾਂ। ਭਾਵੇਂ ਮੈਂ ਇਸ 'ਤੇ ਵਿਸ਼ਵਾਸ ਕਰਾਂ ਜਾਂ ਨਾ ਕਰਾਂ ਇਹ ਫਿਰ ਵੀ **ਸੱਚ** ਹੈ।

ਪਰ, **ਵਿਸ਼ਵਾਸ** ਤੱਥਾਂ ਨੂੰ **ਵਾਸਤਵਿਕ** ਬਣਾਉਂਦਾ ਹੈ, ਜਾਂ ਮੇਰੇ ਅਨੁਭਵ ਵਿੱਚ ਤੱਥਾਂ ਨੂੰ ਕਾਰਜਸ਼ੀਲ ਬਣਾਉਂਦਾ ਹੈ।

**ਤੀਸਰਾ ਕਦਮ:** ***"ਆਪਣੇ ਆਪ ਨੂੰ ਪਰਮੇਸ਼ਰ ਨੂੰ ਸੌਂਪ ਦਿਓ"*** ਰੋਮੀਆਂ 6:13, 19

13 ਆਇਤ- ਅਤੇ ਆਪਣੇ ਅੰਗ ਕੁਧਰਮ ਦੇ ਹਥਿਆਰ ਬਣਾ ਕੇ ਪਾਪ ਨੂੰ ਨਾ ਸੌਂਪੋ ਸਗੋਂ ਆਪਣੇ ਆਪ ਨੂੰ ਮੁਰਦਿਆਂ ਵਿੱਚੋਂ ਜੀ ਉੱਠੇ ਹੋਏ ਜਾਣ ਕੇ ਪਰਮੇਸ਼ੁਰ ਨੂੰ ਸੌਂਪ ਦਿਓ ਅਤੇ ਆਪਣੇ ਅੰਗ ਧਰਮ ਦੇ ਹਥਿਆਰ ਬਣਾ ਕੇ ਪਰਮੇਸ਼ੁਰ ਨੂੰ ਸੌਂਪ ਦਿਓ।

19 ਆਇਤ- ਤਿਵੇਂ ਹੁਣ ਆਪਣੇ ਅੰਗ ਧਰਮ ਦੀ ਗੁਲਾਮੀ ਵਿਚ ਪਵਿੱਤਰ ਹੋਣ ਲਈ ਸੌਂਪ ਦਿਓ।

ਉਸ ਨੇ ਇਹ ਸਭ ਕੁਝ ਤੁਹਾਡੇ ਲਈ ਕੀਤਾ ਹੈ। ਹੁਣ ਤੁਸੀਂ **ਆਪਣੇ ਆਪ ਨੂੰ ਉਸ ਨੂੰ ਸੌਂਪ ਦਿਓ**।

ਸਾਨੂੰ ਆਪਣਾ ਸਮਾਂ, ਪੈਸਾ ਜਾਂ ਯੋਗਤਾਵਾਂ ਆਪਣੀ ਮਰਜ਼ੀ ਨਾਲ ਇਸਤੇਮਾਲ ਨਹੀਂ ਕਰਨੀਆਂ ਚਾਹੀਦੀਆਂ ਕਿਉਂਕਿ ਇਹ ਸਭ ਪ੍ਰਭੂ ਦਾ ਹੈ, ਨਾ ਕਿ ਸਾਡਾ।

ਸਾਡੀਆਂ ਅੱਖਾਂ, ਮੂੰਹ, ਕੰਨ, ਸਾਡੇ ਹੱਥ ਅਤੇ ਪੈਰ ਵੀ ਉਸੇ ਦੇ ਹਨ।

ਜੋ ਕੁਝ ਵੀ ਅਸੀਂ ਹਾਂ ਅਤੇ ਜੋ ਕੁਝ ਸਾਡੇ ਕੋਲ ਹੈ, ਉਹ ਸਭ ਸਾਨੂੰ: **ਪਰਮੇਸ਼ਰ ਲਈ ਅੱਡ** ਕਰਨਾ ਚਾਹੀਦਾ ਹੈ। ਇਹ ਹੈ **ਪਵਿੱਤਰਤਾ**।     ਰੋਮੀਆਂ 12:1

ਰੋਮੀਆਂ 6:16     "ਦਾਸ" ਸ਼ਬਦ ਅਸਲ ਵਿੱਚ "ਬੰਧੂਆ ਗੁਲਾਮ" ਹੈ।

ਦਾਸ ਅਤੇ ਇਕ ਗੁਲਾਮ ਵਿੱਚ ਕੀ ਅੰਤਰ ਹੈ?

**ਇਕ ਦਾਸ** ਕਿਸੇ ਮਾਲਕ ਦੀ ਸੇਵਾ ਕਰ ਸਕਦਾ ਹੈ ਪਰ ਦਾਸ ਉਸ ਮਾਲਕ ਦੀ ਮਲਕੀਅਤ ਨਹੀਂ ਹੈ। ਜੇਕਰ ਦਾਸ ਨੂੰ ਇਹ ਮਾਲਕ ਚੰਗਾ ਲੱਗਦਾ ਹੈ ਤਾਂ ਉਹ ਉਸ ਦੀ ਸੇਵਾ ਕਰ ਸਕਦਾ ਹੈ। ਜੇਕਰ ਦਾਸ ਉਸ ਮਾਲਕ ਦੀ ਸੇਵਾ ਨਹੀਂ ਕਰਨਾ ਚਾਹੁੰਦਾ ਤਾਂ ਉਹ ਅਜਿਹਾ ਕਰਨ ਲਈ ਮਜਬੂਰ ਨਹੀਂ ਹੈ। ਗੁਲਾਮ ਬਾਰੇ ਇਸ ਤਰ੍ਹਾਂ ਨਹੀਂ ਹੈ। ਗੁਲਾਮ ਆਪਣੇ ਮਾਲਕ ਦੀ ਮਲਕੀਅਤ ਹੈ।

ਕੂਚ 21:1-6 ਅਤੇ ਬਿਵਸਥਾਸਾਰ 15:12-17; ਯਿਸੂ: ਫਿਲਿੱਪੀਆਂ 2:7
ਪੌਲੁਸ: ਰੋਮੀਆਂ 1:1; ਗਲਾਤੀਆਂ 1:10; ਫਿਲਿੱਪੀਆਂ 1:1; ਤੀਤੁਸ 1:1; ਯਾਕੂਬ 1:1;
2 ਪਤਰਸ 1:1; ਪਰਕਾਸ਼ ਦੀ ਪੋਥੀ 1:1

- ਕੀ ਤੁਸੀਂ ਯਿਸੂ ਮਸੀਹ ਦੇ ਦਾਸ ਹੋ ਜਾਂ ਉਸ ਦੇ ਗੁਲਾਮ?

ਮੈਂ ਉਸ ਦਾ ਗੁਲਾਮ ਕਿਵੇਂ ਬਣ ਸਕਦਾ ਹਾਂ?

ਉਸ ਦੀ ਭੂਮਿਕਾ: ਉਸ ਨੇ ਮੈਨੂੰ ਖਰੀਦ ਲਿਆ (ਛੁਟਕਾਰਾ)।
ਮੇਰੀ ਭੂਮਿਕਾ: ਮੈਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਅਤੇ ਸੰਪੂਰਨ ਤੌਰ ’ਤੇ ਉਸ ਨੂੰ ਦਿੰਦਾ ਜਾਂ **ਸੌਂਪਦਾ** ਹਾਂ।

ਜਦੋਂ ਉਸ ਗਲੀਲੀ ਲੜਕੇ ਨੇ ਆਪਣੀ ਰੋਟੀ ਪ੍ਰਭੂ ਨੂੰ **ਸੌਂਪੀ** ਤਾਂ ਪ੍ਰਭੂ ਨੇ ਇਸ ਰੋਟੀ ਦਾ ਕੀ ਕੀਤਾ? ਇਸ ਨਾਲ ਕੇਵਲ ਉਦੋਂ ਹੀ ਬਹੁਤਿਆਂ ਦੀਆਂ ਲੋੜਾਂ ਪੂਰੀਆਂ ਹੋਈਆਂ ਜਦੋਂ ਇਸ ਨੂੰ ਤੋੜ ਕੇ ਇਸ ’ਤੇ ਬਰਕਤ ਦਿੱਤੀ ਗਈ।

ਇਹ “**ਜਾਣਨਾ**” ਕਿ ਉਸ ਨੇ ਆਪਣੇ ਆਪ ਨੂੰ ਮੇਰੇ ਲਈ ਪੂਰੀ ਤਰ੍ਹਾਂ ਅਤੇ ਸੰਪੂਰਨ ਤੌਰ ’ਤੇ ਦੇ ਦਿੱਤਾ…
ਮੇਰੇ ਲਈ ਵੀ ਉਸ ਵਾਸਤੇ ਇਹੋ ਕਰਨਾ ਜਰੂਰੀ ਹੈ। (2 ਕੁਰਿੰਥੀਆਂ 5:14-15)।

## ਮੈਂ ਉਸ ਦੇ ਜੀਵਨ ਦੇ ਦੁਆਰਾ ਬਚਾਇਆ ਜਾ ਰਿਹਾ ਹਾਂ:

## 2. ਬਿਵਸਥਾ ਦੁਆਰਾ ਦੋਸ਼ੀ ਠਹਰਾਏ ਜਾਣ ਤੋਂ। ਰੋਮੀਆਂ 7

ਰੋਮੀਆਂ 7: 5, 14, 18 ਵਿੱਚ ਦੱਸਿਆ ਗਿਆ ਹੈ ਕਿ ਅਸੀਂ “*ਸਰੀਰ ਵਿੱਚ ਹਾਂ*”
ਇਸ ਦਾ ਅਰਥ ਹੈ ਕਿ ਮਨੁੱਖ ਨਾਲ ਉਸ ਦੀ ਨਾਸਵਾਨ ਜਾਂ ਸੁਭਾਵਿਕ ਅਵਸਥਾ ਵਿੱਚ ਹੱਲ ਕਰਨਾ।

**ਸਰੀਰ ਨਿਰਬਲ ਹੈ**। ਪੜ੍ਹੋ: ਰੋਮੀਆਂ 8:3
ਅਤੇ ਜਿਹੜੇ ਸਰੀਰਕ ਹਨ ਉਹ ਪਰਮੇਸ਼ਰ ਨੂੰ ਪਰਸੰਨ ਨਹੀਂ ਕਰ ਸਕਦੇ (ਰੋਮੀਆਂ 8:8)।

ਇਕ ਵਿਅਕਤੀ ਇਸ ਪੂਰੇ ਖੁਸ਼ਖ਼ਬਰੀ ਸੰਦੇਸ਼ ਨੂੰ ਸੁਣਦਾ ਹੈ ਕਿ ਉਸ ਦੇ ਪਾਪ ਮਾਫ਼ ਕੀਤੇ ਗਏ ਹਨ, ਉਹ ਜਾਣਦਾ ਹੈ ਕਿ ਉਹ ਮਸੀਹ ਦੇ ਨਾਲ ਮਰਿਆ ਅਤੇ ਇਸ ਸੰਦੇਸ਼ ਦੀ ਸੱਚਾਈ ਨੂੰ "**ਸਮਝ ਕੇ**" ਅਤੇ ਆਪਣੇ ਆਪ ਨੂੰ "*ਮੁਰਦਿਆਂ ਵਿੱਚੋਂ ਜਿਉਂਦਾ ਜਾਣ ਕੇ*" ਖੁਦ ਨੂੰ ਪਰਮੇਸ਼ਰ ਨੂੰ **ਸੌਂਪਦਾ** ਹੈ।

ਇਹ ਜੇਤੂ ਮਸੀਹੀ ਜੀਵਨ ਦਾ ਅਰੰਭ ਹੈ।

ਸੋ ਉਹ ਪ੍ਰਭੂ ਦੇ ਹੁਕਮਾਂ ਅਰਥਾਤ ਉਸ ਦੀ ਬਿਵਸਥਾ ਦਾ ਪਾਲਨ ਕਰਦੇ ਹੋਏ ਪ੍ਰਭੂ ਨੂੰ ਪ੍ਰਸੰਨ ਕਰਨ ਦਾ ਫੈਸਲਾ ਕਰਦਾ ਹੈ। ਫਿਰ ਉਸ ਨੂੰ ਇਕ ਅਨੋਖੀ ਗੱਲ ਦਾ ਪਤਾ ਲੱਗਦਾ ਹੈ। ਉਸ ਨੇ ਤਾਂ ਸੋਚਿਆ ਸੀ ਕਿ ਉਹ ਪਰਮੇਸ਼ਰ ਦੀ ਇੱਛਾ ਨੂੰ ਅਸਾਨੀ ਨਾਲ ਪੂਰਾ ਕਰ ਸਕਦਾ ਹੈ, ਉਸ ਨੇ ਸੋਚਿਆ ਸੀ ਕਿ ਪਰਮੇਸ਼ਰ ਦੀ ਇੱਛਾ ਉਸ ਨੂੰ ਚੰਗੀ ਲੱਗਦੀ ਹੈ, ਪਰ ਹੁਣ ਉਸ ਨੂੰ ਪਤਾ ਲੱਗ ਰਿਹਾ ਹੈ ਕਿ ਪਰਮੇਸ਼ਰ ਦੀ ਇੱਛਾ ਉਸ ਨੂੰ ਹਰ ਵੇਲੇ ਚੰਗੀ ਨਹੀਂ ਲੱਗਦੀ। ਕਈ ਵਾਰ ਉਸ ਨੂੰ ਇਵੇਂ ਲੱਗਦਾ ਹੈ ਕਿ ਉਹ ਇਸ ਨੂੰ ਪੂਰਿਆਂ ਨਹੀਂ ਕਰਨਾ ਚਾਹੁੰਦਾ ਅਤੇ ਅਕਸਰ ਜਦੋਂ ਉਹ ਇਸ ਦੇ ਅਨੁਸਾਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਇਹ ਨਹੀਂ ਕਰ ਸਕਦਾ। ਫਿਰ ਨਿਰਾਸ਼ਾ ਆ ਜਾਂਦੀ ਹੈ ਅਤੇ ਉਹ ਪ੍ਰਭੂ ਦੇ ਪ੍ਰਤੀ ਆਪਣੇ ਸਮਰਪਣ 'ਤੇ ਸ਼ੱਕ ਕਰਨ ਲੱਗਦਾ ਹੈ। ਜਿੰਨਾ ਜਿਆਦਾ ਉਹ ਪਰਮੇਸ਼ਰ ਦੀ ਇੱਛਾ ਨੂੰ ਪੂਰਿਆਂ ਕਰਨ ਦੀ ਕੋਸ਼ਿਸ਼ ਕਰਦਾ ਹੈ ਉੰਨਾ ਜਿਆਦਾ ਉਹ ਅਸਫਲ ਹੁੰਦਾ ਹੈ, ਅਤੇ ਉਹ **ਰੋਮੀਆਂ 7:18-19** ਦੇ ਵਚਨਾਂ ਅਨੁਸਾਰ ਪੌਲੁਸ ਨਾਲ ਮਿਲ ਕੇ ਪੁਕਾਰਦਾ ਹੈ:

ਮੈਂ ਜਾਣਦਾ ਤਾਂ ਹਾਂ ਭਈ ਮੇਰੇ ਅੰਦਰ ਅਰਥਾਤ ਮੇਰੇ ਸਰੀਰ ਦੇ ਅੰਦਰ ਕੋਈ ਭਲੀ ਗੱਲ ਹੈ ਨਹੀਂ। ਇਰਾਦਾ ਕਰਨਾ ਤਾਂ ਮੇਰੇ ਅੰਦਰ ਹੈ ਪਰ ਭਲਾ ਕਰਨਾ ਹੈ ਨਹੀਂ। ਜਿਹੜੀ ਭਲਿਆਈ ਮੈਂ ਕਰਨਾ ਚਾਹੁੰਦਾ ਹਾਂ ਉਹ ਮੈਂ ਨਹੀਂ ਕਰਦਾ ਸਗੋਂ ਜਿਹੜੀ ਬੁਰਿਆਈ ਮੈਂ ਨਹੀਂ ਚਾਹੁੰਦਾ ਸੋਈ ਕਰਦਾ ਹਾਂ।

ਸਮੱਸਿਆ ਕੀ ਹੈ? **ਸਮੱਸਿਆ ਇਹ ਹੈ** ਕਿ ਪਰਮੇਸ਼ਰ ਨੂੰ ਪ੍ਰਸੰਨ ਕਰਨ ਲਈ ਅਸੀਂ ਆਪਣੇ ਆਪ ਨੂੰ ਪਰਮੇਸ਼ਰ ਦੀ ਬਿਵਸਥਾ ਦੇ ਅਧੀਨ ਕਰ ਦਿੱਤਾ ਹੈ। ਅਸੀਂ ਬਿਵਸਥਾ ਨੂੰ ਪੂਰਿਆਂ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਰੋਮੀਆਂ 7 ਅਧਿਆਏ ਰੋਮੀਆਂ 6:14 ਵਿਚਲੇ ਇਸ ਕਥਨ ਨੂੰ ਸਪਸ਼ਟ ਕਰਨ ਅਤੇ ਇਸ ਨੂੰ ਵਾਸਤਵਿਕ ਬਣਾਉਣ ਲਈ ਦਿੱਤਾ ਗਿਆ ਹੈ: ਕਿਉਂ ਜੋ ਤੁਹਾਡੇ ਉੱਤੇ ਪਾਪ ਦੀ ਵਾਹ ਨਾ ਚੱਲੇਗੀ ਇਸ ਲਈ ਜੋ ਤੁਸੀਂ ਸ਼ਰਾ ਦੇ ਹੇਠ ਨਹੀਂ ਸਗੋਂ ਕਿਰਪਾ ਦੇ ਹੇਠ ਹੋ।

ਕਿਰਪਾ ਦਾ ਅਰਥ ਹੈ ਪਰਮੇਸ਼ਰ ਵੱਲੋਂ **ਮੈਨੂੰ ਉਹ ਦੇਣਾ** ਜੋ ਮੇਰੇ ਕੋਲ ਨਹੀਂ ਹੈ। **ਪਰਮੇਸ਼ਰ ਵੱਲੋਂ ਮੇਰੇ ਲਈ ਉਹ ਕਰਨਾ** ਜੋ ਮੈਂ ਨਹੀਂ ਕਰ ਸਕਦਾ।

**ਬਿਵਸਥਾ ਦਾ ਅਰਥ ਹੈ** ਕਿ ਪਰਮੇਸ਼ਰ ਨੂੰ ਪ੍ਰਸੰਨ ਕਰਨ ਲਈ ਮੈਨੂੰ ਉਸ ਦੀਆਂ ਪਵਿੱਤਰ ਅਤੇ ਧਰਮੀ ਮੰਗਾਂ ਨੂੰ **ਪੂਰਿਆਂ ਕਰਨਾ ਜਰੂਰੀ ਹੈ**। ਮੈਂ ਕੋਸ਼ਿਸ਼ ਕਰਦਾ ਹਾਂ ਪਰ ਨਾਕਾਮ ਰਹਿੰਦਾ ਹਾਂ।

ਤਾਂ ਵੀ: ਤੁਸੀਂ ਸ਼ਰਾ (ਬਿਵਸਥਾ) ਦੇ ਨਹੀਂ, ਪਰ ਕਿਰਪਾ ਦੇ ਅਧੀਨ ਹੋ।

**ਅਸੀਂ ਬਿਵਸਥਾ ਤੋਂ ਛੁਡਾਏ ਗਏ ਹਾਂ**, ਉਹ ਮੈਥੋਂ ਇਹ ਮੰਗ ਨਹੀਂ ਕਰਦਾ ਕਿ ਮੈਂ ਬਿਵਸਥਾ ਨੂੰ ਪੂਰਿਆਂ ਕਰਾਂ, ਪਰ "ਕਿਰਪਾ ਦੇ ਕਾਰਨ" **ਉਹ** ਆਪ ਹੀ ਤੁਹਾਡੇ ਲਈ ਇਸ ਨੂੰ **ਪੂਰਿਆਂ ਕਰਦਾ** ਹੈ।

ਰੋਮੀਆਂ 7 ਵਿੱਚ ਜਿਸ ਸਮੱਸਿਆ ਬਾਰੇ ਗੱਲ ਕੀਤੀ ਗਈ ਹੈ ਉਹ ਇਹ ਹੈ ਕਿ ਮਨੁੱਖ ਆਪਣੇ ਸਰੀਰ ਵਿੱਚ ਪਰਮੇਸ਼ਰ ਵਾਸਤੇ ਕੁਝ ਕਰਨ ਦੀ ਕੋਸ਼ਿਸ਼ ਕਰਦਾ ਹੈ।

**ਸਮੱਸਿਆ ਬਿਵਸਥਾ ਦੀ ਨਹੀਂ ਹੈ (ਰੋਮੀਆਂ 7:12, 14, 16)।**

**ਸਮੱਸਿਆ ਇਹ ਹੈ ਕਿ ਮੇਰੀ ਦੇਹ ਨਿਰਬਲ**, ਸ਼ਕਤੀਹੀਣ ਅਤੇ "*ਪਾਪ ਨੂੰ ਵਿਕੀ*" ਹੋਈ ਹੈ, ਜਿਸ ਕਰਕੇ **ਇਹ ਪਰਮੇਸ਼ਰ ਨੂੰ ਪ੍ਰਸੰਨ ਕਰਨ ਲਈ ਕੁਝ ਵੀ ਨਹੀਂ ਕਰ ਸਕਦੀ**। ਬਿਵਸਥਾ ਦਾ ਅਸਲ ਉਦੇਸ਼ ਹੀ ਦੇਹ ਦੀ ਇਸ ਨਿਰਬਲਤਾ ਨੂੰ ਉਜਾਗਰ ਕਰਨਾ ਹੈ।

- ਰੋਮੀਆਂ 7:7-24

ਉਦਾਹਰਣ: ਨਿਕੰਮਾ ਦਾਸ
ਜਦੋਂ ਤਕ ਉਸ ਨੂੰ ਕੋਈ ਕੰਮ ਕਰਨ ਲਈ ਨਹੀਂ ਕਿਹਾ ਜਾਂਦਾ, ਉਦੋਂ ਤਕ ਕੋਈ ਸਮੱਸਿਆ ਨਹੀਂ ਹੈ। ਪਰ ਜਿਵੇਂ ਹੀ ਉਸ ਨੂੰ ਕੁਝ ਕਰਨ ਲਈ ਕਿਹਾ ਜਾਂਦਾ ਹੈ ਸਮੱਸਿਆ ਸ਼ੁਰੂ ਹੋ ਜਾਂਦੀ ਹੈ। ਉਸਦੀ ਅਯੋਗਤਾ ਉਜਾਗਰ ਹੋ ਜਾਂਦੀ ਹੈ। ਬਿਵਸਥਾ ਸਾਡੀ ਨਿਰਬਲਤਾ ਜਾਂ ਅਯੋਗਤਾ ਨੂੰ ਉਜਾਗਰ ਕਰਦੀ ਹੈ।

ਪ੍ਰਭੂ ਜਾਣਦਾ ਹੈ ਕਿ ਮੈਂ ਬਿਵਸਥਾ ਦੀਆਂ ਮੰਗਾਂ ਨੂੰ ਪੂਰਿਆਂ ਨਹੀਂ ਕਰ ਸਕਦਾ। ਪਰ ਸਮੱਸਿਆ ਇਹ ਹੈ: **ਮੈਂ ਇਹ ਨਹੀਂ ਜਾਣਦਾ**। ਮੈਂ ਸੋਚਦਾ ਹਾਂ ਕਿ ਮੈਂ ਇਹ ਕਰ ਸਕਦਾ ਹਾਂ। ਸਾਨੂੰ ਉਸ ਥਾਂ 'ਤੇ ਆਉਣਾ **ਜਰੂਰੀ ਹੈ** ਜਿੱਥੇ ਸਾਨੂੰ ਆਪਣੀ **ਸਾਰੀ ਅਯੋਗਤਾ** ਅਤੇ **ਲਾਚਾਰੀ** ਦਾ ਅਹਿਸਾਸ ਹੋ ਸਕੇ।
**ਰੋਮੀਆਂ 7:7-11** ਵਿੱਚ ਪੌਲੁਸ ਨੇ ਇਸ ਸੱਚਾਈ ਦਾ ਪਤਾ ਲਗਾਇਆ।

ਅਸੀਂ ਇੰਨੇ ਪਾਪੀ, ਮੰਦੇ, ਬੁਰੇ ਅਤੇ ਭੁਲੇਖੇ ਵਿੱਚ ਹਾਂ ਕਿ ਅਸੀਂ ਸੋਚਦੇ ਹਾਂ ਕਿ ਅਸੀਂ ਇਸ ਨੂੰ ਕਰ ਸਕਦੇ ਹਾਂ। ਬਿਵਸਥਾ ਸਾਡੇ ਅਸਲੀ ਸੁਭਾਅ ਨੂੰ ਉਜਾਗਰ ਕਰਨ ਵਾਸਤੇ ਦਿੱਤੀ ਗਈ ਸੀ। ਅਸੀਂ ਇੰਨੇ ਭੁਲੇਖੇ ਵਿੱਚ ਹਾਂ ਅਤੇ ਆਪਣੇ ਆਪ ਨੂੰ ਇੰਨਾ ਮਜਬੂਤ ਅਤੇ ਕਾਬਲ ਸਮਝਦੇ ਹਾਂ ਕਿ ਪਰਮੇਸ਼ਰ ਨੂੰ ਸਾਨੂੰ ਦੱਸਣਾ ਪੈਂਦਾ ਹੈ ਕਿ ਅਸੀਂ ਕੀ ਹਾਂ ਅਤੇ ਅਸੀਂ ਬਿਵਸਥਾ ਨੂੰ ਪੂਰਾ ਨਹੀਂ ਕਰ ਸਕਦੇ ਅਤੇ ਸਾਨੂੰ ਇਕ ਮੁਕਤੀਦਾਤੇ ਦੀ ਲੋੜ ਹੈ। ਸ਼ਰਾ ਇਸ ਕਰਕੇ ਆਈ ਭਈ ਅਪਰਾਧ ਬਾਹਲਾ ਹੋਵੇ…ਰੋਮੀਆਂ 5:20-21

ਬਿਵਸਥਾ ਇਸ ਆਸ ਨਾਲ ਨਹੀਂ ਦਿੱਤੀ ਗਈ ਕਿ ਅਸੀਂ ਇਸ ਨੂੰ ਪੂਰਾ ਕਰਾਂਗੇ। ਇਸ ਨੂੰ ਦਿੱਤੇ ਜਾਣ ਸਮੇਂ ਇਹ ਬਿਲਕੁਲ ਸਪਸ਼ਟ ਸੀ ਕਿ ਅਸੀਂ ਇਸ ਦੀ ਉਲੰਘਣਾ ਕਰਾਂਗੇ; ਅਤੇ ਜਦੋਂ ਸਾਨੂੰ ਆਪਣੀ ਵੱਡੀ ਜਰੂਰਤ ਦਾ ਅਹਿਸਾਸ ਹੋ ਜਾਂਦਾ ਹੈ ਤਾਂ ਬਿਵਸਥਾ ਦਾ ਉਦੇਸ਼ ਪੂਰਾ ਹੋ ਜਾਂਦਾ ਹੈ। ਬਿਵਸਥਾ ਸਾਨੂੰ ਮਸੀਹ ਤਕ ਲਿਆਉਣ ਲਈ ਇਕ ਸਿੱਖਿਅਕ ਦਾ ਕੰਮ ਕਰਦੀ ਆਈ ਹੈ, ਕਿ ਮਸੀਹ ਇਸ ਨੂੰ ਖੁਦ ਸਾਡੇ ਅੰਦਰ ਪੂਰਿਆਂ ਕਰੇ। **ਗਲਾਤੀਆਂ 3:24**।

ਬਿਵਸਥਾ ਤੋਂ **ਸੁਤੰਤਰ ਹੋਣ ਦਾ ਤਰੀਕਾ ਰੋਮੀਆਂ 7:1-4** ਵਿੱਚ ਦੱਸਿਆ ਗਿਆ ਹੈ। "ਪਹਿਲਾ ਪਤੀ" ਬਿਵਸਥਾ ਹੈ। ਇਹ ਵੱਡੀਆਂ-ਵੱਡੀਆਂ ਮੰਗਾਂ ਰੱਖਦਾ ਹੈ ਪਰ ਮਦਦ ਕਰਨ ਲਈ ਉਂਗਲ ਵੀ ਨਹੀਂ ਹਿਲਾਉਂਦਾ। ਤੁਸੀਂ ਉਹ "ਪਤਨੀ" ਹੋ ਜੋ ਇਸ ਦੀਆਂ ਮੰਗਾਂ ਨੂੰ ਕਦੇ ਪੂਰਿਆਂ ਨਹੀਂ ਕਰ ਸਕਦੀ। "ਦੂਸਰਾ ਪਤੀ" ਮਸੀਹ ਹੈ। ਉਸ ਦੀਆਂ ਮੰਗਾਂ ਵੀ ਉਸੇ ਤਰ੍ਹਾਂ ਦੀਆਂ ਹਨ, ਬਲਕਿ ਉਸ ਤੋਂ ਵੀ ਵੱਧ ਕੇ ਹਨ (ਮੱਤੀ 5:21-48)। ਪਰ ਜੋ ਮੰਗ ਉਹ ਸਾਡੇ ਤੋਂ ਕਰਦਾ ਹੈ, **ਸਾਡੇ ਲਈ ਆਪ ਹੀ ਇਸ ਨੂੰ ਪੂਰਿਆਂ ਵੀ ਕਰਦਾ ਹੈ** ਜਾਂ ਇਸ ਨੂੰ ਆਪਣੀ ਸਮਰੱਥਾ ਦੁਆਰਾ ਸਾਡੇ ਅੰਦਰ ਪੂਰਿਆਂ ਕਰਦਾ ਹੈ।

ਪਤਨੀ ਦੇ ਛੁਟਕਾਰੇ ਦੀ ਇੱਕੋ ਇੱਕ ਆਸ ਹੈ ਉਸਦੇ ਪਹਿਲੇ ਪਤੀ ਦੀ ਮੌਤ। ਪਰ ਉਸ ਦੀ ਮੌਤ ਦੀ ਕੋਈ ਆਸ ਹੀ ਨਹੀਂ ਹੈ: **ਮੱਤੀ 5:18** ਕਿਉਂ ਜੋ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜਿੰਨਾ ਚਿਰ ਅਕਾਸ਼ ਅਤੇ ਧਰਤੀ ਟਲ ਨਾ ਜਾਣ ਇੱਕ ਅੱਖਰ ਯਾ ਇੱਕ ਬਿੰਦੀ ਵੀ ਤੁਰੇਤ ਦੀ ਨਾ ਟਲੇਗੀ ਜਦ ਤੀਕ ਸਭ ਕੁਝ ਪੂਰਾ ਨਾ ਹੋਵੇ। ਜੇਕਰ ਬਿਵਸਥਾ ਕਦੇ ਖ਼ਤਮ ਨਹੀਂ ਹੋਵੇਗੀ ਤਾਂ ਇਸ ਤੋਂ ਛੁਟਕਾਰੇ ਦਾ ਇੱਕੋ ਇੱਕ ਤਰੀਕਾ ਹੈ – **ਮੈਂ ਮਰ ਜਾਵਾਂ** ਅਤੇ ਵਿਆਹ ਦਾ ਅੰਤ ਹੋ ਜਾਵੇ। ਪਰਮੇਸ਼ਰ ਦਾ ਬਿਵਸਥਾ ਤੋਂ ਛੁਡਾਉਣ ਦਾ ਬਿਲਕੁਲ ਇਹੋ ਤਰੀਕਾ ਹੈ, **ਰੋਮੀਆਂ 7:4**।

ਬਿਵਸਥਾ ਕਦੇ ਨਹੀਂ ਮਰੇਗੀ, ਪਰਮੇਸ਼ਰ ਦੀਆਂ ਧਰਮੀ ਮੰਗਾਂ ਹਮੇਸ਼ਾ ਲਈ ਹਨ, ਸੋ **ਜੇਕਰ ਮੈਂ ਜੀਉਂਦਾ ਹਾਂ** ਤਾਂ ਮੈਨੂੰ ਉਨ੍ਹਾਂ ਮੰਗਾਂ ਨੂੰ ਪੂਰਿਆਂ ਕਰਨਾ ਜਰੂਰੀ ਹੈ; ਪਰ **ਜੇਕਰ ਮੈਂ ਮਰ ਜਾਂਦਾ ਹਾਂ** ਤਾਂ ਬਿਵਸਥਾ ਦਾ ਮੇਰੇ ਉੱਤੇ ਕੋਈ ਹੱਕ ਨਹੀਂ ਰਹਿ ਜਾਂਦਾ।

"*ਮਸੀਹ ਵਿੱਚ*" **ਮੇਰੀ ਮੌਤ ਮੈਨੂੰ ਪਾਪ ਦੀ ਸ਼ਕਤੀ** ਤੋਂ ਅਤੇ **ਬਿਵਸਥਾ ਦੀਆਂ ਮੰਗਾਂ** ਤੋਂ **ਸੁਤੰਤਰ ਕਰਦੀ ਹੈ**। ਪਾਪ ਹਾਲੇ ਵੀ ਜੀਉਂਦਾ ਹੈ ਅਤੇ ਮੈਨੂੰ ਬੁਲਾਉਂਦਾ ਹੈ ਪਰ ਉਸ ਨੂੰ ਕੋਈ ਉੱਤਰ ਨਹੀਂ ਮਿਲਦਾ ਕਿਉਂਕਿ ਮੈਂ ਉਸ ਲਈ ਮਰ ਚੁੱਕਾ ਹਾਂ। ਬਿਵਸਥਾ ਲਗਾਤਾਰ ਮੇਰੇ ਤੋਂ ਮੰਗ ਕਰਦੀ ਰਹਿੰਦੀ ਹੈ ਪਰ ਮੈਂ ਉੱਤਰ ਨਹੀਂ ਦੇ ਸਕਦਾ, ਕਿਉਂਕਿ **ਮੈਂ ਮਰ ਚੁੱਕਾ ਹਾਂ**।

ਮਰ ਕੇ ਅਤੇ ਆਪਣੇ ਪੁਰਾਣੇ ਪਤੀ ਤੋਂ ਛੁਡਾਏ ਜਾ ਕੇ, ਜਿਹੜਾ ਬਹੁਤ ਮੰਗਾਂ ਰੱਖਦਾ ਸੀ ਪਰ ਕਦੇ ਸਾਡੀ ਮਦਦ ਨਹੀਂ ਸੀ ਕਰਦਾ, ਹੁਣ ਅਸੀਂ ਆਪਣੇ ਨਵੇਂ ਪਤੀ ਨਾਲ ਵਿਆਹੇ ਜਾਣ ਲਈ ਸੁਤੰਤਰ ਹਾਂ ਜਿਹੜਾ ਸਾਡੇ ਲਈ ਸਭ ਕੁਝ ਆਪੇ ਕਰਦਾ ਹੈ।

ਰੋਮੀਆਂ 7:4 ਸੋ ਮੇਰਿਓ ਭਰਾਵੋ ਤੁਸੀਂ ਵੀ ਮਸੀਹ ਦੀ ਦੇਹੀ ਦੇ ਵਸੀਲੇ ਨਾਲ ਸ਼ਰਾ ਦੇ ਸਰਬੰਧੋਂ ਮਰ ਗਏ ਭਈ ਤੁਸੀਂ ਦੂਏ ਦੇ ਹੋ ਜਾਓ ਅਰਥਾਤ ਉਹ ਦੇ ਜਿਹੜਾ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਾਂ ਜੋ ਅਸੀਂ ਪਰਮੇਸ਼ੁਰ ਦੇ ਲਈ ਫਲ ਦੇਈਏ।

ਇਹ ਨਵੇਂ ਵਿਆਹ ਦਾ ਉਦੇਸ਼ ਕੀ ਹੈ? ਤਾਂ ਜੋ ਅਸੀਂ ਪਰਮੇਸ਼ੁਰ ਦੇ ਲਈ ਫਲ ਦੇਈਏ। ਮਸੀਹ ਦੀ ਦੇਹ ਦੇ ਦੁਆਰਾ ਉਹ ਬੇਸਮਝ ਪਾਪੀ ਔਰਤ ਮਰ ਚੁੱਕੀ ਹੈ, ਪਰ ਮੌਤ ਰਾਹੀਂ ਮਸੀਹ ਨਾਲ ਵਿਆਹੇ ਜਾ ਕੇ ਪੁਨਰਉੱਥਾਨ ਵਿੱਚ ਵੀ ਉਸਦਾ ਮੇਲ ਮਸੀਹ ਨਾਲ ਹੋ ਗਿਆ ਹੈ, ਅਤੇ ਇਸੇ **ਪੁਨਰਉੱਥਾਨ ਦੇ ਜੀਵਨ ਦੀ ਸ਼ਕਤੀ** ਦੁਆਰਾ ਉਹ ਪਰਮੇਸ਼ਰ ਲਈ ਫਲ ਦੇਂਦੀ ਹੈ। **ਤੁਹਾਡੇ ਅੰਦਰ ਪ੍ਰਭੂ ਦਾ ਜੀ ਉੱਠਿਆ ਜੀਵਨ ਤੁਹਾਨੂੰ ਉਨ੍ਹਾਂ ਸਾਰੀਆਂ ਮੰਗਾਂ ਨੂੰ ਪੂਰਿਆਂ ਕਰਨ ਦੇ ਯੋਗ ਬਣਾਉਂਦਾ ਹੈ ਜੋ ਪਰਮੇਸ਼ਰ ਦੀ ਪਵਿੱਤਰਤਾ ਤੁਹਾਡੇ ਤੋਂ ਕਰਦੀ ਹੈ**। ਪਰਮੇਸ਼ਰ ਦੀ ਬਿਵਸਥਾ ਰੱਦ ਨਹੀਂ ਕੀਤੀ ਗਈ; ਬਲਕਿ ਇਹ ਸਿੱਧ ਤਰੀਕੇ ਨਾਲ ਪੂਰੀ ਕੀਤੀ ਗਈ ਹੈ, ਕਿਉਂਕਿ ਜੀ ਉੱਠਿਆ ਮਸੀਹ ਆਪਣਾ ਜੀਵਨ ਹੁਣ **ਤੁਹਾਡੇ ਵਿੱਚ** ਜੀਉਂਦਾ ਹੈ ਅਤੇ ਉਸਦਾ ਜੀਵਨ ਹਮੇਸ਼ਾ ਪਿਤਾ ਨੂੰ ਬੇਹੱਦ ਪ੍ਰਸੰਨ ਕਰਦਾ ਹੈ।

ਮੱਤੀ 5:17 ਇਹ ਨਾ ਸਮਝੋ ਭਈ ਮੈਂ ਤੁਰੇਤ ਯਾ ਨਬੀਆਂ ਨੂੰ ਖੰਡਣ ਆਇਆ ਹਾਂ। ਮੈਂ ਖੰਡਣ ਨਹੀਂ ਸਗੋਂ ਪੂਰਿਆਂ ਕਰਨ ਨੂੰ ਆਇਆ ਹਾਂ।

ਫਿਲਿੱਪੀਆਂ 2:12-13 ਇਸ ਲਈ, ਹੇ ਮੇਰੇ ਪਿਆਰਿਓ, ਜਿਵੇਂ ਤੁਸਾਂ ਸਦਾ ਆਗਿਆਕਾਰੀ ਕੀਤੀ ਨਿਰੇ ਮੇਰੇ ਹੁੰਦਿਆਂ ਨਹੀਂ ਸਗੋਂ ਹੁਣ ਬਹੁਤ ਵਧੀਕ ਮੇਰੇ ਪਰੋਖੇ ਹੁੰਦਿਆਂ ਤੁਸੀਂ ਡਰਦੇ ਅਤੇ ਕੰਬਦੇ ਹੋਏ ਆਪਣੀ ਮੁਕਤੀ ਦਾ ਕੰਮ ਨਿਬਾਹੋ। ਕਿਉਂ ਜੋ **ਪਰਮੇਸ਼ਰ ਹੀ ਹੈ** ਜਿਹੜਾ **ਤੁਹਾਡੇ ਵਿੱਚ** ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ **ਪੂਰਾ ਕਰਨ ਲਈ** ਪੈਦਾ ਕਰਦਾ ਹੈ।

ਬਿਵਸਥਾ ਤੋਂ ਸੁਤੰਤਰ ਹੋਣ ਦਾ ਅਰਥ ਇਹ ਨਹੀਂ ਹੈ ਕਿ ਅਸੀਂ ਪਰਮੇਸ਼ਰ ਦੀ ਇੱਛਾ ਨੂੰ ਪੂਰਾ ਕਰਨ ਤੋਂ ਛੁੱਟ ਗਏ ਹਾਂ ਜਾਂ ਅਸੀਂ ਬੇਨਿਯਮੇ ਹੋ ਜਾਈਏ, ਪਰ ਇਸਦਾ ਅਰਥ ਇਹ ਹੈ ਕਿ ਹੁਣ ਮਸੀਹ ਸਾਡੇ ਵਿੱਚ ਜੀ ਸਕਦਾ ਹੈ ਅਤੇ ਸਾਡੇ ਪਿਤਾ ਨੂੰ ਪ੍ਰਸੰਨ ਕਰ ਸਕਦਾ ਹੈ।

ਉਦਾਹਰਣ:

ਏਸ਼ੀਆ ਦੇ ਕਈ ਖੇਤਰਾਂ ਵਿੱਚ ਬਹੁਤ ਸਾਰੇ ਮਜ਼ਦੂਰ ਆਪਣੀ ਪਿੱਠ ’ਤੇ ਵੱਡੇ-ਵੱਡੇ ਭਾਰ ਢੋਂਹਦੇ ਹਨ। ਉਨ੍ਹਾਂ ਇੱਕ ਰੱਸੀ ਨੂੰ ਇਸ ਭਾਰ ਦੁਆਲੇ ਅਤੇ ਦੂਸਰੇ ਪਾਸਿਓਂ ਇਸ ਨੂੰ ਆਪਣੇ ਮੱਥੇ ਦੁਆਲੇ ਵਲ੍ਹੇਟਿਆ ਹੁੰਦਾ ਹੈ। ਕਈ ਭਾਰ ਅਜਿਹੇ ਹੁੰਦੇ ਹਨ ਕਿ ਉਨ੍ਹਾਂ ਨੂੰ ਚੁੱਕਣਾ ਬਹੁਤ ਕਠਿਨ ਹੁੰਦਾ ਹੈ, ਪਰ ਤਾਂ ਵੀ ਕੁਝ ਲੋਕ ਚੁੱਕਣ ਦੀ ਕੋਸ਼ਿਸ਼ ਜਰੂਰ ਕਰਨਾ ਚਾਹੁੰਦੇ ਹਨ। ਹਾਲਾਂਕਿ ਉਹ ਇਸ ਨੂੰ ਚੁੱਕ ਨਹੀਂ ਸਕਦੇ, ਤਾਂ ਵੀ ਉਹ ਕੋਸ਼ਿਸ਼ ਜਰੂਰ ਕਰਦੇ ਹਨ। ਆਖਰਕਾਰ ਉਹ ਸਾਰੇ ਪਿਛਾਂਹ ਹਟ ਜਾਂਦੇ ਹਨ ਅਤੇ ਕਿਸੇ ਜਿਆਦਾ ਤਾਕਤਵਰ ਵਿਅਕਤੀ ਨੂੰ ਇਸ ਭਾਰ ਨੂੰ ਚੁੱਕਣ ਦਿੰਦੇ ਹਨ।

ਕੇਵਲ ਯਿਸੂ ਹੀ ਹੈ ਜੋ ਪਰਮੇਸ਼ਰ ਦੀ ਬਿਵਸਥਾ ਦੇ ਭਾਰ ਨੂੰ ਚੁੱਕ ਸਕਦਾ ਹੈ। ਸਾਨੂੰ ਪਿਛਾਂਹ ਹਟ ਜਾਣਾ ਚਾਹੀਦਾ ਹੈ ਅਤੇ ਉਸੇ ਨੂੰ ਇਸ ਭਾਰ ਨੂੰ ਚੁੱਕਣ ਦੇਣਾ ਚਾਹੀਦਾ ਹੈ।

ਉਦਾਹਰਣ:

ਇਕ ਵਿਅਕਤੀ ਨਦੀ ਵਿੱਚ ਡੁੱਬ ਰਿਹਾ ਸੀ ਅਤੇ ਉਹ ਅਤੇ ਉਸ ਦੇ ਦੋਸਤ ਕਿਨਾਰੇ ’ਤੇ ਖੜ੍ਹੇ ਇੱਕ ਵਿਅਕਤੀ ਨੂੰ ਅਵਾਜ਼ਾਂ ਮਾਰ ਰਹੇ ਸਨ ਜੋ ਕਿ ਇੱਕ ਬਹੁਤ ਚੰਗਾ ਤੈਰਾਕ ਸੀ ਅਤੇ ਉਸ ਆਦਮੀ ਨੂੰ ਬਚਾ ਸਕਦਾ ਸੀ। ਪਰ ਉਹ ਮਾਹਰ ਤੈਰਾਕ ਕਿਨਾਰੇ ਖੜ੍ਹਾ-ਖੜ੍ਹਾ ਸਭ ਵੇਖ ਰਿਹਾ ਸੀ। ਹਰ ਕਿਸੇ ਨੂੰ ਉਸ ਉੱਤੇ ਬਹੁਤ ਗੁੱਸਾ ਆ ਰਿਹਾ ਸੀ ਅਤੇ ਸਭ ਸੋਚ ਰਹੇ ਸਨ ਕਿ ਉਹ ਉਸ ਡੁੱਬਦੇ ਹੋਏ ਵਿਅਕਤੀ ਨੂੰ ਬਚਾ ਕਿਉਂ ਨਹੀਂ ਰਿਹਾ। ਪਰ ਜਦੋਂ ਉਹ ਡੁੱਬਦਾ ਹੋਇਆ ਵਿਅਕਤੀ ਹੱਥ ਪੈਰ ਮਾਰਦਾ-ਮਾਰਦਾ ਥੱਕ ਗਿਆ ਅਤੇ ਡੁੱਬਣ ਹੀ ਵਾਲਾ ਸੀ ਤਾਂ ਉਸ ਮਾਹਰ ਤੈਰਾਕ ਨੇ ਉਸ ਨੂੰ ਡੁੱਬਣ ਤੋਂ ਬਚਾ ਲਿਆ ਅਤੇ ਉਸ ਨੂੰ ਕੰਢੇ ’ਤੇ ਲੈ ਆਇਆ। ਜਦੋਂ ਗੁੱਸੇ ਨਾਲ ਭਰੀ ਭੀੜ ਨੇ ਉਸ ਨੂੰ ਪੁੱਛਿਆ ਕਿ ਉਸ ਨੇ ਪਹਿਲਾਂ ਹੀ ਉਸ ਵਿਅਕਤੀ ਨੂੰ ਕਿਉਂ ਨਹੀਂ ਬਚਾਇਆ ਅਤੇ ਇੰਨੀ ਦੇਰ ਤਕ ਕਿਉਂ ਰੁਕਿਆ ਰਿਹਾ, ਤਾਂ ਉਸ ਤੈਰਾਕ ਨੇ ਉੱਤਰ ਦਿੱਤਾ: “ਜੇਕਰ ਮੈਂ ਪਹਿਲਾਂ ਪਾਣੀ ਵਿੱਚ ਜਾ ਕੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਤਾਂ ਉਸ ਨੇ ਮੈਨੂੰ ਇੰਨਾ ਕੱਸ ਕੇ ਫੜਨਾ ਸੀ ਕਿ ਅਸੀਂ ਦੋਵੇਂ ਹੀ ਡੁੱਬ ਜਾਂਦੇ।” ਕਿਸੇ ਡੁੱਬਦੇ ਹੋਏ ਵਿਅਕਤੀ ਨੂੰ ਉਦੋਂ ਤਕ ਨਹੀਂ ਬਚਾਇਆ ਜਾ ਸਕਦਾ ਜਦੋਂ ਤੀਕ ਉਹ ਪੂਰੀ ਤਰ੍ਹਾਂ ਥੱਕ ਨਹੀਂ ਜਾਂਦਾ ਅਤੇ ਆਪਣੇ ਆਪ ਨੂੰ ਬਚਾਉਣ ਦੀ ਥੋੜੀ ਜਿਹੀ ਕੋਸ਼ਿਸ਼ ਕਰਨਾ ਵੀ ਬੰਦ ਨਹੀਂ ਕਰਦਾ।

ਪ੍ਰਭੂ ਨੂੰ ਪੁਕਾਰਨ ਲਈ, ਪੂਰੀ ਤਰ੍ਹਾਂ ਨਾਲ ਉਸ ’ਤੇ ਨਿਰਭਰ ਹੋਣ ਲਈ ਅਤੇ ਬਿਵਸਥਾ ਨੂੰ ਆਪੇ ਪੂਰਾ ਕਰਨ ਦੀ ਕੋਸ਼ਿਸ਼ ਕਰਨਾ ਛੱਡਣ ਲਈ, ਸਾਨੂੰ ਇਹ ਮੰਨਦੇ ਹੋਏ ਕਿ ਅਸੀਂ ਇਹ ਨਹੀਂ ਕਰ ਸਕਦੇ ਆਪਣੀ ਸਾਰੀ ਊਰਜਾ ਅਤੇ ਯੋਗਤਾਵਾਂ ਨੂੰ ਖਰਚ ਕਰਨਾ ਜਰੂਰੀ ਹੈ। ਫਿਰ ਉਹ ਸਾਨੂੰ ਬਚਾਵੇਗਾ।

ਮੈਂ ਉਸਦੇ ਜੀਵਨ ਦੇ ਦੁਆਰਾ ਬਚਾਇਆ ਜਾ ਰਿਹਾ ਹਾਂ

## 3. ਆਤਮਾ ਵਿੱਚ ਚੱਲਦੇ ਹੋਏ ਰੋਮੀਆਂ 8

ਰੋਮੀਆਂ 8:1-2 ਸੋ **ਹੁਣ** ਉਹਨਾਂ ਲਈ ਜਿਹੜੇ ਮਸੀਹ ਯਿਸੂ ਵਿੱਚ ਹਨ **ਸਜ਼ਾ ਦਾ ਹੁਕਮ ਨਹੀਂ** ਹੈ। ਕਿਉਂਕਿ ਜੀਵਨ ਦੇ ਆਤਮਾ ਦੀ ਸ਼ਰਾ ਨੇ ਮਸੀਹ ਯਿਸੂ ਵਿੱਚ ਮੈਨੂੰ ਪਾਪ ਅਤੇ ਮੌਤ ਦੀ ਸ਼ਰਾ ਤੋਂ **ਛੁਡਾ ਦਿੱਤਾ** (ਇਕ ਸੰਪੂਰਣ ਅਤੇ ਮੁਕੰਮਲ ਤੱਥ)।

ਹੁਣ ਕੋਈ ਸਜ਼ਾ ਦਾ ਹੁਕਮ ਨਹੀਂ ਹੈ ਕਿਉਂਕਿ ਯਿਸੂ ਮਸੀਹ ਦੇ **ਲਹੂ** ਨੇ ਸਾਡੇ ਪਾਪ **ਮਾਫ਼ ਕਰ ਦਿੱਤੇ** ਹਨ, ਪਰ ਇਥੇ ਇਕ ਹੋਰ ਮਤਲਬ ਵੀ ਹੈ:

ਮੈਂ ਅੱਗੇ ਤੋਂ ਆਪਣੇ ਆਪ ਨੂੰ ਦੋਸ਼ੀ ਨਹੀਂ ਠਹਿਰਾਉਂਦਾ ਕਿਉਂਕਿ:

ਮੈਂ ਜਾਣ ਲਿਆ ਹੈ ਕਿ ਹੁਣ ਤੋਂ ਮੈਂ ਨਹੀਂ ਜੀਉਂਦਾ ਅਤੇ ਸਗੋਂ:

**ਮਸੀਹ ਮੇਰੇ ਅੰਦਰ ਆਪਣਾ ਜੀਵਨ ਜੀਉਂਦਾ ਹੈ।**

**ਰੋਮੀਆਂ 6 ਅਤੇ 7** ਅਧਿਆਏ ਵਿਚਲੇ ਸੱਚ ਨੂੰ ਜਾਣਨ ਤੋਂ ਪਹਿਲਾਂ ਮੈਂ ਲਗਾਤਾਰ ਹਾਰ ਨਾਲ ਜੂਝ ਰਿਹਾ ਸਾਂ। ਮੈਂ ਹਰ ਸਮੇਂ ਇਹੋ ਪੁਕਾਰਦਾ ਸਾਂ: '*ਮੈਂ ਇਹ ਨਹੀਂ ਕਰ ਸਕਦਾ!*' ਮੈਂ ਜਾਣ ਲਿਆ ਕਿ ਭਾਵੇਂ ਮੈਂ ਕਿੰਨੀ ਵੀ ਕੋਸ਼ਿਸ਼ ਕਰ ਲਵਾਂ ਮੈਂ "ਪਰਮੇਸ਼ਰ ਨੂੰ ਪ੍ਰਸੰਨ ਨਹੀਂ ਕਰ ਸਕਦਾ।"

**ਰੋਮੀਆਂ 8:8**।

ਪਰ ਜਦੋਂ ਮਸੀਹ ਮੇਰੇ ਅੰਦਰ ਜੀਉਂਦਾ ਹੈ ਤਾਂ **ਮਸੀਹ ਵਿੱਚ "ਮੈਂ ਨਹੀਂ ਕਰ ਸਕਦਾ" ਨਹੀਂ ਹੈ।**

ਹੁਣ ਇਹ ਇਸ ਤਰ੍ਹਾਂ ਹੈ:

ਉਹ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ **ਮੈਂ ਸੱਭੋ ਕੁਝ ਕਰ ਸਕਦਾ ਹਾਂ।**

ਫਿਲਿੱਪੀਆਂ 4:13

ਕਿਉਂ? ਕਿਵੇਂ? ਕਿਉਂਕਿ: *ਸੋ ਹੁਣ ਓਹਨਾਂ ਲਈ ਜਿਹੜੇ ਮਸੀਹ ਯਿਸੂ ਵਿੱਚ ਹਨ ਸਜ਼ਾ ਦਾ ਹੁਕਮ ਨਹੀਂ ਹੈ। ਕਿਉਂਕਿ ਜੀਵਨ ਦੇ ਆਤਮਾ ਦੀ ਸ਼ਰਾ ਨੇ ਮਸੀਹ ਯਿਸੂ ਵਿੱਚ ਮੈਨੂੰ ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ।*

"**ਜੀਵਨ ਦੀ ਬਿਵਸਥਾ**" "**ਪਾਪ ਅਤੇ ਮੌਤ ਦੀ ਬਿਵਸਥਾ**" ਤੋਂ ਵੱਡੀ ਹੈ। ਇਸੇ ਕਰਕੇ ਹੁਣ ਕੋਈ ਸਜ਼ਾ ਦਾ ਹੁਕਮ ਨਹੀਂ ਹੈ।

ਉਦਾਹਰਣ:

ਜਦੋਂ ਮੈਂ ਇਕ ਸੇਬ ਨੂੰ ਆਪਣੇ ਹੱਥੋਂ ਛੱਡਦਾ ਹਾਂ ਤਾਂ ਧਰਤੀ ਦੇ ਗੁਰੂਤਾ ਦੇ ਨਿਯਮ ਕਰਕੇ ਇਹ ਹਮੇਸ਼ਾ ਹੇਠਾਂ ਹੀ ਡਿੱਗੇਗਾ। ਪਰ ਜੇਕਰ ਮੈਂ ਇਸ ਨੂੰ ਆਪਣੇ ਹੱਥੋਂ ਨਹੀਂ ਛੱਡਦਾ ਤਾਂ ਇਕ ਵੱਡੀ ਸ਼ਕਤੀ ਗੁਰੂਤਾ ਦੇ ਨਿਯਮ 'ਤੇ ਭਾਰੂ ਹੋ ਜਾਂਦੀ ਹੈ।

ਇਕ ਛੋਟਾ ਜਿਹਾ ਬੀਜ ਇਕ ਵੱਡੇ ਸਾਰੇ ਪੱਥਰ ਵਿੱਚ ਬਣੀ ਛੋਟੀ ਜਿਹੀ ਦਰਾਰ ਵਿੱਚ ਡਿੱਗਦਾ ਹੈ। ਜਦੋਂ ਇਹ ਬੀਜ ਪੁੰਗਰਦਾ ਹੈ ਤਾਂ ਇਹ ਉਸ ਸਖ਼ਤ ਪੱਥਰ ਨੂੰ ਚੀਰ ਕੇ ਬਾਹਰ ਆ ਜਾਂਦਾ ਹੈ। "**ਜੀਵਨ ਦਾ ਨਿਯਮ**" ਸਖ਼ਤਾਈ ਦੇ ਨਿਯਮ ਉੱਤੇ ਭਾਰੂ ਹੋ ਜਾਂਦਾ ਹੈ।

ਇਸੇ ਤਰ੍ਹਾਂ ਪਰਮੇਸ਼ਰ ਵੀ ਸਾਨੂੰ ਪਹਿਲੇ ਨਿਯਮ ਤੋਂ ਛੁਡਾਉਣ ਲਈ ਕੋਈ ਦੂਸਰਾ ਨਿਯਮ ਲਿਆਉਂਦਾ ਹੈ ਜੋ ਪਹਿਲੇ ਨਿਯਮ ਤੋਂ ਵਧੀਕ ਸ਼ਕਤੀਸ਼ਾਲੀ ਹੁੰਦਾ ਹੈ। ***ਪਾਪ ਅਤੇ ਮੌਤ ਦਾ ਨਿਯਮ*** ਤਾਂ ਹਮੇਸ਼ਾ ਹੈ ਪਰ ***ਮਸੀਹ ਯਿਸੂ ਵਿੱਚ ਜੀਵਨ ਦੇ ਆਤਮਾ ਦਾ ਨਿਯਮ*** ਇਕ ਜਿਆਦਾ ਵੱਡੀ ਅਤੇ ਜਿੱਤ ਦੇਣ ਵਾਲੀ ਸ਼ਕਤੀ ਹੈ।

ਮਸੀਹ ਯਿਸੂ ਦੀ ਪੁਨਰਉੱਥਾਨ ਦੇ ਜੀਵਨ ਦੀ ਸ਼ਕਤੀ ਨੇ ਪਾਪ ਅਤੇ ਮੌਤ ਨੂੰ ਮਿਲ ਕੇ ਇਸ ਉੱਤੇ ਜਿੱਤ ਪਾ ਲਈ ਹੈ। (ਅਫ਼ਸੀਆਂ 1:19-20)।

1 ਪਤਰਸ 1:5 ਜਿਹੜੇ ਨਿਹਚਾ ਦੇ ਰਾਹੀਂ ਪਰਮੇਸ਼ੁਰ ਦੀ ਸਮਰੱਥਾ ਨਾਲ ਓਸ ਮੁਕਤੀ ਨੂੰ ਪਰਾਪਤ ਹੋਣ ਲਈ ਜੋ ਅੰਤ ਦੇ ਸਮੇਂ ਪਰਗਟ ਹੋਣ ਵਾਲੀ ਹੈ ਬਚਾਏ ਰਹਿੰਦੇ ਹੋ।

ਇਸ ਤੋਂ ਇਨ੍ਹਾਂ ਦੋ ਗੱਲਾਂ ਵਿਚਲਾ ਅੰਤਰ ਸਾਹਮਣੇ ਆ ਜਾਂਦਾ ਹੈ: **ਕੋਸ਼ਿਸ਼ ਕਰਨਾ** ਅਤੇ **ਭਰੋਸਾ ਰੱਖਣਾ**।
ਹੁਣ ਮੈਂ ਆਪਣੀ ਖੁਦ ਦੀ ਸ਼ਕਤੀ ਨਾਲ ਪਰਮੇਸ਼ਰ ਨੂੰ ਪ੍ਰਸੰਨ ਕਰਨ ਦੀ **ਕੋਸ਼ਿਸ਼** ਨਹੀਂ ਕਰਦਾ ਪਰ **ਉਸ 'ਤੇ ਭਰੋਸਾ** ਕਰਦਾ ਹਾਂ ਕਿ ਉਹ ਆਪਣੇ ਜੀਵਨ ਦੇ ਦੁਆਰਾ ਮੈਨੂੰ ਯੋਗ ਬਣਾਵੇ ਅਤੇ ਮੈਂ ਪੂਰੇ ਅਨੰਦ ਸਹਿਤ ਉਸ ਕੰਮ ਨੂੰ ਕਰਾਂ ਜਿਸ ਨੂੰ ਕਰਨ ਲਈ ਉਹ ਮੈਨੂੰ ਆਖਦਾ ਹੈ।

ਇਹ ਕਾਰਜਹੀਣਤਾ ਨਹੀਂ ਹੈ; **ਇਹ ਸਭ ਤੋਂ ਜਿਆਦਾ ਸਰਗਰਮ ਜੀਵਨ ਹੈ**: ਪ੍ਰਭੂ 'ਤੇ ਭਰੋਸਾ ਕਰਨਾ, ਉਸ ਨੂੰ ਜੀਵਨ ਦਾ ਸ੍ਰੋਤ ਬਣਾਉਣਾ, ਉਸ ਨੂੰ ਆਪਣਾ ਜੀਵਨ ਹੀ ਬਣਾ ਲੈਣਾ, **ਆਪਣੇ ਅੰਦਰ ਉਸ ਨੂੰ ਉਸਦਾ ਜੀਵਨ ਜੀਉਣ ਦੇਣਾ**। ਅਫ਼ਸੀਆਂ 3:14-19

ਜਦੋਂ ਮੈਂ ਕੋਸ਼ਿਸ਼ ਕਰਦਾ ਹਾਂ ਤਾਂ ਇਹ ਇਵੇਂ ਹੈ ਜਿਵੇਂ ਬਿਨਾ ਪੈਟਰੋਲ ਦੀ ਕਾਰ ਹੋਵੇ। ਕੋਈ ਊਰਜਾ ਨਹੀਂ। ਪਰ ਜਦੋਂ ਮੈਂ ਉਸ ਉੱਤੇ ਭਰੋਸਾ ਕਰਦਾ ਹਾਂ ਤਾਂ ਉਸ ਦੀ ਪੁਨਰਉੱਥਾਨ ਦੀ ਸ਼ਕਤੀ ਮੈਨੂੰ ਉਸ ਦੀ ਇੱਛਾ ਨੂੰ ਪੂਰਾ ਕਰਨ ਦੀ ਸ਼ਕਤੀ ਪ੍ਰਦਾਨ ਕਰਦੀ ਹੈ। ਕੋਈ ਪਰੇਸ਼ਾਨੀ ਨਹੀਂ। ਕੋਈ ਮਿਹਨਤ ਨਹੀਂ।

ਜਦੋਂ ਅਸੀਂ ਆਪਣੇ ਅੰਦਰ ਵੱਸਦੇ ਉਸਦੇ ਜੀਵਨ ਉੱਤੇ ਭਰੋਸਾ ਕਰਦੇ ਹਾਂ ਤਾਂ ਅਸੀਂ ਸੱਚਮੁੱਚ ਬਦਲ ਜਾਵਾਂਗੇ। ਉਹ ਤੁਹਾਨੂੰ ਕਹੇਗਾ: "*ਤੇਰੀ ਅਵਾਜ਼ ਬਹੁਤ ਉੱਚੀ ਹੈ*" ਜਾਂ "*ਤੇਰਾ ਉਹ ਹਾਸਾ ਠੀਕ ਨਹੀਂ ਸੀ*" ਜਾਂ "*ਪਹਿਲਾਂ ਦੂਸਰੇ ਨੂੰ ਲੰਘਣ ਦੇ*" ਜਾਂ "*ਉਹ ਗੱਲ ਆਖਣ ਪਿੱਛੇ ਤੇਰੀ ਮਨਸ਼ਾ ਗਲਤ ਸੀ*।" ਯਿਸੂ ਤੁਹਾਡੇ ਅੰਦਰ ਆਪਣਾ ਜੀਵਨ ਜੀਵੇਗਾ!

**ਇਹੋ ਸਹਿਜਸੁਭਾਵਕ ਜੀਵਨ ਮਸੀਹੀ ਜੀਵਨ** ਹੈ। ਇਹ ਪ੍ਰੇਮ ਵਿੱਚ ਆਪਣੇ ਆਪ ਨੂੰ ਹਰੇਕ ਦੇ ਪ੍ਰਤੀ ਪਰਗਟ ਕਰਦਾ ਹੈ, ਉਸ ਵਿਅਕਤੀ ਦੇ ਪ੍ਰਤੀ ਵੀ ਜੋ ਪ੍ਰੇਮ ਦੇ ਲਾਇਕ ਨਹੀਂ ਹੈ।

**ਰੋਮੀਆਂ 8:3-4** ਜੋ ਸ਼ਰਾ ਤੋਂ ਨਾ ਹੋ ਸੱਕਿਆ ਇਸ ਕਰਕੇ ਜੋ ਉਹ ਸਰੀਰ ਦੇ ਕਾਰਨ ਨਿਤਾਣੀ ਸੀ, ਪਰਮੇਸ਼ੁਰ ਨੇ ਆਪਣਾ ਪੁੱਤ੍ਰ ਪਾਪ ਦੇ ਲਈ ਪਾਪੀ ਸਰੀਰ ਦੇ ਰੂਪ ਵਿੱਚ ਘੱਲ ਕੇ ਸਰੀਰ ਵਿੱਚ ਹੀ ਪਾਪ ਉੱਤੇ ਸਜ਼ਾ ਦਾ ਹੁਕਮ ਦਿੱਤਾ। ਇਸ ਲਈ ਜੋ ਸਾਡੇ ਵਿੱਚ ਜਿਹੜੇ ਸਰੀਰ ਦੇ ਨਹੀਂ ਸਗੋਂ ਆਤਮਾ ਦੇ ਅਨੁਸਾਰ ਚੱਲਦੇ ਹਾਂ ਸ਼ਰਾ ਦਾ ਰਾਸਤ ਹੁਕਮ ਪੂਰਾ ਹੋਵੇ।

ਬਿਵਸਥਾ ਤੁਹਾਨੂੰ ਪਰਮੇਸ਼ਰ ਦੇ ਸਾਹਮਣੇ ਇਸ ਕਰਕੇ ਉਸ ਨੂੰ ਭਾਉਣ ਵਾਲਾ ਨਾ ਬਣਾ ਸਕੀ ਕਿਉਂਕਿ ਇਸ ਵਿੱਚ ਕੋਈ ਸ਼ਕਤੀ ਨਹੀਂ ਹੈ ਅਤੇ ਸਾਡੀ ਦੇਹ ਨਿਰਬਲ ਹੈ ਅਤੇ ਇਸ ਕੰਮ ਨੂੰ ਨਹੀਂ ਕਰ ਸਕਦੀ।

ਯਾਦ ਰੱਖੋ, **ਹੁਣ ਇਹ ਮੁਕਤੀ ਦਾ ਸਵਾਲ ਨਹੀਂ ਰਿਹਾ,**

## ਇਹ ਸਵਾਲ ਹੈ...**ਪਰਮੇਸ਼ਰ ਨੂੰ ਪ੍ਰਸੰਨ ਕਰਨ ਦਾ।**

ਹੁਣ, ਸਾਡੀ ਅਯੋਗਤਾ ਦੇ ਕਾਰਨ ਪਰਮੇਸ਼ਰ ਨੇ ਦੋ ਕਦਮ ਉਠਾਏ:

1. **ਉਸਨੇ ਆਪਣੇ ਪੁੱਤਰ ਨੂੰ ਭੇਜਿਆ** ਜੋ '*ਸਾਡੇ ਲਈ ਪਾਪ ਬਣ ਗਿਆ*' ਅਤੇ '*ਸਰੀਰ ਵਿੱਚ ਪਾਪ ਨੂੰ ਦੰਡ ਦਿੱਤਾ*' ਪਾਪ ਦੀ ਸਮੱਸਿਆ ਹਟ ਗਈ।
2. **ਉਸ ਨੇ ਆਪਣੇ ਪਵਿੱਤਰ ਆਤਮਾ ਨੂੰ ਭੇਜਿਆ** ਕਿ ਉਹ ਸਾਡੇ ਵਿੱਚ ਰਹੇ ਅਤੇ ਅਸੀਂ ਆਤਮਾ ਦੇ ਅਨੁਸਾਰ ਚੱਲਦੇ ਹੋਏ ਬਿਵਸਥਾ ਦੀ ਮੰਗ ਨੂੰ ਪੂਰਾ ਕਰੀਏ।

ਆਤਮਾ ਦੇ ਪਿੱਛੇ ਚੱਲਣ ਦਾ ਅਰਥ ਹੈ ਆਤਮਾ ਦੇ ਅਧੀਨ ਹੋ ਕੇ ਚੱਲਣਾ।
ਜਦੋਂ ਮੈਂ **ਉਸ ਦੀ ਆਗਿਆਕਾਰੀ** ਕਰਨ ਲਈ ਆਪਣੇ ਆਪ ਨੂੰ ਸੌਂਪ ਦਿੰਦਾ ਹਾਂ ਕੇਵਲ ਉਦੋਂ ਹੀ ਮੈਂ "***ਜੀਵਨ ਦੇ ਆਤਮਾ ਦੀ ਬਿਵਸਥਾ***" ਨੂੰ ਪੂਰੀ ਤਰ੍ਹਾਂ ਕੰਮ ਕਰਦੇ ਅਤੇ ਬਿਵਸਥਾ ਨੂੰ ਪੂਰਾ ਹੁੰਦੇ ਵੇਖਦਾ ਹਾਂ, ਅਤੇ ਇਸ ਤਰ੍ਹਾਂ ਪ੍ਰਭੂ ਨੂੰ ਪ੍ਰਸੰਨ ਕਰਦਾ ਹਾਂ।

ਰੋਮੀਆਂ 8:14   ਜਿੰਨੇ ਪਰਮੇਸ਼ੁਰ ਦੇ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਓਹੀ ਪਰਮੇਸ਼ੁਰ ਦੇ ਪੁੱਤ੍ਰ ਹਨ।

"ਪੁੱਤ੍ਰ" = ਅਰਥਾਤ ਬੱਚਿਆਂ ਦੇ ਮੁਕਾਬਲੇ ਸਿਆਣਪ।

ਸੁਭਾਵਿਕ ਜੀਵਨ ਜੀਉਣ ਲਈ, ਮੈਨੂੰ ਹਵਾ ਦੇ ਸੰਪਰਕ ਵਿੱਚ ਰਹਿਣਾ ਜਰੂਰੀ ਹੈ, ਨਾ ਕਿ ਪਾਣੀ ਵਿੱਚ!
ਆਤਮਿਕਤਾ ਵਿੱਚ ਜੀਉਣ ਲਈ ਮੈਨੂੰ ਆਤਮਾ ਵਿੱਚ ਰਹਿਣਾ ਜਰੂਰੀ ਹੈ, ਨਾ ਕਿ ਦੇਹ ਵਿੱਚ।

ਕੋਈ ਵਿਅਕਤੀ ਪਾਣੀ ਵਿੱਚ ਰਹਿ ਕੇ ਕੰਮ ਨਹੀਂ ਕਰ ਸਕਦਾ, ਪਰ ਕੇਵਲ ਹਵਾ ਦੇ ਸੰਪਰਕ ਵਿੱਚ ਰਹਿ ਕੇ।
ਮਸੀਹ ਦੇਹ ਵਿੱਚ ਰਹਿ ਕੇ ਕੰਮ ਨਹੀਂ ਕਰ ਸਕਦਾ ਪਰ ਕੇਵਲ ਆਤਮਾ ਵਿੱਚ।

"**ਆਤਮਾ ਵਿੱਚ**" ਜੀਉਣ ਦਾ ਅਰਥ ਹੈ ਕਿ ਜੋ ਜਰੂਰੀ ਹੈ ਉਸ ਨੂੰ ਕਰਨ ਲਈ **ਮੈਂ ਉਸ ਉੱਤੇ ਭਰੋਸਾ ਕਰਦਾ ਹਾਂ।**

- ਕੋਸ਼ਿਸ਼ ਕਰਨਾ ਨਹੀਂ, ਸਗੋਂ ਭਰੋਸਾ ਕਰਨਾ।
- ਜੂਝਣਾ ਨਹੀਂ, ਸਗੋਂ ਉਸ ਵਿੱਚ ਅਰਾਮ ਪਾਉਣਾ।

  ਗਲਾਤੀਆਂ 5:16-25

**ਉਹ ਇਨ੍ਹਾਂ ਗੱਲਾਂ** ਉੱਤੇ **ਆਪਣੀ ਜਿੱਤ ਵਿੱਚ ਸਾਡੀ ਅਗਵਾਈ ਕਰਦਾ ਹੈ: ਪਾਪ, ਸ਼ਤਾਨ ਅਤੇ ਮੌਤ।**

ਰੋਮੀਆਂ 7:25

ਗਲਾਤੀਆਂ 2:20

ਕੁਲੁੱਸੀਆਂ 1:27

ਪਰ ਧੰਨਵਾਦ ਹੈ ਪਰਮੇਸ਼ੁਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫਤਹ ਬਖਸ਼ਦਾ ਹੈ!

1 ਕੁਰਿੰਥੀਆਂ 15:57

ਧੰਨਵਾਦ:

ਕੁਝ ਹਿੱਸੇ ਇੱਥੋਂ ਲਏ ਗਏ ਹਨ:

"ਫੇਲਡ ਯੇਟ ਫੋਰਗਿਵਨ" ਕੀਥ ਲੈਂਬ; ਲੈਂਬ ਪਬਲਿਸ਼ਿੰਗ

ਮੈਂ ਆਪਣੇ ਪਹਿਲੇ ਬਾਈਬਲ ਟੀਚਰ ਕੀਥ ਲੈਂਬ ਅਤੇ ਉਨ੍ਹਾਂ ਵੱਲੋਂ ਮੈਨੂੰ ਪਰਮੇਸ਼ਰ ਦੇ ਵਚਨ ਦੀ ਸ਼ਾਨਦਾਰ ਸਿੱਖਿਆ ਦੇਣ ਲਈ ਬਿਤਾਏ ਗਏ ਸਮੇਂ ਵਾਸਤੇ ਉਨ੍ਹਾਂ ਦਾ ਦਿਲੋਂ ਰਿਣੀ ਹਾਂ।

# II. ਵਿਸ਼ਵਾਸ ਨੂੰ ਸਮਝਣਾ

## A. ਜਾਣ ਪਛਾਣ

"ਧਰਮੀ ਜਨ ਵਿਸ਼ਵਾਸ ਦੁਆਰਾ ਜੀਵੇਗਾ।"

**ਜੀਵਨ ਦੇ ਰਾਹ** ਦੀ ਇਹ ਘੋਸ਼ਣਾ ਬਾਈਬਲ ਵਿੱਚ ਚਾਰ ਵਾਰ ਮਿਲਦੀ ਹੈ:

ਹਬੱਕੂਕ 2:1-5 ਰੋਮੀਆਂ 1:17 ਗਲਾਤੀਆਂ 3:10-11 ਇਬਰਾਨੀਆਂ 10:38

ਯਿਸੂ ਮਸੀਹ ਵਿੱਚ ਨਵਾਂ ਜਨਮ ਪਾਏ ਹੋਏ ਵਿਸ਼ਵਾਸੀ ਲਈ, **ਵਿਸ਼ਵਾਸ ਜੀਵਨ ਜੀਉਣ ਦਾ ਇਕ ਢੰਗ ਹੈ**:

**ਉਹ ਵਿਸ਼ਵਾਸ ਦੁਆਰਾ ਬਚਾਇਆ ਜਾਂਦਾ ਹੈ:**

ਅਫ਼ਸੀਆਂ 2:8-9 ਕਿਉਂ ਜੋ ਤੁਸੀਂ ਕਿਰਪਾ ਤੋਂ **ਨਿਹਚਾ** ਦੇ ਰਾਹੀਂ **ਬਚਾਏ ਗਏ** ਅਤੇ ਇਹ ਤੁਹਾਡੀ ਵੱਲੋਂ ਨਹੀਂ ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ। ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ।

**ਵਿਸ਼ਵਾਸ ਹੀ ਉਸ ਨੂੰ ਬਚਾਉਂਦਾ ਅਤੇ ਉਸ ਨੂੰ ਸੰਭਾਲਦਾ ਹੈ:**

1 ਪਤਰਸ 1:5 ਜਿਹੜੇ **ਨਿਹਚਾ ਦੇ ਰਾਹੀਂ** ਪਰਮੇਸ਼ੁਰ ਦੀ ਸਮਰੱਥਾ ਨਾਲ ਉਸ ਮੁਕਤੀ ਨੂੰ ਪਰਾਪਤ ਹੋਣ ਲਈ ਜੋ ਅੰਤ ਦੇ ਸਮੇਂ ਪਰਗਟਹੋਣ ਵਾਲੀ ਹੈ **ਬਚਾਏ ਰਹਿੰਦੇ** ਹੋ।

**ਉਹ ਵਿਸ਼ਵਾਸ ਦੁਆਰਾ ਜੀਉਂਦਾ ਹੈ:**

ਗਲਾਤੀਆਂ 2:20 ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿੱਚ ਜੀਉਂਦਾ ਹੈ ਅਤੇ ਹੁਣ ਜਿਹੜਾ **ਜੀਵਨ** ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ਰ ਦੇ ਪੁੱਤ੍ਰ ਉੱਤੇ **ਨਿਹਚਾ ਨਾਲ ਭੋਗਦਾ ਹਾਂ** ਜਿਹ ਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ।

## B. ਵਿਸ਼ਵਾਸ ਕੀ ਹੈ?

ਵਚਨ ਵਿੱਚ ਇਬਰਾਨੀਆਂ 11:1 ਹੀ ਵਿਸ਼ਵਾਸ ਦੀ ਇੱਕੋ ਇਕ ਪਰਿਭਾਸ਼ਾ ਹੈ।

ਹੁਣ ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ **ਪੱਕਾ ਭਰੋਸਾ** ਹੈ ਅਤੇ ਅਣਡਿੱਠ ਵਸਤਾਂ ਦੀ **ਸਬੂਤੀ** ਹੈ।

ਸਾਡੇ ਲਈ ਇਸ ਪਰਿਭਾਸ਼ਾ ਨੂੰ ਸਮਝਣਾ ਬਹੁਤ ਹੀ ਜਰੂਰੀ ਹੈ।

- **ਪੱਕਾ ਭਰੋਸਾ** – ਮਨ ਵਿੱਚ ਨਿਸ਼ਚਿਤ ਹੋਣਾ। ਸੰਦੇਹ ਜਾਂ ਅਨਿਸ਼ਚਿਤਤਾ ਤੋਂ ਸੁਤੰਤਰਤਾ।
- **ਸਬੂਤੀ** – ਤਸੱਲੀਮੰਦ ਹੋਣ ਦੀ ਅਵਸਥਾ। ਦ੍ਰਿੜ ਵਿਸ਼ਵਾਸ ਜਾਂ ਨਿਸ਼ਠਾ।

ਇਕ ਦੂਸਰਾ ਅਨੁਵਾਦ ਆਖਦਾ ਹੈ:

ਹੁਣ ਵਿਸ਼ਵਾਸ ਆਸ ਕੀਤੀਆਂ ਹੋਈਆਂ ਗੱਲਾਂ ਦਾ **ਤੱਤ**, ਅਣਡਿੱਠ ਵਸਤਾਂ ਦਾ **ਪ੍ਰਮਾਣ** ਹੈ।

**ਤੱਤ** ਵਾਸਤੇ ਜੋ ਯੂਨਾਨੀ ਸ਼ਬਦ ਹੈ ਉਹ ਹੈ: hupostasis (ਹਿਊਪੌਸਟਾਸਿਸ) - (Strong's: #5287)

ਥਾਯਰ ਦਾ ਯੂਨਾਨੀ ਸ਼ਬਦਕੋਸ਼ ਇਸ ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕਰਦਾ ਹੈ:

- ਥੱਲੇ ਟਿਕਾਉਣਾ ਜਾਂ ਹੇਠਾਂ ਰੱਖਣਾ; ਬੁਨਿਆਦ
- ਜਿਸ ਦੀ ਅਸਲ ਵਿੱਚ ਹੋਂਦ ਹੋਵੇ; ਤੱਤ, ਅਸਲ ਵਸਤੂ।
- ਦ੍ਰਿੜ ਹਿਰਦਾ, ਪੱਕਾ, ਵਿਸ਼ਵਾਸ, ਦ੍ਰਿੜ ਭਰੋਸਾ, ਨਿਸ਼ਚਾ

ਯੂਨਾਨੀ ਸ਼ਬਦ ਵਿੱਚ **ਕਿਰਿਆ ਦਾ ਭਾਵ** ਹੈ।

ਜੇ ਐਨ ਡਾਰਬੀ ਨੇ ਇਸ ਆਇਤ ਦਾ ਅਨੁਵਾਦ ਇਸ ਤਰ੍ਹਾਂ ਕੀਤਾ ਹੈ:

"*ਵਿਸ਼ਵਾਸ ਆਸ ਕੀਤੀਆਂ ਗੱਲਾਂ ਨੂੰ **ਸਿੱਧ ਕਰਨਾ** ਹੈ*"

ਸਾਨੂੰ ਸਿੱਧ ਕਰਨਾ ਸ਼ਬਦ ਨੂੰ ਸਮਝਣ ਦੀ ਲੋੜ ਹੈ।

ਤੱਤ {ਅੰਗਰੇਜੀ ਦਾ ਸ਼ਬਦ ਸਬ-ਸਟਾਂਸ (ਨਾਂਵ)}: ਉਹ ਚੀਜ਼ ਜਿਸ ਦਾ ਆਕਾਰ ਹੈ ਅਤੇ ਜਿਸ ਨੂੰ ਜਗ੍ਹਾ ਚਾਹੀਦੀ ਹੈ। ਇਹ ਦਿਖਾਈ ਦਿੰਦੀ ਹੈ ਅਤੇ ਇਸ ਨੂੰ ਛੂਹਿਆ ਜਾ ਸਕਦਾ ਹੈ। ਇਹ ਵਾਸਤਵਿਕ ਹੈ, ਨਾ ਕਿ ਕਾਲਪਨਿਕ।

ਸਿੱਧ ਕਰਨਾ {ਸਬ-ਸਟੈਂ-ਸ਼ੀ-ਏਟ (ਕ੍ਰਿਆ, ਸਕਰਮਕ)}

1. ਪ੍ਰਮਾਣ ਜਾਂ ਸਬੂਤ ਨਾਲ ਪੱਕਿਆਂ ਕਰਨਾ; ਸਾਬਤ ਕਰਨਾ; ਪੁਸ਼ਟੀ ਕਰਨਾ।
2. a) ਸਥੂਲ ਰੂਪ ਦੇਣਾ; ਸ਼ਕਲ ਦੇਣਾ।
   b) ਦ੍ਰਿੜ ਜਾਂ ਠੋਸ ਬਣਾਉਣਾ।
3. ਤੱਤ ਪ੍ਰਦਾਨ ਕਰਨਾ; ਅਸਲ ਜਾਂ ਵਾਸਤਵਿਕ ਬਣਾਉਣਾ।

ਸੋ ਵਿਸ਼ਵਾਸ ਆਸ ਕੀਤੀਆਂ ਗੱਲਾਂ ਨੂੰ **ਤੱਤ ਰੂਪ ਦਿੰਦਾ** ਅਤੇ ਇਨ੍ਹਾਂ ਨੂੰ **ਵਾਸਤਵਿਕ** (ਸਥੂਲ ਰੂਪ ਦੇਣਾ) **ਬਣਾਉਂਦਾ** ਹੈ।

ਦੂਸਰੇ ਸ਼ਬਦਾਂ ਵਿੱਚ:

**ਵਿਸ਼ਵਾਸ ਉਨ੍ਹਾਂ ਗੱਲਾਂ ਨੂੰ ਵਾਸਤਵਿਕ ਬਣਾ ਦਿੰਦਾ ਹੈ ਜਿਨ੍ਹਾਂ ਦੀ ਆਸ ਕੀਤੀ ਜਾਂਦੀ ਹੈ।** ਮਰਕੁਸ 11: 24

2 ਕੁਰਿੰਥੀਆਂ 4:18 ਅਸੀਂ ਦਿੱਸਣ ਵਾਲੀਆਂ ਵਸਤਾਂ ਨੂੰ ਤਾਂ ਨਹੀਂ ਸਗੋਂ ਅਣਡਿੱਠ ਵਸਤਾਂ ਵੱਲ ਧਿਆਨ ਕਰਦੇ ਹਾਂ ਕਿਉਂ ਜੋ ਦਿੱਸਣ ਵਾਲੀਆਂ ਵਸਤਾਂ ਅਨਿੱਤ ਹਨ ਪਰ ਅਣਡਿੱਠ ਵਸਤਾਂ ਨਿੱਤ ਹਨ।

ਵਿਸ਼ਵਾਸ ਉਨ੍ਹਾਂ ਗੱਲਾਂ ਨੂੰ **ਵਾਸਤਵਿਕ ਕਰ ਦਿੰਦਾ** ਜਾਂ **ਅਸਲੀ ਬਣਾ ਦਿੰਦਾ** ਹੈ ਜਿਹੜੀਆਂ ਅਣਡਿੱਠ ਹਨ। ਯਾਕੂਬ 5:16-18

ਵਿਸ਼ਵਾਸ “ਅਸਲੀ ਗੱਲਾਂ” ਨੂੰ ਸਾਡੇ ਅਨੁਭਵ ਵਿੱਚ **ਸਾਡੇ ਲਈ ਅਸਲੀ ਬਣਾ ਦਿੰਦਾ** ਹੈ।

ਵਿਸ਼ਵਾਸ ਮਸੀਹ ਦੀਆਂ ਗੱਲਾਂ ਨੂੰ **ਮੇਰੇ ਲਈ** ਸਿੱਧ ਕਰਦਾ ਜਾਂ **ਵਾਸਤਵਿਕ ਬਣਾ ਦਿੰਦਾ** ਹੈ।

ਉਦਾਹਰਣ ਲਈ: ਰੋਮੀਆਂ 6:6 ਸਾਡਾ ਪੁਰਾਣਾ ਮਨੁੱਖ ਉਸ ਦੇ ਨਾਲ ਸਲੀਬ ਦਿੱਤਾ ਗਿਆ।

ਵਿਸ਼ਵਾਸ ਇਸ ਸੱਚਾਈ ਨੂੰ **ਮੇਰੇ ਲਈ ਅਸਲੀ ਅਨੁਭਵ** ਬਣਾ ਦਿੰਦਾ ਹੈ।

ਜੇਕਰ ਮੈਂ ਇਸ ’ਤੇ ਵਿਸ਼ਵਾਸ ਨਾ ਕਰਾਂ, ਇਹ ਫਿਰ ਵੀ ਸੱਚ ਹੈ। ਇਹ ਤੱਥ ਹੀ ਰਹਿੰਦਾ ਹੈ। ਪਰ ਵਿਸ਼ਵਾਸ ਨਾ ਕਰਨ ਕਰਕੇ ਮੇਰੇ ਅਨੁਭਵ ਵਿੱਚ ਇਹ ਅਸਲ ਜਾਂ ਜੀਵਨ ਨੂੰ ਬਦਲਣ ਵਾਲਾ ਨਹੀਂ ਬਣਦਾ।

ਫਰਜ ਕਰੋ ਕਿ ਮੈਂ ਇਨਾਮ ਵਿੱਚ ਬਹੁਤ ਵੱਡੀ ਰਕਮ ਜਿੱਤਦਾ ਹਾਂ ਅਤੇ ਟੈਲੀਵਿਜ਼ਨ ਉੱਤੇ ਮੇਰੇ ਨਾਮ ਦਾ ਐਲਾਨ ਕਰਦੇ ਹੋਏ ਇਹ ਦੱਸਿਆ ਜਾਂਦਾ ਹੈ ਕਿ ਇਹ ਖ਼ਬਰ ਸੱਚ ਹੈ, ਇਹ ਤੱਥ ਹੈ ਅਤੇ ਹੁਣ ਮੈਂ ਬਸ ਜਾ ਕੇ ਉਸ ਇਨਾਮ ਨੂੰ ਲੈਣਾ ਹੀ ਹੈ। ਪਰ ਜੇਕਰ ਮੈਂ ਇਸ ਗੱਲ ਉੱਤੇ ਵਿਸ਼ਵਾਸ ਨਹੀਂ ਕਰਦਾ, ਭਾਵੇਂ ਕਿ ਇਹ ਤੱਥ ਹੀ ਹੈ, ਤਾਂ ਅਨੁਭਵ ਜਾਂ ਅਸਲ ਵਿੱਚ ਇਹ ਕਦੇ ਮੈਨੂੰ ਨਹੀਂ ਮਿਲ ਸਕਦਾ।

ਜੇਕਰ ਅਸੀਂ ਸਲੀਬ ਦੇ ਤੱਥਾਂ ਉੱਤੇ ਵਿਸ਼ਵਾਸ ਨਹੀਂ ਕਰਦੇ, ਤਾਂ ਇਹ ਤੱਥ ਤਾਂ ਹਮੇਸ਼ਾ ਦੀ ਤਰ੍ਹਾਂ ਅਸਲੀ ਹੀ ਰਹਿਣਗੇ, **ਪਰ ਸਾਡੇ ਲਈ ਇਹ ਮਹੱਤਵਹੀਣ ਹਨ**। ਇਨ੍ਹਾਂ ਗੱਲਾਂ ਨੂੰ ਅਸਲ ਬਣਾਉਣ ਲਈ ਵਿਸ਼ਵਾਸ ਦੀ ਲੋੜ ਨਹੀਂ ਹੈ, ਪਰ **ਵਿਸ਼ਵਾਸ ਇਨ੍ਹਾਂ ਗੱਲਾਂ ਨੂੰ “ਸਿੱਧ” ਅਤੇ ਸਾਡੇ ਲਈ ਅਸਲੀ ਅਨੁਭਵ ਬਣਾ ਸਕਦਾ ਹੈ**।

ਯੂਹੰਨਾ 17:17 ਓਹਨਾਂ ਨੂੰ ਸਚਿਆਈ ਨਾਲ ਪਵਿੱਤ੍ਰ ਕਰ। ਤੇਰਾ ਬਚਨ ਸਚਿਆਈ ਹੈ।

ਯੂਹੰਨਾ 8:32 ਤੁਸੀਂ ਸਚਿਆਈ ਨੂੰ ਜਾਣੋਗੇ ਅਤੇ ਸਚਿਆਈ ਤੁਹਾਨੂੰ ਅਜ਼ਾਦ ਕਰੇਗੀ।

ਯੂਹੰਨਾ 11:40 ਯਿਸੂ ਨੇ ਉਹ ਨੂੰ ਕਿਹਾ, ਕੀ ਮੈਂ ਤੈਨੂੰ ਨਹੀਂ ਆਖਿਆ ਭਈ ਜੇ ਤੂੰ ਪਰਤੀਤ ਕਰੇਂ ਤਾਂ ਪਰਮੇਸ਼ੁਰ ਦੀ ਵਡਿਆਈ ਵੇਖੇਂਗੀ?

## C. ਵਿਸ਼ਵਾਸ ਦੇ ਦੋ ਪਹਿਲੂ ਹਨ:

**ਇਕ** ਦਾ ਸੰਬੰਧ **ਮਨ** ਨਾਲ ਹੈ। ਜੋ ਅਸੀਂ **ਜਾਣਦੇ** ਹਾਂ। ਜਿਸ ਚੀਜ਼ 'ਤੇ ਅਸੀਂ **ਵਿਸ਼ਵਾਸ ਕਰਦੇ** ਹਾਂ। ਇਹ ਬੌਧਿਕ ਨਿਸ਼ਠਾ ਹੈ ਕਿ ਯਿਸੂ ਮਸੀਹ ਪਰਮੇਸ਼ਰ ਅਤੇ ਇਕੋ ਇਕ ਮੁਕਤੀਦਾਤਾ ਹੈ।

ਯਾਕੂਬ 2:17-20 ਮਰਕੁਸ 1:23-25

**ਦੂਸਰਾ** ਹੈ ਯਿਸੂ ਮਸੀਹ ਨੂੰ ਸੁਆਮੀ ਮੰਨ ਕੇ ਉਸ ਦੇ ਸਨਮੁੱਖ ਸਮਰਪਣ ਕਰਨ ਲਈ **ਇੱਛਾ ਦਾ ਫੈਸਲਾ**। ਇਹ ਉਸ ਸਮੇਂ ਦਿਖਾਈ ਦਿੰਦਾ ਹੈ ਜਦੋਂ ਥੋਮਾ ਨੇ ਅੰਗੀਕਾਰ ਕੀਤਾ ਅਤੇ ਵਿਸ਼ਵਾਸ ਕੀਤਾ, "ਮੇਰੇ ਪ੍ਰਭੂ ਅਤੇ ਮੇਰੇ ਪਰਮੇਸ਼ਰ" (ਯੂਹੰਨਾ 20:28)।

"ਮੇਰੇ ਪ੍ਰਭੂ" – ਉਸ ਦੀ ਇੱਛਾ ਦਾ ਸਮਰਪਣ।
"ਮੇਰੇ ਪਰਮੇਸ਼ਰ" – ਉਸ ਦੇ ਮਨ ਨੂੰ ਇਸ ਬਾਰੇ ਪੂਰੀ ਤਸੱਲੀ ਸੀ ਕਿ ਯਿਸੂ ਕੌਣ ਹੈ।

ਬਚਾਉਣ ਵਾਲਾ ਵਿਸ਼ਵਾਸ ਇਹ ਹੈ: (1) **ਮਨ ਦਾ ਕਾਇਲ ਹੋਣਾ** ਕਿ ਯਿਸੂ ਹੀ ਪਰਮੇਸ਼ਰ ਅਤੇ ਮੁਕਤੀਦਾਤਾ ਹੈ ਅਤੇ (2) ਉਸ ਨੂੰ ਆਪਣੇ ਜੀਵਨ ਦਾ ਪ੍ਰਭੂ (ਸੁਆਮੀ) ਮੰਨਦੇ ਹੋਏ ਆਪਣੀ **ਇੱਛਾ** ਉਸ ਨੂੰ ਸੌਂਪ ਦੇਣਾ।

ਵਿਸ਼ਵਾਸ ਸਾਡੀ ਆਪਣੀ ਇੱਛਾ ਜਾਂ ਯੋਜਨਾਵਾਂ ਦੇ ਪ੍ਰਤੀ ਪਰਮੇਸ਼ਰ ਦੀ ਸਹਿਮਤੀ ਖੋਜਣ ਦੇ ਬਜਾਏ **ਪਰਮੇਸ਼ਰ ਦੀ ਇੱਛਾ ਨੂੰ ਖੋਜਦਾ** ਹੈ। ਯਹੋਸ਼ੁਆ 5:13-14

ਉਸ ਦਾ ਵਚਨ ਸੱਚ – ਵਾਸਤਵਿਕ – ਜੀਉਂਦਾ - ਸ਼ਕਤੀਸ਼ਾਲੀ ਹੈ ! (ਇਬਰਾਨੀਆਂ 4:12; ਪਰਕਾਸ਼ ਦੀ ਪੋਥੀ 1:16)

## D. ਵਿਸ਼ਵਾਸ ਪ੍ਰਭੂ ਅਤੇ ਉਸਦੇ ਵਚਨ ਦੇ ਪ੍ਰਤੀ ਪੂਰਾ ਸਮਰਪਣ ਹੈ।

ਉਤਪਤ 15:6 ਅਤੇ ਗਲਾਤੀਆਂ 3:6 ਅਬਰਾਹਮ ਨੇ **ਪਰਮੇਸ਼ਰ ਉੱਤੇ ਨਿਹਚਾ ਕੀਤੀ** ਅਤੇ ਇਹ ਉਸਦੇ ਲਈ ਧਰਮ ਗਿਣਿਆ ਗਿਆ।

ਇਹ ਨੇਮ ਬੰਨ੍ਹਣ ਦੀ ਸ਼ਰਤ ਹੈ।

ਉਦਾਹਰਣ: ਇੱਕ ਵਿਅਕਤੀ ਦੋ ਉੱਚੀਆਂ ਇਮਾਰਤਾਂ ਵਿਚਕਾਰ ਖਿੱਚ ਕੇ ਬੰਨ੍ਹੀ ਹੋਈ ਰੱਸੀ ਉੱਤੇ ਪੈਦਲ ਚੱਲਦੇ ਹੋਏ ਕਈ ਮੁਸ਼ਕਲ ਕਰਤਬ ਵਿਖਾ ਰਿਹਾ ਹੈ ਅਤੇ ਹੇਠਾਂ ਖੜੀ ਭੀੜ ਭੈਭੀਤ ਹੋਈ ਉਸ ਨੂੰ ਵੇਖ ਰਹੀ ਹੈ। ਕੁਝ ਦੇਰ ਬਾਦ ਉਹ ਇੱਕ ਪਹੀਏ ਵਾਲੀ ਇੱਕ ਰੇੜ੍ਹੀ ਲੈ ਆਉਂਦਾ ਹੈ ਅਤੇ ਹੇਠਾਂ ਖੜੇ ਲੋਕਾਂ ਨੂੰ ਪੁੱਛਦਾ ਹੈ, "ਕਿਸ-ਕਿਸ ਨੂੰ ਇਹ ਵਿਸ਼ਵਾਸ ਹੈ ਕਿ ਮੈਂ ਇੱਕ ਪਹੀਏ ਵਾਲੀ ਇਸ ਰੇੜ੍ਹੀ ਨੂੰ ਇਸ ਤਾਰ ਉੱਤੇ ਚਲਾ ਕੇ ਦੂਸਰੇ ਪਾਸੇ ਲਿਜਾ ਸਕਦਾ ਹਾਂ?" ਬਹੁਤੇ ਲੋਕ ਜਿਨ੍ਹਾਂ ਨੂੰ ਇਹ ਵਿਸ਼ਵਾਸ ਸੀ ਕਿ ਉਹ ਇਹ ਕਰ ਸਕਦਾ ਹੈ ਉਨ੍ਹਾਂ ਆਪਣੇ ਹੱਥ ਖੜੇ ਕਰ ਦਿੱਤੇ। ਫਿਰ ਉਸ ਵਿਅਕਤੀ ਨੇ ਕਿਹਾ, "ਜੇਕਰ ਤੁਹਾਨੂੰ ਵਿਸ਼ਵਾਸ ਹੈ ਤਾਂ ਇਕ ਜਣਾ ਆ ਕੇ ਮੇਰੀ ਰੇੜ੍ਹੀ ਵਿੱਚ ਬੈਠ ਜਾਓ।" ਕਿਸੇ ਨੇ ਵੀ ਆਪਣੇ ਵਿਸ਼ਵਾਸ ਨੂੰ ਵਿਹਾਰ ਵਿੱਚ ਨਹੀਂ ਵਿਖਾਇਆ।

## E. ਵਿਸ਼ਵਾਸ ਦਾ ਅਰਥ ਹੈ ਪਰਮੇਸ਼ਰ ਦੀ ਗੱਲ ਉੱਤੇ ਭਰੋਸਾ ਕਰਨਾ ਉਸ ਦੀ ਆਗਿਆ ਮੰਨਣਾ।

ਉਦਾਹਰਣ: ਉਤਪਤ 22:2, 9-18 ਹੁਣ ਤੂੰ ਆਪਣੇ ਪੁੱਤ੍ਰ ਨੂੰ, ਹਾਂ ਆਪਣੇ ਇਕਲੌਤੇ ਨੂੰ ਜਿਸ ਨੂੰ ਤੂੰ ਪਿਆਰ ਕਰਦਾ ਹੈਂ, ਲੈ ਅਤੇ ਜਾਹ…

ਇਬਰਾਨੀਆਂ 11:6-11, 27-30
ਅਤੇ **ਨਿਹਚਾ ਬਾਝੋਂ** ਉਹ ਦੇ ਮਨ ਨੂੰ ਭਾਉਣਾ ਅਣਹੋਣਾ ਹੈ ਕਿਉਂਕਿ ਜਿਹੜਾ ਪਰਮੇਸ਼ੁਰ ਦੀ ਵੱਲ ਆਉਂਦਾ ਹੈ ਉਹ ਨੂੰ **ਪਰਤੀਤ ਕਰਨੀ ਚਾਹੀਦੀ ਹੈ ਭਈ ਉਹ ਹੈ**, ਨਾਲੇ ਇਹ ਭਈ ਉਹ ਆਪਣਿਆਂ ਤਾਲਿਬਾਂ ਦਾ ਫਲ- ਦਾਤਾ ਹੈ।

**ਇਹ ਕਿਆਸ ਨਹੀਂ ਹੈ!** ਇਹ ਕਿਆਸ ਨਾ ਲਾਉਣਾ ਕਿ ਮੈਨੂੰ ਪਤਾ ਹੈ ਕਿ ਕਿਵੇਂ ਕਰਨਾ ਹੈ।
ਉਦਾਹਰਣ: ਇਸਰਾਏਲੀਆਂ ਨੂੰ ਅਈ ਦੀ ਲੜਾਈ ਵਿੱਚ ਹਾਰ ਦਾ ਮੂੰਹ ਵੇਖਣਾ ਪਿਆ। ਕੇਵਲ ਤਦ ਹੀ ਉਹ ਆਪਣੇ ਆਤਮ-ਵਿਸ਼ਵਾਸ ਅਤੇ ਕਿਆਸ ਲਾਉਣ ਦੀ ਗਲਤੀ ਤੋਂ ਪਛਤਾਏ ਅਤੇ ਪ੍ਰਭੂ ਦੇ ਵਚਨ ਦੇ ਖੋਜੀ ਹੋਏ।

**F. ਵਿਸ਼ਵਾਸ ਦਾ ਅਰਥ ਹੈ ਇਹ ਜਾਣਨਾ ਕਿ:**

ਜਿਹੜੇ ਪਰਮੇਸ਼ੁਰ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ ਅਰਥਾਤ ਓਹਨਾਂ ਦਾ ਜਿਹੜੇ ਪਰਮੇਸ਼ੁਰ ਦੀ ਮਨਸ਼ਾ ਦੇ ਅਨੁਸਾਰ ਸੱਦੇ ਹੋਏ ਹਨ। ਰੋਮੀਆਂ 8:28

- ਸੱਚਾ ਵਿਸ਼ਵਾਸ ਕਦੇ ਵੀ ਪੂਰੀ ਤਰ੍ਹਾਂ ਵਿਸ਼ਵਾਸ ਕਰਨੋਂ ਨਹੀਂ ਹਟਦਾ।
- ਇਹ ਸਮੇਂ ਦੇ ਨਾਲ-ਨਾਲ ਵਫ਼ਾਦਾਰ ਬਣਦਾ ਜਾਂਦਾ ਹੈ। ਇਬਰਾਨੀਆਂ 10:39 ਲੂਕਾ 22:32

**G. ਵਿਸ਼ਵਾਸ ਤਰਕ ਤੋਂ ਅੱਗੇ ਹੈ।**

- ਇਹ ਕਾਰਨ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ ਪਰ ਕੇਵਲ ਵਿਸ਼ਵਾਸ ਕਰਦਾ ਹੈ। (ਲੂਕਾ 1:38)
- ਇਹ ਕੈਦ ਵਿੱਚ ਵੀ ਗੀਤ ਗਾਉਂਦਾ ਹੈ। (ਰਸੂਲਾਂ ਦੇ ਕਰਤਬ 16:25)
- ਇਹ ਬਿਪਤਾਂ ਵਿੱਚ ਵੀ ਅਭਮਾਨ ਕਰਦਾ ਹੈ। (ਰੋਮੀਆਂ 5:3)
- ਇਹ ਦੁੱਖ ਉਠਾਉਣ ਨੂੰ ਚੁਣਦਾ ਹੈ। (ਇਬਰਾਨੀਆਂ 11:25)
- ਇਹ ਸਭਨਾਂ ਗੱਲਾਂ ਨੂੰ ਪਰਮੇਸ਼ਰ ਦੀ ਇੱਛਾ ਸਮਝ ਕੇ ਗ੍ਰਹਿਣ ਕਰਦਾ ਹੈ। (ਫਿਲਿੱਪੀਆਂ 1:12)

## H. ਮੁਕਤੀ ਲਈ ਵਿਸ਼ਵਾਸ ਕਰਨ ਦੀ ਨਿਸ਼ਠਾ ਪ੍ਰਭੂ ਦੀ ਦਾਤ ਹੈ।

ਯੂਹੰਨਾ 6:64-65 ਪਰ ਤੁਹਾਡੇ ਵਿੱਚੋਂ ਕਿੰਨੇ ਹੀ ਹਨ ਜੋ **ਨਿਹਚਾ ਨਹੀਂ ਕਰਦੇ** ਕਿਉਂਕਿ ਯਿਸੂ ਮੁੱਢੋਂ ਜਾਣਦਾ ਸੀ ਕਿ ਕਿਹੜੇ ਹਨ ਜਿਹੜੇ ਨਿਹਚਾ ਨਹੀਂ ਕਰਦੇ…
65ਉਸ ਨੇ ਆਖਿਆ, ਇਸ ਕਾਰਨ ਮੈਂ ਤੁਹਾਨੂੰ ਇਹ ਆਖਿਆ ਹੈ ਕਿ ਕੋਈ ਮੇਰੇ ਕੋਲ ਨਹੀਂ ਆ ਸੱਕਦਾ ਜੇਕਰ ਇਹ ਪਿਤਾ ਦੀ ਵੱਲੋਂ **ਉਹ ਨੂੰ ਬਖ਼ਸ਼ਿਆ ਨਾ ਗਿਆ ਹੋਵੇ**।

ਯੂਹੰਨਾ 6:37 ਜੋ ਕੁਝ ਪਿਤਾ ਮੈਨੂੰ ਦਿੰਦਾ ਹੈ ਮੇਰੇ ਕੋਲ ਆਵੇਗਾ

2 ਪਤਰਸ 1:1 ਲਿਖਤੁਮ ਸ਼ਮਊਨ ਪਤਰਸ ਜਿਹੜਾ ਯਿਸੂ ਮਸੀਹ ਦਾ ਦਾਸ ਅਤੇ ਰਸੂਲ ਹਾਂ। ਅੱਗੇ ਜੋਗ **ਉਨ੍ਹਾਂ ਨੂੰ ਜਿਹੜੇ** ਸਾਡੇ ਪਰਮੇਸ਼ੁਰ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੇ ਧਰਮ ਦੇ ਰਾਹੀਂ ਸਾਡੇ ਸਮਾਨ **ਅਮੋਲਕ ਨਿਹਚਾ ਨੂੰ ਪਰਾਪਤ ਹੋਏ** ਹਨ।

ਫਿਲਿੱਪੀਆਂ 1:29 ਕਿਉਂ ਜੋ ਮਸੀਹ ਦੇ ਲਈ **ਤੁਹਾਡੇ ਉੱਤੇ ਇਹ ਕਿਰਪਾ ਹੋਈ** ਭਈ ਤੁਸੀਂ ਨਾ ਕੇਵਲ ਉਸ ਉੱਤੇ **ਨਿਹਚਾ ਹੀ ਕਰੋ** ਸਗੋਂ ਉਹ ਦੇ ਲਈ ਦੁੱਖ ਵੀ ਝੱਲੋ।

ਰੋਮੀਆਂ 12:3 ਮੈਂ ਤਾਂ ਓਸ **ਕਿਰਪਾ** ਤੋਂ ਜਿਹੜੀ ਮੈਨੂੰ **ਦਾਨ ਹੋਈ**…ਜਿੱਕੁਰ **ਪਰਮੇਸ਼ੁਰ ਨੇ ਮਿਣ ਕੇ ਹਰੇਕ ਨੂੰ ਨਿਹਚਾ ਵੰਡ ਦਿੱਤੀ ਹੈ।**

ਰੋਮੀਆਂ 10:17 ਸੋ **ਵਿਸ਼ਵਾਸ ਸੁਣਨ ਨਾਲ**, ਅਤੇ ਸੁਣਨਾ ਮਸੀਹ ਦੇ ਬਚਨ ਤੋਂ **ਆਉਂਦਾ ਹੈ।**

ਯੂਹੰਨਾ 8:47 **ਜੋ ਪਰਮੇਸ਼ੁਰ ਤੋਂ** (ἐκ) **ਹੈ ਸੋ ਪਰਮੇਸ਼ੁਰ ਦੇ ਬਚਨ ਸੁਣਦਾ ਹੈ। ਤੁਸੀਂ ਇਸੇ ਕਾਰਨ ਨਹੀਂ ਸੁਣਦੇ ਜੋ ਤੁਸੀਂ ਪਰਮੇਸ਼ੁਰ ਤੋਂ** (ἐκ) ਨਹੀਂ ਹੋ।

NT:1537 (ἐκ) **ek** (ek) ਇਕ ਮੁੱਢਲਾ ਸੰਬੰਧਸੂਚਕ ਸ਼ਬਦ ਜੋ **ਸ੍ਰੋਤ** (ਉਹ ਬਿੰਦੂ ਜਿਥੋਂ ਕਿਰਿਆ ਜਾਂ ਕੰਮ ਦਾ ਅਰੰਭ ਹੋਇਆ) ਬਾਰੇ ਦੱਸਦਾ ਹੈ, ਤੋਂ , ਦੇ ਵਿੱਚੋਂ।

ਯੂਹੰਨਾ 10:26-27 **ਤੁਸੀਂ ਪਰਤੀਤ ਨਹੀਂ ਕਰਦੇ ਕਿਉਂ ਜੋ** ਤੁਸੀਂ **ਮੇਰੀਆਂ ਭੇਡਾਂ** ਵਿੱਚੋਂ ਨਹੀਂ ਹੋ। (27) **ਮੇਰੀਆਂ ਭੇਡਾਂ ਮੇਰੀ ਅਵਾਜ਼ ਸੁਣਦੀਆਂ ਹਨ** ਅਰ ਮੈਂ ਉਨ੍ਹਾਂ ਨੂੰ ਸਿਆਣਦਾ ਹਾਂ ਅਤੇ ਓਹ ਮੇਰੇ ਮਗਰ ਲੱਗੀਆਂ ਆਉਂਦੀਆਂ ਹਨ।

ਲੂਕਾ 8:10 ਅਰ ਉਸ ਨੇ ਕਿਹਾ, ਪਰਮੇਸ਼ੁਰ ਦੇ ਰਾਜ ਦੇ ਭੇਤਾਂ ਦੀ ਸਮਝ **ਤੁਹਾਨੂੰ ਦਿੱਤੀ ਗਈ ਹੈ, ਪਰ ਹੋਰਨਾਂ ਨੂੰ** ਦ੍ਰਿਸ਼ਟਾਂਤਾਂ ਵਿੱਚ, ਤਾਂ ਜੋ **ਓਹ ਵੇਖਦਿਆਂ ਨਾ ਵੇਖਣ** ਅਤੇ **ਸੁਣਦਿਆਂ ਨਾ ਸਮਝਣ**।

ਇਬਰਾਨੀਆਂ 12:2 ਯਿਸੂ, **ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ…**

ਕਰਤਾ – ਯੂਨਾਨੀ: ਅਰੰਭਣਾ, ਸ਼ੁਰੂ ਕਰਨਾ ਅਤੇ ਅਗਵਾਈ ਕਰਨਾ ਜਾਂ ਲਿਆਉਣਾ।

ਵਿਸ਼ਵਾਸ ਪ੍ਰਭੂ ਤੋਂ ਸ਼ੁਰੂ ਹੁੰਦਾ ਹੈ, ਪ੍ਰਭੂ ਹੀ ਇਸਦਾ ਸ੍ਰੋਤ ਹੈ ਅਤੇ ਉਸੇ ਦੇ ਦੁਆਰਾ ਸੰਪੂਰਨ ਕੀਤਾ ਜਾਂਦਾ ਹੈ।

ਸੰਪੂਰਨ ਕਰਨ ਵਾਲਾ – ਨਿਰੰਤਰ ਜਾਰੀ ਅਤੇ ਕਾਇਮ ਰਹਿਣ ਵਾਲਾ ਵਿਸ਼ਵਾਸ ਪ੍ਰਭੂ ਵੱਲੋਂ ਹੈ:

ਲੂਕਾ 22:32 ਮੈਂ ਤੇਰੇ ਲਈ ਬੇਨਤੀ ਕੀਤੀ ਹੈ ਜੋ **ਤੇਰੀ ਨਿਹਚਾ ਜਾਂਦੀ ਨਾ ਰਹੇ**

ਇਬਰਾਨੀਆਂ 7:25 ਇਸ ਲਈ ਉਹ ਉਨ੍ਹਾਂ ਦਾ ਜਿਹੜੇ ਉਹ ਦੇ ਰਾਹੀਂ ਪਰਮੇਸ਼ੁਰ ਦੇ ਕੋਲ ਆਉਂਦੇ ਹਨ **ਪੂਰਾ ਨਿਸਤਾਰਾ** ਕਰ ਸੱਕਦਾ ਹੈ ਕਿਉਂ ਜੋ ਉਹ ਉਨ੍ਹਾਂ ਦੀ ਸਿਫ਼ਾਰਸ਼ ਕਰਨ ਨੂੰ ਸਦਾ ਜੀਉਂਦਾ ਹੈ।

I. ਪਰਿਪੱਕ ਹੋਣ ਅਤੇ ਆਤਮਿਕ ਉੱਨਤੀ ਲਈ ਉਠਾਏ ਜਾਣ ਵਾਲੇ ਵਿਸ਼ਵਾਸ ਦੇ ਕਦਮ ਸਾਡੀ ਜਿੰਮੇਵਾਰੀ ਹਨ

ਰੋਮੀਆਂ 4:11-12 ...ਜਿਹੜੇ ਨਿਹਚਾ ਕਰਦੇ ਹਨ...ਜੋ ਸਾਡੇ ਪਿਤਾ ਅਬਰਾਹਾਮ ਦੀ **ਨਿਹਚਾ ਦੀ ਚਾਲ** ਚੱਲਦੇ ਹਨ

ਮੱਤੀ 14:28-33 ਪਤਰਸ ਨੇ ਉੱਤਰ ਦਿੱਤਾ, "ਪ੍ਰਭੂ ਜੀ, ਜੇ ਤੂੰ ਹੈਂ ਤਾਂ ਮੈਨੂੰ ਪਾਣੀ ਦੇ ਉੱਤੋਂ ਦੀ ਆਪਣੇ ਕੋਲ ਆਉਣ ਦੀ ਆਗਿਆ ਦਿਹ।" (ਨਿਸ਼ਠਾ ਵਾਲਾ ਵਿਸ਼ਵਾਸ)

ਫਿਲਿੱਪੀਆਂ 2:13 ਕਿਉਂ ਜੋ ਪਰਮੇਸ਼ਰ ਹੀ ਹੈ ਜਿਹੜਾ ਤੁਹਾਡੇ ਵਿੱਚ **ਮਨਸ਼ਾ** ਅਤੇ **ਅਮਲ** ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ (ਤੁਹਾਨੂੰ ਵਿਸ਼ਵਾਸ ਪ੍ਰਦਾਨ ਕਰਦਾ ਹੈ – ਕਦਮ ਤੁਸੀਂ ਚੁੱਕਣੇ ਹਨ)।

ਪ੍ਰਭੂ ਦਾ ਉਦੇਸ਼ ਇਹ ਨਹੀਂ ਸੀ ਕਿ ਹਰ ਕੋਈ ਪਾਣੀ ਉੱਤੇ ਤੁਰੇ ਪਰ ਉਸਦਾ ਉਦੇਸ਼ ਸੀ ਵਿਸ਼ਵਾਸ ਦੀਆਂ ਉਨ੍ਹਾਂ ਅਸੀਮਿਤ ਹੱਦਾਂ ਨੂੰ ਪਰਗਟ ਕਰਨਾ ਜੋ "ਉਸਦੇ ਨਾਮ ਵਿੱਚ" ਅਰਥਾਤ ਜਦੋਂ ਉਹ ਚਾਹੇ, ਚਮਤਕਾਰੀ ਕੰਮ ਕਰਨ ਲਈ ਲੋੜੀਂਦੀਆਂ ਹਨ।

ਪਤਰਸ ਇਕ ਅਸਥਿਰ ਸ਼ਖਸੀਅਤ ਵਾਲਾ ਇਨਸਾਨ ਸੀ। ਅਜਿਹਾ ਵਿਅਕਤੀ ਉਸ ਸਮੇਂ ਚੰਗਾ ਪ੍ਰਤੀਉੱਤਰ ਦਿੰਦਾ ਹੈ ਜਦੋਂ ਪ੍ਰਭੂ ਇਸ ਤਰ੍ਹਾਂ ਦਾ ਵਿਸ਼ਵਾਸ ਪ੍ਰਦਾਨ ਕਰਦਾ ਹੈ। ਯੂਹੰਨਾ ਜਿਹਾ ਸਚੇਤ ਅਤੇ ਵਧੀਕ ਵਿਚਾਰਸ਼ੀਲ ਵਿਅਕਤੀ ਅਜਿਹਾ ਨਹੀਂ ਕਰਦਾ।

29ਉਹ ਨੇ ਆਖਿਆ, "ਆ।" ਅਤੇ ਪਤਰਸ ਬੇੜੀਓਂ ਉੱਤਰ ਕੇ ਯਿਸੂ ਦੇ ਕੋਲ ਜਾਣ ਨੂੰ ਪਾਣੀ ਉੱਤੇ ਤੁਰਨ ਲੱਗਾ। (ਉੱਨਤ ਹੁੰਦੇ ਵਿਸ਼ਵਾਸ ਦੇ ਕਦਮ)
30ਪਰ ਪੌਣ ਨੂੰ ਵੇਖ ਕੇ **ਡਰਿਆ**; (ਇੱਥੇ ਉਸ ਦੀ ਆਪਣੀ ਸੋਚ ਭਾਰੂ ਹੋ ਗਈ) ਅਰ ਡੁੱਬਣ ਲੱਗਾ ਤਾਂ ਚੀਕ ਮਾਰ ਕੇ ਬੋਲਿਆ, ਪ੍ਰਭੂ ਜੀ, ਮੈਨੂੰ ਬਚਾ ਲੈ!
31ਅਤੇ ਝੱਟ ਯਿਸੂ ਨੇ ਹੱਥ ਲੰਮਾ ਕਰਕੇ ਉਹ ਨੂੰ ਫੜ ਲਿਆ ਅਤੇ ਉਹ ਨੂੰ ਆਖਿਆ, "ਹੇ ਥੋੜ੍ਹੀ ਪਰਤੀਤ ਵਾਲਿਆ, ਤੈਂ ਕਿਉਂ ਭਰਮ ਕੀਤਾ?"

ਕਿਉਂਕਿ "ਥੋੜੇ ਵਿਸ਼ਵਾਸ" ਨੂੰ "ਵੱਡਾ" ਜਾਂ "ਮਹਾਨ ਵਿਸ਼ਵਾਸ" ਬਣਾਉਣ ਲਈ ਸਾਨੂੰ ਆਪਣੀ ਬੇੜੀ (ਅਰਥਾਤ ਜੋ ਅਸੀਂ ਜਾਣਦੇ ਅਤੇ ਜਿਸ 'ਤੇ ਨਿਰਭਰ ਹੁੰਦੇ ਹਾਂ) ਵਿੱਚੋਂ ਬਾਹਰ ਨਿੱਕਲਣ ਲਈ ਤਿਆਰ ਹੋਣਾ ਅਤੇ ਵਿਸ਼ਵਾਸ ਦੇ ਕਦਮ ਚੁੱਕਣਾ ਜਰੂਰੀ ਹੈ, ਭਾਵੇਂ ਸਾਡਾ ਮਨ ਜੋ ਵੀ ਕਹਿ ਰਿਹਾ ਹੋਵੇ।
ਸਾਡੇ ਲਈ ਪਤਰਸ ਨੇ ਇੱਕ "ਮਹਾਨ ਵਿਸ਼ਵਾਸ" ਵਿਖਾਇਆ।

- ਪਤਰਸ ਨੇ ਉਸ ਸਹੀ ਇੱਛਾ ਅਤੇ ਪ੍ਰਾਰਥਨਾ ਨਾਲ ਸ਼ੁਰੂਆਤ ਕੀਤੀ ਜਿਸ ਤੋਂ ਪ੍ਰਭੂ ਬਹੁਤ ਖੁਸ਼ ਹੁੰਦਾ ਹੈ: "ਜਿਥੇ ਤੂੰ ਹੈਂ ਮੈਂ ਉਥੇ ਤੇਰੇ ਕੋਲ ਆਉਣਾ ਚਾਹੁੰਦਾ ਹਾਂ।"
  "ਮੈਨੂੰ ਪਾਣੀ ਉੱਤੇ ਤੁਰ ਕੇ ਤੇਰੇ ਕੋਲ ਆਉਣ ਦੀ ਆਗਿਆ ਦੇ"

ਪਤਰਸ ਨੂੰ ਪ੍ਰਭੂ ਉੱਤੇ ਵਿਸ਼ਵਾਸ, ਨਿਸ਼ਠਾ ਅਤੇ ਭਰੋਸਾ ਸੀ ਜੋ ਕਿ ਪ੍ਰਭੂ ਵੱਲੋਂ ਹੀ ਉਸ ਨੂੰ ਬਖਸ਼ਿਆ ਗਿਆ ਸੀ (ਉੱਪਰ ਦਿੱਤੀਆਂ ਗਈਆਂ ਆਇਤਾਂ ਨੂੰ ਵੇਖੋ), ਇਸੇ ਕਰਕੇ ਉਸ ਨੂੰ ਲੱਗਾ ਕਿ ਉਹ ਇਹ ਕਰ ਸਕਦਾ ਹੈ।

ਪਰ ਉਸ ਵਿਸ਼ਵਾਸ ਨੂੰ **ਵਿਹਾਰ ਵਿੱਚ ਲਿਆਉਣਾ** ਅਤੇ **ਵਧਾਉਣਾ** ਸਾਡੇ ਹੱਥ ਵਿੱਚ ਹੈ ਜੋ ਕਿ ਵਿਸ਼ਵਾਸ ਦੇ ਕਦਮ ਉਠਾਉਣ ਦੁਆਰਾ ਸੰਭਵ ਹੁੰਦਾ ਹੈ।

ਪਰ ਵਿਸ਼ਵਾਸ ਕਿਆਸ ਨਹੀਂ ਹੈ। ਪਤਰਸ ਵਿੱਚ ਇਹ ਵਿਸ਼ਵਾਸ ਕਰਨ ਦੀ ਨਿਸ਼ਠਾ ਸੀ ਕਿ ਉਹ ਕਰ ਸਕਦਾ ਸੀ, ਪਰ ਯਿਸੂ ਵੱਲੋਂ ਇਹ ਆਖਣਾ **ਜਰੂਰੀ**, **ਬੇਹੱਦ ਜਰੂਰੀ** ਸੀ: "ਆ।"

> **ਵਿਸ਼ਵਾਸ ਸੁਣਨ** ਨਾਲ ਅਤੇ ਸੁਣਨਾ ਮਸੀਹ ਦੇ ਵਚਨ ਤੋਂ **ਆਉਂਦਾ ਹੈ**।
> ਰੋਮੀਆਂ 10:17

- ਪਤਰਸ ਨੇ ਉਹ ਕੀਤਾ ਜੋ **ਅਸੰਭਵ** ਸੀ, ਉਹ ਵਿਸ਼ਵਾਸ ਦੁਆਰਾ ਪਾਣੀ ਉੱਤੇ ਤੁਰਿਆ।
- ਪਤਰਸ ਨੇ **ਸੁਭਾਵਕ ਵਿਹਾਰ** ਕੀਤਾ, ਤੂਫ਼ਾਨ ਨੂੰ ਵੇਖ ਕੇ ਉਸ ਨੇ ਆਪਣੀ ਦ੍ਰਿਸ਼ਟੀ ਪ੍ਰਭੂ ਤੋਂ ਹਟਾਈ ਅਤੇ ਸੰਦੇਹ ਕੀਤਾ।
- ਪਤਰਸ ਨਾਲ ਉਹੋ ਹੋਇਆ ਜਿਸ ਦੀ **ਆਸ** ਸੀ, ਉਹ ਡੁੱਬਣ ਲੱਗਾ।
- ਪਤਰਸ ਨੇ **ਸਹੀ ਕੰਮ** ਕੀਤਾ, ਉਸ ਨੇ ਯਿਸੂ ਵੱਲ ਤੱਕਿਆ ਅਤੇ ਪ੍ਰਾਰਥਨਾ ਕੀਤੀ: "ਪ੍ਰਭੂ, ਮੈਨੂੰ ਬਚਾ ਲੈ!"
- ਇਕ ਵਾਰ ਫਿਰ ਪਤਰਸ ਨੇ ਉਹ ਕੰਮ ਕੀਤਾ ਜੋ **ਅਸੰਭਵ** ਸੀ, ਉਹ ਤੁਰ ਕੇ ਯਿਸੂ ਕੋਲ ਗਿਆ।

ਇਸ ਸਬਕ ਵਿੱਚੋਂ ਸਾਨੂੰ ਇਹ ਗੱਲਾਂ ਵੇਖਣ ਨੂੰ ਮਿਲਦੀਆਂ ਹਨ: (1) ਉਹ ਵਿਸ਼ਵਾਸ ਜਿਹੜਾ ਸਾਨੂੰ ਪ੍ਰਭੂ ਦੁਆਰਾ ਦਿੱਤਾ ਜਾਂਦਾ ਹੈ ਅਤੇ (2) ਉਸ ਵਿਸ਼ਵਾਸ ਉੱਤੇ ਅਮਲ ਕਰਨ ਦੀ ਸਫਲਤਾ ਜਾਂ ਅਸਫਲਤਾ।

ਸਾਨੂੰ ਸਾਡੇ ਲਈ ਪ੍ਰਦਾਨ ਕੀਤੇ ਗਏ "ਵਿਸ਼ਵਾਸ ਦੇ ਮਾਪ" ਦਾ ਇਸਤੇਮਾਲ ਕਰਦੇ ਹੋਏ ਪਤਰਸ ਦੇ ਉਦਾਹਰਣ ਉੱਤੇ ਚੱਲਣ ਦੀ ਲੋੜ ਹੈ – ਅਤੇ ਅਸੰਭਵ ਮਹਿਸੂਸ ਹੋਣ ਵਾਲੀਆਂ ਗੱਲਾਂ ਬਾਰੇ ਪ੍ਰਭੂ ਤੋਂ ਪੁੱਛਣ ਦੀ ਲੋੜ ਹੈ – ਅਤੇ "ਆਪਣੀ ਅਰਾਮ ਦੀ ਬੇੜੀ ਵਿੱਚੋਂ ਬਾਹਰ ਨਿੱਕਲਣ" ਲਈ ਤਿਆਰ ਹੋਣ ਅਤੇ ਇਹ ਅਨੁਭਵ ਕਰਨ ਦੀ ਲੋੜ ਹੈ ਕਿ ਪਰਮੇਸ਼ਰ ਲਈ ਕੁਝ ਵੀ ਅਸੰਭਵ ਨਹੀਂ ਹੈ।

> "ਜੇਕਰ ਤੁਸੀਂ ਆਪਣਾ ਜੀਵਨ ਕੁਝ ਜਿਆਦਾ ਹੀ ਸੁਰੱਖਿਅਤ ਢੰਗ ਨਾਲ ਜੀਉਂਦੇ ਹੋ ਤਾਂ ਤੁਸੀਂ ਕਦੇ ਵੀ ਮੈਨੂੰ ਤੁਹਾਡੇ ਰਾਹੀਂ ਕੰਮ ਕਰਦਿਆਂ ਵੇਖਣ ਦੇ ਰੋਮਾਂਚ ਨੂੰ ਮਹਿਸੂਸ ਨਹੀਂ ਕਰ ਪਾਓਗੇ। ਜਦੋਂ ਮੈਂ ਤੁਹਾਨੂੰ ਆਪਣਾ ਆਤਮਾ ਦਿੱਤਾ, ਤਾਂ ਮੈਂ ਤੁਹਾਨੂੰ ਤੁਹਾਡੀ ਸੁਭਾਵਕ ਕਾਬਲੀਅਤ ਅਤੇ ਸਮਰੱਥਾ ਤੋਂ ਵੱਧ ਕੇ ਜੀਉਣ ਦੀ ਸ਼ਕਤੀ ਦਿੱਤੀ।"

## ਕੁਝ ਹੋਰ ਉਦਾਹਰਣ:

ਮੱਤੀ 17:20-21 ਅਸੀਂ ਉਹ ਨੂੰ ਕਿਉਂ ਨਾ ਕੱਢ ਸੱਕੇ? [20]ਉਸ ਨੇ ਉਨ੍ਹਾਂ ਨੂੰ ਕਿਹਾ, **ਆਪਣੀ ਘੱਟ ਨਿਹਚਾ ਦੇ ਕਾਰਨ** ਕਿਉਂ ਜੋ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜੇ ਤੁਹਾਡੇ ਵਿੱਚ ਇੱਕ ਰਾਈ ਦੇ ਦਾਣੇ ਸਮਾਨ ਨਿਹਚਾ ਹੋਵੇ ਤਾਂ ਤੁਸੀਂ ਇਸ ਪਹਾੜ ਨੂੰ ਕਹੋਗੇ ਜੋ ਐਧਰੋਂ ਹਟ ਕੇ ਉਸ ਥਾਂ ਚੱਲਿਆ ਜਾਹ ਅਤੇ ਉਹ ਚੱਲਿਆ ਜਾਵੇਗਾ **ਅਤੇ ਤੁਹਾਨੂੰ ਕੋਈ ਕੰਮ ਅਣਹੋਣਾ ਨਾ ਹੋਵੇਗਾ**।"

- ਉਥੇ ਵਿਸ਼ਵਾਸ ਤਾਂ ਸੀ ਪਰ ਉਨ੍ਹਾਂ ਨਹੀਂ ਜਿੰਨਾ ਯੁੱਧ ਵਾਸਤੇ ਚਾਹੀਦਾ ਸੀ।
- ਵਿਸ਼ਵਾਸ ਦੇ ਵਾਧੇ ਲਈ ਇਸ ਨੂੰ ਵਿਹਾਰ ਵਿੱਚ ਲਿਆਉਣਾ ਜਰੂਰੀ ਹੈ।

ਤੁਹਾਡੇ ਕੋਲ ਅਜਿਹਾ ਵਿਸ਼ਵਾਸ ਹੋਣਾ ਚਾਹੀਦਾ ਹੈ ਜੋ ਜੀਵਨ ਦੇ ਉਨ੍ਹਾਂ ਤੂਫਾਨਾਂ ਤੋਂ ਵੱਡਾ ਹੋਵੇ ਜੋ ਤੁਹਾਨੂੰ ਖਿੱਚ ਕੇ ਹਾਰ ਵੱਲ ਲਿਜਾ ਸਕਦੇ ਹਨ। ਤੁਸੀਂ **ਵੱਡਾ ਵਿਸ਼ਵਾਸ** ਇਨ੍ਹਾਂ ਗੱਲਾਂ ਰਾਹੀਂ ਹਾਸਲ ਕਰ ਸਕਦੇ ਹੋ (1) "ਵਰਤ ਅਤੇ ਪ੍ਰਾਰਥਨਾ" ਦੁਆਰਾ (ਮੱਤੀ 17:20-21) ਅਤੇ ਆਪਣੇ ਵਿਸ਼ਵਾਸ ਦਾ ਪੋਸ਼ਣ (2) ਪਰਮੇਸ਼ਰ ਦੇ ਵਚਨ ਦੁਆਰਾ ਕਰਨਾ (ਰੋਮੀਆਂ (10:17)। ਤੁਸੀਂ ਪਹਾੜਾਂ ਨੂੰ ਹਟਾ ਦੇਣ ਵਾਲਾ ਵਿਸ਼ਵਾਸ ਹਾਸਲ ਕਰ ਸਕਦੇ ਹੋ।
"ਵਿਸ਼ਵਾਸ ਦੇ ਕਦਮ ਚੁੱਕਣਾ" ਸ਼ੁਰੂ ਕਰਨ ਲਈ ਲੋੜੀਂਦੀ ਦਿਲੇਰੀ ਅਤੇ ਸਾਹਸ ਪੈਦਾ ਕਰੋ।

**"ਥੋੜਾ ਵਿਸ਼ਵਾਸ"**

- ਮੱਤੀ 6:30 ਸੋ ਜਾਂ ਪਰਮੇਸ਼ੁਰ ਜੰਗਲੀ ਬੂਟੀ ਨੂੰ ਜਿਹੜੀ ਅੱਜ ਹੈ ਅਤੇ ਭਲਕੇ ਤੰਦੂਰ ਵਿੱਚ ਝੋਕੀ ਜਾਂਦੀ ਅਜਿਹਾ ਪਹਿਨਾਉਂਦਾ ਹੈ ਤਾਂ ਹੇ **ਥੋੜ੍ਹੀ ਪਰਤੀਤ ਵਾਲਿਓ** ਭਲਾ, ਉਹ ਤੁਹਾਨੂੰ ਉਸ ਤੋਂ ਵੱਧ ਨਾ ਪਹਿਨਾਵੇਗਾ?

  ਇਹ ਵਿਸ਼ਵਾਸ ਦਾ "ਸ਼ੁਰੂਆਤੀ ਕਦਮ" ਹੈ – ਅਰਥਾਤ ਇਹ ਵਿਸ਼ਵਾਸ ਕਰਨਾ ਕਿ ਉਹ ਵਸਤਰਾਂ ਵਰਗੀ ਬੁਨਿਆਦੀ ਜਰੂਰਤ ਨੂੰ ਵੀ ਪੂਰਿਆਂ ਕਰੇਗਾ।

- ਮੱਤੀ 8:26 ਹੇ **ਥੋੜ੍ਹੀ ਪਰਤੀਤ ਵਾਲਿਓ** ਤੁਸੀਂ ਕਿਉਂ ਡਰਦੇ ਹੋ? ਤਦ ਉਹ ਨੇ ਉੱਠ ਕੇ ਪੌਣ ਅਤੇ ਝੀਲ ਨੂੰ ਦਬਕਾ ਦਿੱਤਾ ਅਤੇ ਵੱਡਾ ਚੈਨ ਹੋ ਗਿਆ।

  ਇਹ ਵਧੀਕ ਅਗਾਂਹਵਧੂ, ਜਾਂ ਜਿਆਦਾ ਵੱਡਾ "ਵਿਸ਼ਵਾਸ ਦਾ ਕਦਮ" ਹੈ।

  "ਤੂਫ਼ਾਨ ਬੀਤ ਜਾਏਗਾ – ਅਤੇ ਬੇੜੀ ਡੁੱਬੇਗੀ ਨਹੀਂ।"

  ਜੀਵਨ ਦੇ ਇਸ ਹੌਲਨਾਕ ਸਮੁੰਦਰ ਵਿੱਚ ਸਾਡੀ ਬੇੜੀ ਵਿੱਚ ਸਾਡਾ ਪ੍ਰਭੂ ਹੈ ਜੋ ਸਾਡੇ ਨਾਲ ਹੈ। ਸਾਡੇ ਵਿਸ਼ਵਾਸ ਦਾ ਵਧਣਾ, ਮਹਾਨ ਬਣਨਾ ਅਤੇ ਵਧ ਕੇ ਸਾਡੇ ਡਰ ਉੱਤੇ ਭਾਰੂ ਹੋ ਜਾਣਾ ਜਰੂਰੀ ਹੈ ਅਤੇ ਸਾਨੂੰ ਉਸ ਅਧਿਕਾਰ ਦਾ ਇਸਤੇਮਾਲ ਕਰਨਾ ਵੀ ਜਰੂਰੀ ਹੈ ਜੋ ਹਲਾਤਾਂ ਅਤੇ ਸਥਿਤੀਆਂ ਨੂੰ ਬਦਲਣ ਲਈ ਉਸ ਨੇ ਸਾਨੂੰ ਦਿੱਤਾ ਹੈ (ਲੂਕਾ 9:1-2; 10:1-9)।

- ਮੱਤੀ 16:8 ਹੇ **ਥੋੜ੍ਹੀ ਪਰਤੀਤ ਵਾਲਿਓ** ਤੁਸੀਂ ਆਪੋ ਵਿੱਚ ਕਿਉਂ ਵਿਚਾਰ ਕਰਦੇ ਹੋ ਜੋ ਸਾਡੇ ਕੋਲ ਰੋਟੀਆਂ ਨਹੀਂ ਹਨ?

## ਸਾਡੇ ਵਿਸ਼ਵਾਸ ਦੀ ਇੱਕ ਵੱਡੀ ਸਮੱਸਿਆ ਹੈ: ਤਰਕ।

ਕੀ ਇਹ ਮੂਰਤੀਪੂਜਾ ਹੈ? ਤਰਕ ਕਰਨ ਦੀ ਆਪਣੀ ਸ਼ਕਤੀ ਉੱਤੇ ਉਸਦੇ ਵਚਨ ਤੋਂ ਵਧੀਕ ਭਰੋਸਾ ਕਰਨਾ?

ਕਹਾਉਤਾਂ 3:5-7 ਆਪਣੇ ਪੂਰੇ ਦਿਲ ਨਾਲ ਯਹੋਵਾਹ ਉੱਤੇ ਭਰੋਸਾ ਰੱਖ, ਅਤੇ **ਆਪਣੀ ਹੀ ਸਮਝ ਉੱਤੇ ਅਤਬਾਰ ਨਾ ਕਰ**। 6ਆਪਣੇ ਸਾਰਿਆਂ ਰਾਹਾਂ ਵਿੱਚ ਉਹ ਨੂੰ ਪਛਾਣ, ਅਤੇ ਉਹ ਤੇਰੇ ਮਾਰਗਾਂ ਨੂੰ ਸਿੱਧਾ ਕਰੇਗਾ। 7ਤੂੰ **ਆਪਣੀ ਨਿਗਾਹ ਵਿੱਚ ਬੁੱਧਵਾਨ ਨਾ ਹੋ**, ਯਹੋਵਾਹ ਦਾ ਭੈ ਰੱਖ ਅਤੇ ਬੁਰਿਆਈ ਤੋਂ ਲਾਂਭੇ ਰਹੁ।

**"ਵੱਡਾ ਵਿਸ਼ਵਾਸ:"**

ਮੱਤੀ 8:5-10 ...ਇੱਕ ਸੂਬੇਦਾਰ ਉਸ ਕੋਲ ਆਇਆ ਅਤੇ ਉਹ ਦੀ ਮਿੰਨਤ ਕਰ ਕੇ 6ਕਿਹਾ," ਪ੍ਰਭੂ ਜੀ ਮੇਰਾ ਨੌਕਰ ਝੋਲੇ ਦਾ ਮਾਰਿਆ ਘਰ ਵਿੱਚ ਵੱਡਾ ਦੁਖੀ ਪਿਆ ਹੈ। ਅਤੇ ਉਸ ਨੇ ਆਖਿਆ, **"ਮੈਂ ਆਣ ਕੇ ਉਹ ਨੂੰ ਚੰਗਾ ਕਰ ਦਿਆਂਗਾ।"** 8ਪਰ ਸੂਬੇਦਾਰ ਨੇ ਉੱਤਰ ਦਿੱਤਾ, ਪ੍ਰਭੂ ਜੀ ਮੈਂ ਇਸ ਜੋਗ ਨਹੀਂ ਜੋ ਤੂੰ ਮੇਰੀ ਛੱਤ ਦੇ ਹੇਠ ਆਵੇਂ ਪਰ **ਨਿਰਾ ਬਚਨ ਹੀ ਕਰ** ਤਾਂ ਮੇਰਾ ਨੌਕਰ ਚੰਗਾ ਹੋ ਜਾਊ। 9ਕਿਉਂ ਜੋ **ਮੈਂ ਭੀ ਇੱਕ ਮਨੁੱਖ ਦੂਏ ਦੇ ਹੁਕਮ ਵਿੱਚ ਹਾਂ** ਅਤੇ ਸਿਪਾਹੀਆਂ ਨੂੰ ਆਪਣੇ ਇਖ਼ਤਿਆਰ ਵਿੱਚ ਰੱਖਦਾ ਹਾਂ ਅਰ ਇੱਕ ਨੂੰ **ਆਖਦਾ ਹਾਂ**, ਜਾਹ! ਤਾਂ ਉਹ ਜਾਂਦਾ ਹੈ ਅਤੇ ਦੂਏ ਨੂੰ, ਆ! ਤਾਂ ਉਹ ਆਉਂਦਾ ਹੈ ਅਰ ਆਪਣੇ ਚਾਕਰ ਨੂੰ, ਇਹ ਕਰ! ਤਾਂ ਉਹ ਕਰਦਾ ਹੈ। 10ਯਿਸੂ ਨੇ ਇਹ ਸੁਣ ਕੇ ਅਚਰਜ ਮੰਨਿਆ ਅਤੇ ਉਨ੍ਹਾਂ ਨੂੰ ਜਿਹੜੇ ਮਗਰ ਮਗਰ ਆਉਂਦੇ ਸਨ ਕਿਹਾ ਭਈ "ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਇਸਰਾਏਲ ਵਿੱਚ ਵੀ ਮੈਂ **ਐਡੀ ਨਿਹਚਾ** ਨਹੀਂ ਵੇਖੀ!"

ਇਹ ਬਹੁਤ ਮਹੱਤਵਪੂਰਣ ਭੇਤ ਹੈ: (a) ਇਹ **ਪਤਾ ਹੋਣਾ** ਕਿ ਤੁਸੀਂ ਉਸਦੇ ਰਾਜਦੂਤ ਹੋ ਅਤੇ (b) ਉਸਦੇ ਅਧਿਕਾਰ ਹੇਠ **ਰਹਿਣਾ** ਜਿਵੇਂ ਯਿਸੂ ਸੀ ਅਤੇ ਜਿਵੇਂ ਸੂਬੇਦਾਰ ਸੀ। ਦੂਸਰੇ ਸ਼ਬਦਾਂ ਵਿੱਚ, ਕੇਵਲ ਉਹੋ ਕਹਿਣਾ ਅਤੇ ਉਹੋ ਕਰਨਾ ਜੋ ਉਹ ਅਧਿਕਾਰ ਚਾਹੁੰਦਾ ਹੈ ਜਿਸਦੇ ਅਧੀਨ ਤੁਹਾਡੀਆਂ ਆਪਣੀਆਂ ਇੱਛਾਵਾਂ ਹਨ। (ਯੂਹੰਨਾ 5:19, 30; 6:38; 8:28-29; 12:49; 14:10)

- ਮੱਤੀ 9:20-22 ਅਰ ਵੇਖੋ ਇੱਕ ਜਨਾਨੀ ਨੇ ਜਿਹ ਦੇ ਬਾਰਾਂ ਵਰਿਹਾਂ ਤੋਂ ਲਹੂ ਆਉਂਦਾ ਸੀ ਪਿਛੋਂ ਦੀ ਆਣ ਕੇ ਉਹ ਦੇ ਕੱਪੜੇ ਦਾ ਪੱਲਾ ਛੋਹਿਆ। 21ਕਿਉਂ ਜੋ ਉਹ ਆਪਣੇ ਜੀ ਵਿੱਚ ਆਖਦੀ ਸੀ ਭਈ "ਜੇ ਮੈਂ ਨਿਰਾ ਉਹ ਦੇ ਕੱਪੜੇ ਨੂੰ ਛੋਹ ਲਵਾਂ ਤਾਂ ਮੈਂ ਚੰਗੀ ਹੋ ਜਾਵਾਂਗੀ।" 22ਤਦ ਯਿਸੂ ਨੇ ਪਿਛਾਹਾਂ ਮੁੜ ਕੇ ਅਤੇ ਉਹ ਨੂੰ ਵੇਖ ਕੇ ਆਖਿਆ, "ਬੇਟੀ ਹੌਸਲਾ ਰੱਖ! **ਤੇਰੀ ਨਿਹਚਾ ਨੇ ਤੈਨੂੰ ਚੰਗਾ ਕੀਤਾ ਹੈ।"** ਉਹ ਜਨਾਨੀ ਉਸੇ ਘੜੀਓਂ ਚੰਗੀ ਹੋ ਗਈ।

  ਵਿਸ਼ਵਾਸ ਦਾ ਅਰਥ ਹੈ ਜਾਣਨਾ ਕਿ ਯਿਸੂ ਕੌਣ ਹੈ – ਅਰਥਾਤ ਉਸਦੇ ਰਹਿਮ ਅਤੇ ਦਯਾ ਉੱਤੇ ਵਿਸ਼ਵਾਸ ਰੱਖਣਾ – ਉਸਦੇ ਪਿੱਛੇ ਚੱਲਦੇ ਹੋਏ ਉਸਦੀ ਹਜ਼ੂਰੀ ਵਿੱਚ ਆਉਣਾ। ਬਸ ਇਕ ਛੋਹ ਦੀ ਲੋੜ ਹੈ!

- ਮੱਤੀ 9:27-29 ਜਾਂ ਯਿਸੂ ਉੱਥੋਂ ਤੁਰਿਆ ਤਾਂ ਦੋ ਅੰਨ੍ਹੇ ਉਹ ਦੇ ਮਗਰ ਹਾਕਾਂ ਮਾਰਦੇ ਆਏ ਅਤੇ ਬੋਲੇ, "ਹੇ ਦਾਊਦ ਦੇ ਪੁੱਤ੍ਰ, ਸਾਡੇ ਉੱਤੇ ਦਯਾ ਕਰ!" ਅਰ ਜਾਂ ਉਹ ਘਰ ਵਿੱਚ ਗਿਆ ਤਾਂ ਓਹ ਅੰਨ੍ਹੇ ਉਹ ਦੇ ਕੋਲ ਆਏ ਅਤੇ ਯਿਸੂ ਨੇ ਉਨ੍ਹਾਂ ਨੂੰ ਕਿਹਾ, ਭਲਾ ਤੁਹਾਨੂੰ ਨਿਹਚਾ ਹੈ ਜੋ ਮੈਂ ਇਹ ਕੰਮ ਕਰ ਸੱਕਦਾ ਹਾਂ? ਉਨ੍ਹਾਂ ਉਹ ਨੂੰ ਆਖਿਆ, "ਹਾਂ, ਪ੍ਰਭੂ ਜੀ।" ਤਦ ਉਹ ਉਨ੍ਹਾਂ ਦੀਆਂ ਅੱਖੀਆਂ ਨੂੰ ਛੋਹ ਕੇ ਬੋਲਿਆ, **"ਜਿਹੀ ਤੁਹਾਡੀ ਨਿਹਚਾ ਹੈ ਤੁਹਾਡੇ ਲਈ ਤਿਹਾ ਹੀ ਹੋਵੇ।"**

ਯਿਸੂ ਦੇ ਇਹ ਵਚਨ ਹਮੇਸ਼ਾ ਸਾਡੇ ਧਿਆਨ ਵਿੱਚ ਹੋਣੇ ਚਾਹੀਦੇ ਹਨ।

ਇਹ ਲੋਕ ਅਣਥੱਕ ਯਿਸੂ ਦੇ ਪਿੱਛੇ ਲੱਗੇ ਰਹੇ। ਉਹ ਆਪਣੇ ਵਿਸ਼ਵਾਸ ਅਤੇ ਆਪਣੀ ਲੋੜ ਦੁਆਰਾ ਪ੍ਰੇਰਿਤ ਸਨ ਅਤੇ ਇਕ ਦਰਵਾਜ਼ਾ ਬੰਦ ਹੋ ਜਾਣਾ ਅਤੇ ਕਿਸੇ ਨੂੰ ਉਨ੍ਹਾਂ ਦੀ ਸਥਿਤੀ ਬਾਰੇ ਕੋਈ ਪਰਵਾਹ ਨਾ ਹੋਣਾ, ਇਹ ਗੱਲਾਂ ਉਨ੍ਹਾਂ ਨੂੰ "ਵਿਸ਼ਵਾਸ ਦੇ ਕਦਮ" ਚੁੱਕਣ ਤੋਂ ਨਹੀਂ ਰੋਕ ਸਕੀਆਂ।

- ਮੱਤੀ 15:22-28 ਤਦ ਯਿਸੂ ਨੇ ਉਸ ਨੂੰ ਉੱਤਰ ਦਿੱਤਾ, ਹੇ ਬੀਬੀ **ਤੇਰੀ ਨਿਹਚਾ ਵੱਡੀ** ਹੈ। ਜਿਵੇਂ ਤੂੰ ਚਾਹੁੰਦੀ ਹੈਂ ਤੇਰੇ ਲਈ ਤਿਵੇਂ ਹੀ ਹੋਵੇ ਅਤੇ ਉਸ ਦੀ ਧੀ ਉਸੇ ਘੜੀ ਚੰਗੀ ਹੋ ਗਈ।

ਵਿਸ਼ਵਾਸ – ਇੱਕ ਤੀਬਰ ਇੱਛਾ – ਦੁਆਰਾ ਪ੍ਰੇਰਿਤ ਦ੍ਰਿੜਤਾ

- ਮੱਤੀ 21:21-22 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਮੈਂ ਤੁਹਾਨੂੰ ਸਤ ਆਖਦਾ ਹਾਂ ਭਈ **ਜੇ ਤੁਹਾਨੂੰ ਨਿਹਚਾ ਹੋਵੇ ਅਤੇ ਤੁਸੀਂ ਭਰਮ ਨਾ ਕਰੋ** ਤਾਂ ਤੁਸੀਂ ਨਿਰਾ ਇਹ ਨਹੀਂ ਕਰੋਗੇ ਜੋ ਹੰਜੀਰ ਦੇ ਬਿਰਛ ਨਾਲ ਹੋਇਆ ਸਗੋਂ ਜੇ ਤੁਸੀਂ ਇਸ ਪਹਾੜ ਨੂੰ **ਕਹੋ** ਜੋ ਉੱਠ ਅਰ ਸਮੁੰਦਰ ਵਿੱਚ ਜਾ ਪੈ ਤਾਂ ਅਜਿਹਾ ਹੋ ਜਾਵੇਗਾ।" ਅਤੇ **ਸਭ ਕੁਝ ਜੋ ਤੁਸੀਂ ਨਿਹਚਾ ਨਾਲ ਪ੍ਰਾਰਥਨਾ ਕਰ ਕੇ ਮੰਗੋ ਸੋ ਪਾਓਗੇ।** ਪ੍ਰਭੂ ਦਾ ਵਚਨ। ਉਸਦਾ ਵਾਦਾ।

ਉਸਦੇ ਵਚਨਾਂ ਨੂੰ ਸੁਣਨਾ + ਵਿਸ਼ਵਾਸ ਕਰਨਾ + ਸੰਦੇਹ ਕਰਨਾ = "ਥੋੜਾ ਵਿਸ਼ਵਾਸ" ਇਸ ਨਾਲ ਪਹਾੜ ਨਹੀਂ ਹਿੱਲ ਸਕਦੇ। ਸੰਦੇਹ ਨੂੰ ਪੂਰੀ ਤਰ੍ਹਾਂ ਹਟਾਉਣਾ ਜਰੂਰੀ ਹੈ।

## K. ਤਿੰਨ ਪ੍ਰਕਾਰ ਦਾ ਵਿਸ਼ਵਾਸ ਯੂਹੰਨਾ 11:21-44

ਜਦੋਂ ਯਿਸੂ ਲਾਜ਼ਰ ਨੂੰ ਮੁਰਦਿਆਂ ਵਿੱਚੋਂ ਜੀਉਂਦਾ ਕਰਨ ਲਈ ਆ ਰਿਹਾ ਸੀ ਤਾਂ ਉਸ ਨੇ ਵੇਖਿਆ ਕਿ ਮਾਰਥਾ ਦਾ **ਬੁਨਿਆਦੀ ਸੀਮਿਤ ਵਿਸ਼ਵਾਸ** ਹੀ ਇਸ ਕੰਮ ਵਿੱਚ ਇੱਕੋ-ਇੱਕ ਰੁਕਾਵਟ ਸੀ।

**ਮਾਰਥਾ ਦਾ ਵਿਸ਼ਵਾਸ ਸੀਮਿਤ ਸੀ।** ਉਸ ਨੇ ਕਿਹਾ, "ਪ੍ਰਭੂ ਜੀ ਜੇ ਤੂੰ ਇੱਥੇ ਹੁੰਦਾ ਤਾਂ ਮੇਰਾ ਭਰਾ ਨਾ ਮਰਦਾ।" ਲਾਜ਼ਰ ਦੀ ਮੌਤ ਦਾ ਅਰਥ ਸੀ ਮਾਰਥਾ ਦੇ ਵਿਸ਼ਵਾਸ ਦਾ ਅੰਤ। ਉਸਦਾ ਇਹ ਵਿਸ਼ਵਾਸ ਸੀ ਕਿ ਯਿਸੂ ਵਿੱਚ ਉਸਦੇ ਭਰਾ ਨੂੰ ਬੀਮਾਰੀ ਦੇ ਬਿਸਤਰੇ ਤੋਂ ਉਠਾਉਣ ਦੀ ਸ਼ਕਤੀ ਤਾਂ ਸੀ ਪਰ ਮੁਰਦਿਆਂ ਵਿੱਚੋਂ ਉਠਾਉਣ ਦੀ ਨਹੀਂ।

- ਸੀਮਿਤ ਵਿਸ਼ਵਾਸ ਉੱਤੇ ਹਲਾਤਾਂ ਦਾ ਕਬਜ਼ਾ ਹੁੰਦਾ ਹੈ ਅਤੇ ਅਜਿਹਾ ਵਿਸ਼ਵਾਸ ਅਸਫਲਤਾ ਦੇ ਭੈ ਤੋਂ ਪ੍ਰੇਰਿਤ ਹੁੰਦਾ ਹੈ।

**ਮਾਰਥਾ ਦਾ ਵਿਸ਼ਵਾਸ ਬੁਨਿਆਦੀ ਸੀ।**
ਯਿਸੂ ਨੇ ਕਿਹਾ, "ਤੇਰਾ ਭਰਾ ਜੀ ਉੱਠੇਗਾ।" ਇਹ ਸ਼ਬਦ ਮਾਰਥਾ ਵਿੱਚ ਆਸ ਅਤੇ ਵਿਸ਼ਵਾਸ ਨੂੰ ਜਗਾਉਣ ਲਈ ਕਹੇ ਗਏ ਸਨ। (ਰੋਮੀਆਂ 10:17 ਵਿਸ਼ਵਾਸ ਸੁਣਨ ਨਾਲ ਆਉਂਦਾ ਹੈ)

ਪਰ ਉਸਨੇ ਕਿਹਾ, ਮੈਂ ਜਾਣਦੀ ਹਾਂ ਜੋ ਕਿਆਮਤ ਨੂੰ ਅੰਤ ਦੇ ਦਿਨ ਉਹ ਜੀ ਉੱਠੂ। ਮਾਰਥਾ ਨੇ **ਇੱਕ ਮਹਾਨ ਸੱਚਾਈ ਵਿੱਚ ਆਪਣਾ ਬੁਨਿਆਦੀ ਵਿਸ਼ਵਾਸ** ਪਰਗਟ ਕੀਤਾ, ਪਰ ਅੱਜ ਵੱਡੇ-ਵੱਡੇ ਕੰਮ ਕਰਨ ਲਈ ਕੇਵਲ ਇੰਨਾ ਕਾਫ਼ੀ ਨਹੀਂ ਹੈ।

ਯਿਸੂ ਨੇ ਕਿਹਾ, ਮੈਂ ਹੀ ਪੁਨਰਉੱਥਾਨ ਅਤੇ ਜੀਵਨ ਹਾਂ। ਯਿਸੂ ਇਹ ਕਹਿ ਰਿਹਾ ਸੀ ਕਿ ਜਿੰਦਗੀ ਅਤੇ ਮੌਤ ਦਾ ਸਾਰਾ ਅਧਿਕਾਰ ਉਸ ਕੋਲ ਹੈ। ਇਸ ਤੋਂ ਬਾਦ ਉਸ ਨੇ ਪੁੱਛਿਆ, **ਕੀ ਤੂੰ ਇਸ ਗੱਲ ਦੀ ਪਰਤੀਤ ਕਰਦੀ ਹੈਂ?** ਮਾਰਥਾ ਨੇ ਆਪਣੇ ਬੁਨਿਆਦੀ ਜਿਹੇ ਵਿਸ਼ਵਾਸ ਬਾਰੇ ਗੱਲ ਕਰਦੇ ਹੋਏ ਇਸ ਪ੍ਰਸ਼ਨ ਨੂੰ ਟਾਲ ਦਿੱਤਾ: ਹਾਂ, ਪ੍ਰਭੂ ਮੈਂ ਪਰਤੀਤ ਕੀਤੀ ਹੈ ਜੋ ਤੂੰ ਹੀ ਮਸੀਹ ਹੈਂ ਪਰਮੇਸ਼ੁਰ ਦਾ ਪੁੱਤ੍ਰ ਜਿਹੜਾ ਜਗਤ ਵਿੱਚ ਆਉਣ ਵਾਲਾ ਸੀ।
ਕੇਵਲ ਇੰਨਾ ਵਿਸ਼ਵਾਸ ਕਰਨਾ ਕਾਫ਼ੀ ਨਹੀਂ ਹੈ ਕਿ “ਯਿਸੂ ਕੌਣ ਹੈ”। “ਪਹਾੜਾਂ ਨੂੰ ਹਟਾਉਣ ਵਾਲੇ” ਅਤੇ “ਮੁਰਦਿਆਂ ਨੂੰ ਜਿਵਾਉਣ” ਵਾਲੇ ਵਿਸ਼ਵਾਸ ਲਈ ਇਹ ਨਿਸ਼ਠਾ ਵੀ ਜਰੂਰੀ ਹੈ: “ਪ੍ਰਭੂ ਲਈ ਕੋਈ ਵੀ ਕੰਮ ਅਣਹੋਣਾ ਨਹੀਂ ਹੈ।” ਜੇਕਰ ਉਹ ਇਹ ਆਖਦਾ ਹੈ – ਇਹ ਹੋਵੇਗਾ ਹੀ।

**ਮਾਰਥਾ ਦੇ ਵਿਸ਼ਵਾਸ ਨੂੰ ਚੁਨੌਤੀ ਮਿਲੀ**
ਯੂਹੰਨਾ 11:39  ਯਿਸੂ ਨੇ ਕਿਹਾ, ਪੱਥਰ ਨੂੰ ਹਟਾ ਦਿਓ। ਮਾਰਥਾ ਨੇ ਅਵਿਸ਼ਵਾਸ ਵਿਖਾਉਂਦੇ ਹੋਏ ਇਤਰਾਜ਼ ਜਤਾਇਆ।

40 ਆਇਤ ਯਿਸੂ ਨੇ ਉਸ ਨੂੰ ਕਿਹਾ, “ਯਿਸੂ ਨੇ ਉਹ ਨੂੰ ਕਿਹਾ, ਕੀ ਮੈਂ ਤੈਨੂੰ ਨਹੀਂ ਆਖਿਆ ਭਈ ਜੇ ਤੂੰ ਪਰਤੀਤ ਕਰੇਂ ਤਾਂ ਪਰਮੇਸ਼ੁਰ ਦੀ ਵਡਿਆਈ ਵੇਖੇਂਗੀ?"

ਅਸੀਂ ਅਕਸਰ ਸੁਣਦੇ ਹਾਂ ਕਿ “ਪਹਿਲਾਂ ਵੇਖਣਾ, ਫਿਰ ਵਿਸ਼ਵਾਸ,” ਪਰ ਇਹ ਗੱਲ ਵਿਸ਼ਵਾਸ ਦੇ ਜਨ ਉੱਤੇ ਲਾਗੂ ਨਹੀਂ ਹੁੰਦੀ। **ਉਹ ਪਹਿਲਾਂ ਵਿਸ਼ਵਾਸ ਕਰਦਾ ਹੈ ਅਤੇ ਫਿਰ ਵੇਖਦਾ ਹੈ।** ਵੇਖਣ ਤੋਂ ਪਹਿਲਾਂ ਵਿਸ਼ਵਾਸ ਹੈ।

ਮਾਰਥਾ ਕਬਰ ਦੇ ਮੂੰਹ ਤੋਂ ਪੱਥਰ ਹਟਾਉਣ ਦੀ ਗੱਲ ਨਾਲ ਸਹਿਮਤ ਹੋਈ।

43 ਆਇਤ   ਇਹ ਕਹਿ ਕੇ ਉਸ ਨੇ ਉੱਚੀ ਅਵਾਜ਼ ਮਾਰੀ ਕਿ ਲਾਜ਼ਰ, ਬਾਹਰ ਆ! ਤਦ ਲਾਜ਼ਰ ਮੁਰਦਿਆਂ ਵਿੱਚੋਂ ਜੀਉਂਦਾ ਹੋ ਕੇ ਬਾਹਰ ਆ ਗਿਆ।

ਜਦੋਂ ਤੁਸੀਂ ਅਜਿਹਾ ਅਸੀਮਿਤ ਵਿਸ਼ਵਾਸ ਹਾਸਲ ਕਰ ਸਕਦੇ ਹੋ ਜੋ ਪਰਮੇਸ਼ਰ ਨੂੰ ਪ੍ਰਸੰਨ ਕਰਦਾ ਹੈ ਅਤੇ ਉਸਦੀ ਮਹਿਮਾ ਨੂੰ ਪਰਗਟ ਕਰਦਾ ਹੈ ਤਾਂ ਸੀਮਿਤ ਬੁਨਿਆਦੀ ਵਿਸ਼ਵਾਸ ਨਾਲ ਸੰਤੁਸ਼ਟ ਨਾ ਹੋਵੋ।

**ਵਿਸ਼ਵਾਸ ਦਾ ਮਹੱਤਵ**
ਅਫ਼ਸੀਆਂ 6:16
**ਵਿਸ਼ਵਾਸ ਦੀ ਢਾਲ** ਮਸੀਹੀ ਵਿਅਕਤੀ ਦੇ ਕਵਚ ਦਾ ਇੱਕ ਮਹੱਤਵਪੂਰਣ ਹਿੱਸਾ ਹੈ। ਤੁਹਾਨੂੰ ਪਰਮੇਸ਼ਰ ਦੇ ਪੂਰੇ ਕਵਚ ਨੂੰ ਪਹਿਨਣਾ ਜਰੂਰੀ ਹੈ ਕਿਉਂਕਿ ਮਸੀਹੀ ਜੀਵਨ ਇਕ ਯੁੱਧ, ਇੱਕ ਆਤਮਿਕ ਲੜਾਈ ਹੈ। ਪੌਲੁਸ ਮਸੀਹੀ ਵਿਅਕਤੀ ਦੇ ਕਵਚ ਦੇ ਵੱਖ-ਵੱਖ ਹਿੱਸਿਆਂ ਬਾਰੇ ਦੱਸਦੇ ਹੋਏ ਜਦੋਂ ਢਾਲ ’ਤੇ ਆਉਂਦਾ ਹੈ ਤਾਂ ਇਹ ਆਖਦੇ ਹੋਏ ਇਸਦੇ ਮਹੱਤਵ ’ਤੇ ਜ਼ੋਰ ਦਿੰਦਾ ਹੈ ਕਿ,

ਓਹਨਾਂ ਸਭਨਾਂ ਸਣੇ ਨਿਹਚਾ ਦੀ ਢਾਲ ਲੈ ਲਓ, ਕਿਉਂਕਿ ਵਿਸ਼ਵਾਸ ਦੀ ਇਹ ਢਾਲ ਹੋਣ 'ਤੇ ਕੋਈ ਚੀਜ਼ ਤੁਹਾਡੀ ਹਾਨੀ ਨਹੀਂ ਕਰ ਸਕਦੀ; ਉਹਦੇ ਦੁਆਰਾ ਅਸੀਂ ਹੱਦੋਂ ਵੱਧ ਫਤਹ ਪਾਉਂਦੇ ਹਾਂ (ਰੋਮੀਆਂ 8:37)।

**ਵਿਸ਼ਵਾਸ ਦਾ ਮਹੱਤਵ ਇਸ ਤੋਂ ਦਿਖਾਈ ਦਿੰਦਾ ਹੈ ਕਿ:**

| | |
|---|---|
| 1. ਤੁਸੀਂ ਵਿਸ਼ਵਾਸ ਤੋਂ ਬਿਨਾਂ ਮੁਕਤੀ ਨਹੀਂ ਪਾ ਸਕਦੇ। | ਯੂਹੰਨਾ 3:36 |
| 2. ਤੁਸੀਂ ਸੰਸਾਰ ਉੱਤੇ ਜਿੱਤ ਦਾ ਜੀਵਨ ਨਹੀਂ ਜੀ ਸਕਦੇ। | 1 ਯੂਹੰਨਾ 5:4 |
| 3. ਤੁਸੀਂ ਪਰਮੇਸ਼ਰ ਨੂੰ ਪਰਸੰਨ ਨਹੀਂ ਕਰ ਸਕਦੇ। | ਇਬਰਾਨੀਆਂ 11:6 |
| 4. ਤੁਸੀਂ ਪ੍ਰਾਰਥਨਾ ਨਹੀਂ ਕਰ ਸਕਦੇ। | ਯਾਕੂਬ 1:6 |
| 5. ਤੁਹਾਡਾ ਮੇਲ ਪਰਮੇਸ਼ਰ ਨਾਲ ਨਹੀਂ ਹੋ ਸਕਦਾ। | ਰੋਮੀਆਂ 5:1 |
| 6. ਤੁਸੀਂ ਅਨੰਦ ਨਹੀਂ ਪਾ ਸਕਦੇ। | 1 ਪਤਰਸ 1:8 |
| 7. ਤੁਸੀਂ ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਂਦੇ ਹੋ। | ਗਲਾਤੀਆਂ 2:16 |
| 8. ਤੁਹਾਨੂੰ ਵਿਸ਼ਵਾਸ ਦੁਆਰਾ ਜੀਉਣਾ ਪੈਂਦਾ ਹੈ। | ਗਲਾਤੀਆਂ 2:20 |
| 9. ਤੁਸੀਂ ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਂਦੇ ਹੋ। | ਰੋਮੀਆਂ 10:1-4 |
| 10. ਵਿਸ਼ਵਾਸ ਦੁਆਰਾ ਮਸੀਹ ਤੁਹਾਡੇ ਹਿਰਦਿਆਂ ਵਿੱਚ ਵਾਸ ਕਰਦਾ ਹੈ। | ਅਫ਼ਸੀਆਂ 3:17 |
| 11. ਵਿਸ਼ਵਾਸ ਦੁਆਰਾ ਪਵਿੱਤਰ ਆਤਮਾ ਪਾਇਆ ਜਾਂਦਾ ਹੈ। | ਗਲਾਤੀਆਂ 3:2 |
| 12. ਜੋ ਕੁਝ ਵੀ ਵਿਸ਼ਵਾਸ ਤੋਂ ਨਹੀਂ ਹੈ ਉਹ ਪਾਪ ਹੈ। | ਰੋਮੀਆਂ 14:23 |

ਵਿਸ਼ਵਾਸ ਇਸ ਲਈ ਮਹੱਵਪੂਰਣ ਹੈ ਕਿਉਂਕਿ ਇਸ ਤੋਂ ਪਰਮੇਸ਼ਰ ਨੂੰ ਆਦਰ ਮਿਲਦਾ ਹੈ, ਅਤੇ ਪਰਮੇਸ਼ਰ ਵਿਸ਼ਵਾਸ ਦਾ ਆਦਰ ਕਰਦਾ ਹੈ।

## L. ਵਿਸ਼ਵਾਸ ਦੇ ਥੰਮ੍ਹ ਇਬਰਾਨੀਆਂ 11

ਤੁਹਾਨੂੰ ਇਸ ਅਧਿਆਏ ਨੂੰ ਬਾਰ-ਬਾਰ ਪੜ੍ਹਨਾ ਅਤੇ ਇਸ ਉੱਤੇ ਮਨਨ ਕਰਨਾ ਚਾਹੀਦਾ ਹੈ ਤਾਂ ਜੋ ਪ੍ਰਭੂ ਵਿੱਚ ਤੁਹਾਡਾ ਵਿਸ਼ਵਾਸ ਮਜਬੂਤ ਹੋਵੇ, ਕਿਉਂਕਿ ਇਸ ਅਧਿਆਏ ਵਿੱਚ ਸਾਨੂੰ ਇਸਰਾਏਲ ਅਤੇ ਕਲੀਸੀਆ ਦੇ ਇਤਿਹਾਸ ਬਾਰੇ ਪਤਾ ਲੱਗਦਾ ਹੈ, ਅਤੇ ਇਹ ਸੰਤਾਂ ਦੀਆਂ ਮਹਾਨ ਪ੍ਰਾਪਤੀਆਂ ਸਹਿਤ ਵਿਸ਼ਵਾਸ ਦੁਆਰਾ ਲਿਖਿਆ ਗਿਆ ਹੈ।

| | |
|---|---|
| 4 ਆਇਤ | ਉਨ੍ਹਾਂ ਹਾਬਲ ਵਾਂਗ ਵਿਸ਼ਵਾਸ ਨਾਲ ਉਪਾਸਨਾ ਕੀਤੀ। |
| 5 ਆਇਤ | ਉਹ ਹਨੋਕ ਵਾਂਗ ਵਿਸ਼ਵਾਸ ਨਾਲ ਚੱਲੇ। |
| 7 ਆਇਤ | ਉਨ੍ਹਾਂ ਨੂਹ ਵਾਂਗ ਵਿਸ਼ਵਾਸ ਨਾਲ ਕੰਮ ਕੀਤਾ। |
| 8-19 ਆਇਤ | ਉਨ੍ਹਾਂ ਅਬਰਾਹਮ ਵਾਂਗ ਵਿਸ਼ਵਾਸ ਦਾ ਜੀਵਨ ਬਿਤਾਇਆ। |
| 20-22 ਆਇਤ | ਉਨ੍ਹਾਂ ਇਸਹਾਕ, ਯਾਕੂਬ ਅਤੇ ਯੂਸੁਫ਼ ਵਾਂਗ ਬਰਕਤ ਦੀਆਂ ਗੱਲਾਂ ਆਖੀਆਂ। |
| 23-28 ਆਇਤ | ਉਨ੍ਹਾਂ ਮੂਸਾ ਵਾਂਗ ਵਿਸ਼ਵਾਸ ਨਾਲ ਅਗਵਾਈ ਕੀਤਾ। |
| 29 ਆਇਤ | ਉਹ ਇਸਰਾਏਲੀਆਂ ਵਾਂਗ ਵਿਸ਼ਵਾਸ ਨਾਲ ਸਮੁੰਦਰ ਵਿੱਚੋਂ ਦੀ ਲੰਘੇ। |
| 30 ਆਇਤ | ਉਹ ਯਹੋਸ਼ੁਆ ਵਾਂਗ ਵਿਸ਼ਵਾਸ ਨਾਲ ਲੜੇ। |

31 ਆਇਤ ਜਿਹੜੇ ਗੈਰ ਕੌਮਾਂ ਵਿੱਚੋਂ ਸਨ ਉਨ੍ਹਾਂ ਰਹਾਬ ਵਾਂਗ ਮੁਕਤੀ ਪਾਈ।
32-33 ਆਇਤ ਉਨ੍ਹਾਂ ਗਿਦਾਊਨ ਵਾਂਗ ਵਿਸ਼ਵਾਸ ਨਾਲ ਦੂਸਰੀਆਂ ਕੌਮਾਂ ਉੱਤੇ ਜਿੱਤ ਪਾਈ।
33 ਆਇਤ ਉਨ੍ਹਾਂ ਦਾਨੀਏਲ ਵਾਂਗ ਵਿਸ਼ਵਾਸ ਨਾਲ ਸ਼ੇਰਾਂ ਦੇ ਮੂੰਹ ਬੰਦ ਕੀਤੇ।
34 ਆਇਤ ਉਹ ਉਨ੍ਹਾਂ ਤਿੰਨ ਇਬਰਾਨੀ ਲੜਕਿਆਂ ਵਾਂਗ ਵਿਸ਼ਵਾਸ ਨਾਲ ਅੱਗ ਵਿੱਚੋਂ ਦੀ ਲੰਘੇ।
35-38 ਆਇਤ ਪੌਲੁਸ ਵਾਂਗ ਵਿਸ਼ਵਾਸ ਨਾਲ ਦੁੱਖ ਝੱਲਿਆ ਅਤੇ ਇਸਤੀਫ਼ਾਨ ਵਾਂਗ ਵਿਸ਼ਵਾਸ ਨਾਲ ਮਰੇ।

ਇਬਰਾਨੀਆਂ 11:38-40
**ਕੇਵਲ** ਸਰਬ ਸ਼ਕਤੀਮਾਨ ਪ੍ਰਭੂ ਯਿਸੂ ਮਸੀਹ ਉੱਤੇ **ਵਿਸ਼ਵਾਸ ਕਰਕੇ ਹੀ** ਤੁਸੀਂ ਆਪਣੇ **ਹਲਾਤਾਂ ਉੱਤੇ ਰਾਜ ਕਰ ਸਕਦੇ** ਹੋ ਅਤੇ ਉਨ੍ਹਾਂ ਸਾਰੀਆਂ ਬੁਰੀਆਂ ਤਾਕਤਾਂ ਉੱਤੇ **ਜਿੱਤ ਪਾ ਸਕਦੇ** ਹੋ ਜੋ ਤੁਹਾਨੂੰ ਬਰਬਾਦ ਕਰ ਸਕਦੀਆਂ ਹਨ।

ਇਬਰਾਨੀਆਂ 12:1-3 ਉਪਰੰਤ ਜਦੋਂ ਗਵਾਹਾਂ ਦੇ ਐਨੇ ਵੱਡੇ ਬੱਦਲ ਨੇ ਸਾਨੂੰ ਘੇਰਿਆ ਹੋਇਆ ਹੈ ਤਾਂ ਆਓ…ਯਿਸੂ ਦੀ ਵੱਲ ਤੱਕਦੇ ਰਹੀਏ ਜਿਹੜਾ ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ।

ਬੀਤੇ ਸਮੇਂ ਦੇ ਸੰਤਾਂ ਦਾ ਵਿਸ਼ਵਾਸ ਜਦੋਂ ਉਹ ਉੱਪਰੋਂ ਵੇਖ ਰਹੇ ਹਨ ਸਾਨੂੰ ਪ੍ਰੇਰਿਤ ਅਤੇ ਉਤਸਾਹਿਤ ਕਰਦਾ ਹੈ। ਪਰ ਸਾਨੂੰ: ਵਿਸ਼ਵਾਸ ਦੇ ਕਰਤਾ ਅਤੇ ਸੰਪੂਰਨ ਕਰਨ ਵਾਲੇ ਯਿਸੂ ਦੀ ਵੱਲ ਤੱਕਦੇ ਰਹਿਣਾ ਚਾਹੀਦਾ ਹੈ, ਜਿਵੇਂ ਪਤਰਸ ਨੇ ਕੀਤਾ, ਕਿਉਂਕਿ ਵਿਸ਼ਵਾਸ ਸੁਣਨ ਨਾਲ ਅਤੇ ਸੁਣਨਾ ਮਸੀਹ ਦੇ ਵਚਨ ਤੋਂ ਆਉਂਦਾ ਹੈ।

---

ਧੰਨਵਾਦ: ਕੁਝ ਹਿੱਸੇ ਪੋਰਟਰ ਬੈਰਿੰਗਟਨ ਦੁਆਰਾ ਤਿਆਰ ਕੀਤੇ ਗਏ ਨੋਟਸ ਅਤੇ ਮਾਸਟਰ ਆਊਟਲਾਈਨਸ ਵਿੱਚੋਂ ਲਏ ਗਏ ਹਨ।

## III. ਨਿਆਂ

### A. ਜਾਣ ਪਛਾਣ

ਬਾਈਬਲ ਵਿੱਚ **ਪੰਜ ਵੱਖ-ਵੱਖ ਤਰ੍ਹਾਂ ਦੇ ਨਿਆਂ** ਦੱਸੇ ਗਏ ਹਨ ਅਤੇ ਸਮੇਂ, ਸਥਾਨ ਅਤੇ ਉਦੇਸ਼ ਦੇ ਹਿਸਾਬ ਨਾਲ ਇਹ ਵੱਖ-ਵੱਖ ਹਨ। ਤਾਂ ਵੀ ਇਨ੍ਹਾਂ ਸਾਰਿਆਂ ਵਿੱਚ ਇੱਕ ਗੱਲ ਸਾਂਝੀ ਹੈ: ਜੋ ਨਿਆਈਂ ਹੈ ਉਹ ਪ੍ਰਭੂ ਯਿਸੂ ਮਸੀਹ ਹੈ।

ਯੂਹੰਨਾ 5:22 ਪਿਤਾ ਕਿਸੇ ਦਾ ਨਿਆਉਂ ਨਹੀਂ ਕਰਦਾ ਪਰ ਉਸ ਨੇ ਸਾਰਾ ਨਿਆਉਂ ਪੁੱਤ੍ਰ ਨੂੰ ਸੌਂਪ ਦਿੱਤਾ ਹੈ।

ਆਦਮ ਤੋਂ ਲੈ ਕੇ ਇਸ ਧਰਤੀ ਉੱਤੇ ਪੈਦਾ ਹੋਣ ਵਾਲਾ ਅਖੀਰਲਾ ਵਿਅਕਤੀ ਨਿਆਂ ਲਈ ਪ੍ਰਭੂ ਯਿਸੂ ਮਸੀਹ ਦੇ ਸਾਹਮਣੇ ਖੜ੍ਹਾ ਹੋਵੇਗਾ।

### B. ਪਾਪ ਦਾ ਨਿਆਂ ਰੋਮੀਆਂ 8:3

ਪਹਿਲੇ ਨਿਆਂ ਵਿੱਚ ਵਿਸ਼ਵਾਸੀ ਦੇ ਪਾਪਾਂ ਦਾ ਨਿਆਂ ਸਲੀਬ ਉੱਤੇ ਯਿਸੂ ਮਸੀਹ ਵਿੱਚ ਪਹਿਲਾਂ ਹੀ ਕਰ ਦਿੱਤਾ ਗਿਆ ਹੈ।

ਸਲੀਬ ਉੱਤੇ ਯਿਸੂ ਮਸੀਹ ਵਿੱਚ ਸਾਡੇ ਪਾਪਾਂ ਦਾ ਨਿਆਂ ਹੋ ਚੁੱਕਿਆ ਹੈ ਅਤੇ ਹਰੇਕ ਵਿਸ਼ਵਾਸੀ "*ਮੌਤ ਵਿੱਚੋਂ ਪਾਰ ਲੰਘ ਕੇ ਜੀਵਨ ਵਿੱਚ ਪਹੁੰਚ ਚੁੱਕਿਆ ਹੈ*" ਯਿਸੂ ਨੇ ਸਾਡੇ ਪਾਪਾਂ ਦਾ ਸਾਰਾ ਹਰਜਾਨਾ ਭਰ ਦਿੱਤਾ (ਰੋਮੀਆਂ 6:23)। ਵਿਸ਼ਵਾਸੀ ਦੇ ਥਾਂ ਉਸ ਦਾ ਨਿਆਂ ਕੀਤਾ ਗਿਆ। ਵਿਸ਼ਵਾਸੀ ਨੂੰ ਪਾਪ ਦੇ ਕਰਕੇ ਕਦੇ ਵੀ ਨਿਆਂ ਵਿੱਚ ਖੜ੍ਹੇ ਨਹੀਂ ਹੋਣਾ ਪਵੇਗਾ ਕਿਉਂਕਿ:

- ਅਸੀਂ **ਪਾਪ ਅਤੇ ਮੌਤ ਤੋਂ ਛੁਡਾਏ ਗਏ** ਹਾਂ ਕਿਉਂਕਿ ਪਰਮੇਸ਼ੁਰ ਨੇ ਆਪਣੇ ਪੁੱਤਰ ਯਿਸੂ ਮਸੀਹ ਦੀ ਦੇਹ ਵਿੱਚ ਪਾਪ ਨੂੰ ਦੰਡ ਦੇ ਦਿੱਤਾ।

    ਰੋਮੀਆਂ 8:1-4

- "ਉਹ ਆਪਣੇ ਬਲੀਦਾਨ ਦੁਆਰਾ **ਪਾਪ ਨੂੰ ਦੂਰ ਕਰਨ** ਲਈ ਪਰਗਟ ਹੋਇਆ।"

    ਇਬਰਾਨੀਆਂ 9:26    2 ਕੁਰਿੰਥੀਆਂ 5:19

- ਵਿਸ਼ਵਾਸੀ ਨੂੰ **ਕਦੇ ਵੀ** ਸੰਸਾਰ ਨਾਲ **ਦੋਸ਼ੀ ਨਹੀਂ ਠਹਿਰਾਇਆ ਜਾਵੇਗਾ**, ਕਿਉਂਕਿ ਸਾਡੇ ਥਾਂ ਯਿਸੂ ਮਸੀਹ ਨੂੰ ਦੋਸ਼ੀ ਠਹਿਰਾ ਦਿੱਤਾ ਗਿਆ।

    2 ਕੁਰਿੰਥੀਆਂ 5:21
- ਯਿਸੂ ਮਸੀਹ ਨੇ ਹਰਜਾਨਾ ਭਰ ਦਿੱਤਾ ਅਤੇ ਸਾਡੇ ਲਈ ਹੋਈ ਉਸਦੀ ਮੌਤ ਦੇ ਰਕੇ ਵਿਸ਼ਵਾਸੀ **ਸਦਾ ਲਈ ਆਪਣੇ ਪਾਪਾਂ ਤੋਂ ਦੂਰ ਹਟ ਗਿਆ**।    ਜ਼ਬੂਰਾਂ ਦੀ ਪੋਥੀ 103:12
- ਵਿਸ਼ਵਾਸੀ ਦੇ ਪਾਪ **"ਮਿਟਾ ਦਿੱਤੇ"** ਗਏ ਹਨ ਅਤੇ ਪਰਮੇਸ਼ੁਰ ਨੇ ਵਾਦਾ ਕੀਤਾ ਹੈ ਕਿ ਉਹ "ਸਾਡੇ ਪਾਪ ਕਦੇ **ਯਾਦ ਨਹੀਂ** ਕਰੇਗਾ।" ਯਸਾਯਾਹ 43:25
- ਸਾਡੇ ਪ੍ਰਭੂ ਨੇ ਸਾਡੇ ਪਾਪਾਂ ਲਈ ਦੁੱਖ ਉਠਾਇਆ, ਅਰਥਾਤ "ਧਰਮੀ ਨੇ ਅਧਰਮੀਆਂ ਲਈ," ਤਾਂ ਜੋ ਅਸੀਂ ਬਚਾਏ ਜਾਈਏ ਅਤੇ ਸਾਨੂੰ **ਕਦੇ ਵੀ** ਪਾਪੀਆਂ ਦੇ ਤੌਰ 'ਤੇ **ਨਿਆਂ ਦਾ ਸਾਹਮਣਾ ਨਾ ਕਰਨਾ ਪਵੇ**। 1 ਪਤਰਸ 3:18।
- ਵਿਸ਼ਵਾਸੀ ਨੂੰ ਕਦੇ ਨਿਆਂ ਵਿੱਚ ਖੜ੍ਹੇ ਨਹੀਂ ਹੋਣਾ ਪਵੇਗਾ ਕਿਉਂਕਿ ਉਸਦੇ ਪਾਪ **ਸਾਫ਼ ਜਾਂ ਸ਼ੁੱਧ** ਕਰ ਦਿੱਤੇ ਗਏ ਹਨ।

    ਇਬਰਾਨੀਆਂ 1:3
- ਯਿਸੂ ਮਸੀਹ ਸਾਡੇ ਲਈ ਸਲੀਬ ਉੱਤੇ ਸਰਾਪ ਬਣ ਗਿਆ ਅਤੇ ਸਾਨੂੰ "ਬਿਵਸਥਾ ਦੇ ਸਰਾਪ ਤੋਂ ਛੁਡਾ ਦਿੱਤਾ।" ਗਲਾਤੀਆਂ 3:13

## C. ਵਿਸ਼ਵਾਸੀ ਦਾ ਆਪਣੇ ਆਪ ਨੂੰ ਜਾਂਚਣਾ

**1 ਕੁਰਿੰਥੀਆਂ 11:31-32**

ਪਰ ਜੇ ਅਸੀਂ **ਆਪਣੇ ਆਪ ਨੂੰ ਜਾਚਦੇ** ਤਾਂ ਜਾਚੇ ਨਾ ਜਾਂਦੇ। ਪਰ ਜਾਂ ਜਾਚੇ ਜਾਂਦੇ ਹਾਂ ਤਾਂ ਪ੍ਰਭੁ ਤੋਂ ਤਾੜੇ ਜਾਂਦੇ ਹਾਂ ਤਾਂ ਜੋ ਅਸੀਂ ਸੰਸਾਰ ਨਾਲ ਦੋਸ਼ੀ ਨਾ ਠਹਿਰਾਏ ਜਾਈਏ।

ਵਿਸ਼ਵਾਸੀ ਦਾ ਸਵੈ ਨੂੰ ਜਾਂਚਣਾ ਜਿੰਦਗੀ ਦੀਆਂ ਆਮ ਗੱਲਾਂ ਦੀ ਜਾਂਚ ਕਰਨ ਨਾਲੋਂ ਵੱਧ ਕੇ ਹੈ। ਜਦੋਂ ਅਸੀਂ ਆਪਣੇ ਆਪ ਨੂੰ ਜਾਂਚਦੇ ਹਾਂ ਤਾਂ ਸਾਡੇ ਜੀਵਨ ਦੀਆਂ ਚੰਗੀਆਂ ਅਤੇ ਮਾੜੀਆਂ ਗੱਲਾਂ ਦਾ ਪਤਾ ਲੱਗਦਾ ਹੈ; ਅਸੀਂ ਮਾੜੀਆਂ ਗੱਲਾਂ ਦਾ ਅੰਗੀਕਾਰ ਕਰ ਲੈਂਦੇ ਹਾਂ (1 ਯੂਹੰਨਾ 1:9) ਅਤੇ ਇਨ੍ਹਾਂ ਨੂੰ ਤਿਆਗ ਦਿੰਦੇ ਹਾਂ (ਯਸਾਯਾਹ 55:7)।

ਸਾਨੂੰ ਆਪਣੇ ਜੀਵਨ ਵਿੱਚ ਪਾਪ ਨੂੰ ਜਾਂਚਣਾ ਜਰੂਰੀ ਹੈ ਅਤੇ ਆਪਣੇ ਆਪ ਨੂੰ ਜਾਂਚਣਾ ਵੀ ਜਰੂਰੀ ਹੈ।

- ਆਪਣੇ ਆਪ ਨੂੰ ਜਾਂਚਣ ਦਾ ਮਤਲਬ ਹੈ ਇਹ ਮੰਨ ਲੈਣਾ "*ਭਈ ਮੇਰੇ ਅੰਦਰ ਅਰਥਾਤ ਮੇਰੇ ਸਰੀਰ ਦੇ ਅੰਦਰ ਕੋਈ ਭਲੀ ਗੱਲ ਹੈ ਨਹੀਂ*" ਰੋਮੀਆਂ 7:18
- ਆਪਣੇ ਆਪ ਨੂੰ ਜਾਂਚਣ ਦਾ ਮਤਲਬ ਹੈ ਇਹ ਮੰਨ ਲੈਣਾ ਕਿ ਆਪਣੀ ਸਲੀਬ ਚੁੱਕ ਕੇ ਯਿਸੂ ਦੇ ਪਿੱਛੇ ਚੱਲਦੇ ਹੋਏ ਸਵੈ ਦਾ ਮਰਨਾ ਜਰੂਰੀ ਹੈ। ਲੂਕਾ 9:23-24
- ਆਪਣੇ ਆਪ ਨੂੰ ਜਾਂਚਣ ਦਾ ਮਤਲਬ ਹੈ ਆਪਣੇ ਜੀਵਨ ਨੂੰ ਮਸੀਹ ਦੇ ਜੀਵਨ ਨਾਲ ਵਟਾਉਣਾ।
  ਕੁਲੁੱਸੀਆਂ 3:4; ਗਲਾਤੀਆਂ 2:20
- ਆਪਣੇ ਆਪ ਨੂੰ ਜਾਂਚਣ ਦਾ ਮਤਲਬ ਹੈ ਅੱਗੇ ਤੋਂ ਆਪਣੇ ਪ੍ਰਤੀ ਸਚੇਤ ਨਾ ਰਹਿ ਕੇ ਮਸੀਹ ਬਾਰੇ ਸਚੇਤ ਰਹਿਣਾ।
  ਮੱਤੀ 28:20
- ਆਪਣੇ ਆਪ ਨੂੰ ਜਾਂਚਣ ਦਾ ਮਤਲਬ ਹੈ ਅੱਗੇ ਤੋਂ ਆਪਣਾ ਸੰਚਾਲਨ ਆਪ ਨਾ ਕਰਕੇ ਮਸੀਹ ਦੁਆਰਾ ਚਲਾਏ ਜਾਣਾ।
  ਰਸੂਲਾਂ ਦੇ ਕਰਤਬ 9:5-6
- ਆਪਣੇ ਆਪ ਨੂੰ ਜਾਂਚਣ ਦਾ ਅਰਥ ਹੈ ਅੱਗੇ ਤੋਂ ਆਪਣੇ ਹੀ ਆਦਰ ਦੇ ਚਾਹਵੰਦ ਨਾ ਹੋ ਕੇ ਦੂਸਰਿਆਂ ਨੂੰ ਆਪਣੇ ਤੋਂ ਉੱਤਮ ਜਾਣਨਾ। ਫਿਲਿੱਪੀਆਂ 2:3
- ਸਾਨੂੰ ਆਪਣੇ ਆਪ ਨੂੰ ਜਾਂਚਣਾ ਚਾਹੀਦਾ ਹੈ ਅਤੇ ਦੂਸਰਿਆਂ ਨੂੰ ਨਹੀਂ।
  ਯੂਹੰਨਾ 8:7-11 ਮੱਤੀ 7:1-5 ਰੋਮੀਆਂ 14:4, 10-13

## D. ਵਿਸ਼ਵਾਸੀ ਦੇ ਕੰਮਾਂ ਦਾ ਨਿਆਂ

**2 ਕੁਰਿੰਥੀਆਂ 5:10**

ਕਿਉਂ ਜੋ ਅਸਾਂ ਸਭਨਾਂ ਨੇ **ਮਸੀਹ ਦੇ ਨਿਆਉਂ ਦੇ ਸਿੰਘਾਸਣ** ਦੇ ਸਾਹਮਣੇ ਪਰਗਟ ਹੋਣਾ ਹੈ ਭਈ **ਹਰੇਕ** ਜੋ ਕੁਝ ਉਸ ਨੇ ਦੇਹੀ ਵਿੱਚ ਕੀਤਾ ਭਾਵੇਂ **ਭਲਾ ਭਾਵੇਂ ਬੁਰਾ** ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ **ਫਲ ਭੋਗੇ**।

ਵਿਸ਼ਵਾਸੀ ਦੇ ਕੰਮਾਂ ਦਾ ਨਿਆਂ "*ਮਸੀਹ ਦੇ ਨਿਆਂ ਦੇ ਸਿੰਘਾਸਣ*" ਦੇ ਸਾਹਮਣੇ ਹੋਵੇਗਾ। "*ਮਸੀਹ ਦਾ ਨਿਆਂ ਦਾ ਸਿੰਘਾਸਣ*," ਇਹ ਵਾਕ ਬਾਈਬਲ ਵਿੱਚ ਕੇਵਲ ਦੋ ਹੀ ਵਾਰ ਮਿਲਦਾ ਹੈ; ਪਰ ਇਸ ਦਾ ਹਵਾਲਾ ਬਹੁਤ ਵਾਰ ਦਿੱਤਾ ਗਿਆ ਹੈ।

ਇਹ ਵਾਕ ਉੱਪਰ ਦਿੱਤੀ ਗਈ ਆਇਤ ਵਿੱਚ ਮਿਲਦਾ ਹੈ; ਨਾਲ ਹੀ ਰੋਮੀਆਂ 14:10 ਨੂੰ ਵੀ ਵੇਖੋ। ਸੰਦਰਭ ਨੂੰ ਧਿਆਨ ਵਿੱਚ ਰੱਖ ਕੇ ਜੇਕਰ ਇਨ੍ਹਾਂ ਦੋਹਾਂ ਆਇਤਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ **ਕੇਵਲ ਵਿਸ਼ਵਾਸੀ** ਹੀ "*ਮਸੀਹ ਦੇ ਨਿਆਂ ਦੇ ਸਿੰਘਾਸਣ*" ਦੇ ਸਾਹਮਣੇ ਪੇਸ਼ ਹੋਣਗੇ।

ਉਨ੍ਹਾਂ ਦੇ ਕੰਮਾਂ ਦਾ ਨਿਆਂ ਹੋਵੇਗਾ, **ਉਨ੍ਹਾਂ ਦੇ ਪਾਪਾਂ ਦਾ ਨਹੀਂ**, ਕਿਉਂਕਿ ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ ਕਿ ਵਿਸ਼ਵਾਸੀ ਦੇ ਪਾਪਾਂ ਦਾ ਨਿਆਂ ਸਲੀਬ ਉੱਤੇ ਮਸੀਹ ਵਿੱਚ ਹੋ ਚੁੱਕਿਆ ਹੈ ਅਤੇ ਇਸ ਲਈ ਹੁਣ ਉਹ ਜੋ ਮਸੀਹ ਯਿਸੂ ਵਿੱਚ ਹਨ ਨਿਆਂ ਦੇ ਹੇਠ ਨਹੀਂ ਹਨ।

ਰੋਮੀਆਂ 8:1

- ਇਹ ਨਿਆਂ ਪਹਿਲੇ ਪਨੁਰਉੱਥਾਨ ਤੋਂ ਬਾਦ "*ਹਵਾ ਵਿੱਚ*" ਹੋਵੇਗਾ। "*ਪਹਿਲਾਂ ਮਸੀਹ ਵਿੱਚ ਮੋਏ ਜੀ ਉੱਠਣਗੇ*"
(1 ਕੁਰਿੰਥੀਆਂ 4:14-18)

- ਮੁਕਤੀ ਪਾਏ ਹੋਏ ਅਤੇ ਮੁਕਤੀ ਨਾ ਪਾਏ ਹੋਇਆਂ ਦੇ ਵਿਚਕਾਰ ਹਜ਼ਾਰ ਸਾਲ ਦਾ ਫਾਸਲਾ ਹੋਵੇਗਾ (ਪਰਕਾਸ਼ ਦੀ ਪੋਥੀ 20:4-5) ਅਤੇ "*ਮਸੀਹ ਦੇ ਨਿਆਂ ਦੇ ਸਿੰਘਾਸਣ*," ਜਿੱਥੇ ਕੇਵਲ ਮੁਕਤੀ ਪਾਏ ਹੋਏ ਪੇਸ਼ ਹੋਣਗੇ ਅਤੇ "*ਨਿਆਂ ਦੇ ਚਿੱਟੇ ਸਿੰਘਾਸਣ*," ਜਿੱਥੇ ਕੇਵਲ ਮੁਕਤੀ ਨਾ ਪਾਏ ਹੋਏ ਪੇਸ਼ ਹੋਣਗੇ, ਦੇ ਵਿਚਕਾਰ ਹਜ਼ਾਰ ਸਾਲ ਦਾ ਫਾਸਲਾ ਹੋਵੇਗਾ।

- ਮਸੀਹ ਦੇ ਨਿਆਂ ਦੇ ਸਿੰਘਾਸਣ ਦੇ ਸਾਹਮਣੇ ਵਿਸ਼ਵਾਸੀ ਪਰਮੇਸ਼ਰ ਦੇ ਸਾਹਮਣੇ ਆਪਣਾ ਹਿਸਾਬ ਦੇਵੇਗਾ। ਇਸ ਲਈ ਸਾਨੂੰ ਦੂਸਰਿਆਂ ਦੇ ਬਜਾਏ ਆਪਣੇ ਕੰਮਾਂ ਉੱਤੇ ਧਿਆਨ ਦੇਣਾ ਚਾਹੀਦਾ ਹੈ (ਰੋਮੀਆਂ 14:10-13)।

- ਇਹ ਪਤਾ ਹੋਣਾ ਸਭ ਤੋਂ ਹਲੀਮ ਕਰਨ ਵਾਲਾ ਵਿਚਾਰ ਹੈ ਕਿ ਇੱਕ ਦਿਨ ਵਿਸ਼ਵਾਸੀ ਨੂੰ ਆਪਣੇ ਸਾਰੇ ਕੰਮਾਂ, *ਭਾਵੇਂ ਚੰਗੇ ਭਾਵੇਂ ਮਾੜੇ*, ਦਾ ਸਾਹਮਣਾ ਕਰਨਾ ਪਵੇਗਾ ਅਤੇ "*ਲਾਪਰਵਾਹੀ ਦੇ ਹਰ ਇੱਕ ਸ਼ਬਦ ਦਾ ਹਿਸਾਬ ਦੇਣਾ ਪਵੇਗਾ*" (ਮੱਤੀ 12:36-37)। ਕਈਆਂ ਨੂੰ ਸ਼ਰਮਿੰਦਾ ਹੋਣਾ ਪਵੇਗਾ (1 ਯੂਹੰਨਾ 2:28) ਅਤੇ "*ਹਾਨੀ ਝੱਲਣੀ ਪਵੇਗੀ*" – ਉਨ੍ਹਾਂ ਦੀ ਮੁਕਤੀ ਦੀ ਹਾਨੀ ਨਹੀਂ, ਪਰ ਇਨਾਮਾਂ ਦੀ ਹਾਨੀ (1 ਕੁਰਿੰਥੀਆਂ 3:11-15)। ਇਸ ਕਰਕੇ ਜੋ ਕੁਝ ਵੀ ਤੁਸੀਂ ਕਰਦੇ ਹੋ, ਪਰਮੇਸ਼ਰ ਦੀ ਮਹਿਮਾ ਲਈ ਕਰੋ (ਕੁਲੁੱਸੀਆਂ 3:17)।

## E. ਕੌਮਾਂ ਦਾ ਨਿਆਂ

**ਮੱਤੀ 25:31-46**

ਇਹ ਨਿਆਂ ਵੱਡੇ ਚਿੱਟੇ ਸਿੰਘਾਸਣ ਵਾਲਾ ਨਿਆਂ ਨਹੀਂ ਹੈ (ਪਰਕਾਸ਼ ਦੀ ਪੋਥੀ 20:11-15)। ਦੋਹਾਂ ਨਿਆਵਾਂ ਦੀ ਧਿਆਨਪੂਰਵਕ ਤੁਲਨਾ ਕੀਤੇ ਜਾਣ 'ਤੇ ਹੇਠ ਲਿਖੇ ਤੱਥ ਸਥਾਪਿਤ ਹੋਣਗੇ:

- ਕੌਮਾਂ ਦਾ ਨਿਆਂ ਉਦੋਂ ਹੋਵੇਗਾ "*ਜਦੋਂ ਪਰਮੇਸ਼ਰ ਦਾ ਪੁੱਤਰ ਆਪਣੀ ਮਹਿਮਾ ਵਿੱਚ ਆਵੇਗਾ…ਇਸ ਤੋਂ ਬਾਦ ਉਹ ਆਪਣੇ ਮਹਿਮਾ ਦੇ ਸਿੰਘਾਸਣ ਉੱਤੇ ਬੈਠੇਗਾ*" ਵੱਡੇ ਚਿੱਟੇ ਸਿੰਘਾਸਣ ਨੂੰ ਕਦੇ ਵੀ "ਉਸਦੀ ਮਹਿਮਾ ਦਾ ਸਿੰਘਾਸਣ ਨਹੀਂ ਕਿਹਾ ਗਿਆ ਹੈ। (ਪਰਕਾਸ਼ ਦੀ ਪੋਥੀ 20:11-15)।

- ਇਸ ਨਿਆਂ ਵਿੱਚ ਉਹ ਉਨ੍ਹਾਂ ਕੌਮਾਂ ਦਾ ਨਿਆਂ ਕਰੇਗਾ ਜੋ ਉਸ ਸਮੇਂ ਜੀਉਂਦੀਆਂ ਹੋਣਗੀਆਂ (ਯੋਏਲ 3:11-16)। ਚਿੱਟੇ ਸਿੰਘਾਸਣ ਵਾਲੇ ਨਿਆਂ ਦੇ ਸਮੇਂ ਉਹ ਮਰ ਚੁੱਕੇ ਦੁਸ਼ਟਾਂ ਦਾ ਨਿਆਂ ਕਰੇਗਾ।

- ਇਸ ਨਿਆਂ ਵਿੱਚ ਮੁਰਦਿਆਂ ਦਾ ਜੀ ਉੱਠਣਾ ਨਹੀਂ ਹੋਵੇਗਾ। ਵੱਡੇ ਚਿੱਟੇ ਸਿੰਘਾਸਣ ਵਾਲੇ ਨਿਆਂ ਦੇ ਸਮੇਂ ਸਾਰੇ ਦੁਸ਼ਟ ਜੋ ਮਰ ਚੁੱਕੇ ਹੋਣਗੇ ਉਹ ਜਿਵਾਏ ਜਾਣਗੇ: "*ਅਤੇ ਸਮੁੰਦਰ ਨੇ ਓਹ ਮੁਰਦੇ ਜਿਹੜੇ ਉਹ ਦੇ ਵਿੱਚ ਸਨ ਮੋੜ ਦਿੱਤੇ ਅਤੇ ਕਾਲ ਅਤੇ ਪਤਾਲ ਨੇ ਓਹ ਮੁਰਦੇ ਜਿਹੜੇ ਓਹਨਾਂ ਵਿੱਚ ਸਨ ਮੋੜ ਦਿੱਤੇ...*" (ਪਰਕਾਸ਼ ਦੀ ਪੋਥੀ 20:13)।

- ਇਸ ਨਿਆਂ ਦੇ ਸਮੇਂ ਜੋ ਨਿਆਈਂ ਹੈ ਉਹ "ਰਾਜਾ" ਪਰਮੇਸ਼ਰ ਹੈ ਜਿਹੜਾ ਧਰਤੀ ਉੱਤੇ ਆਪਣੇ ਰਾਜ ਦੇ ਦੌਰਾਨ ਉਸ ਸਮੇਂ ਜੀਉਂਦੀਆਂ ਕੌਮਾਂ ਦਾ ਨਿਆਂ ਕਰੇਗਾ। ਵੱਡੇ ਚਿੱਟੇ ਸਿੰਘਾਸਣ ਉੱਤੇ ਜੋ ਨਿਆਈਂ ਹੈ ਉਹ ਪਰਮੇਸ਼ਰ ਹੈ ਜਿਹੜਾ ਕੇਵਲ ਮਰ ਚੁੱਕੇ ਦੁਸ਼ਟਾਂ ਦਾ ਨਿਆਂ ਕਰੇਗਾ।

- ਇਸ ਨਿਆਂ ਦੇ ਸਮੇਂ ਕੋਈ ਪੁਸਤਕਾਂ ਨਹੀਂ ਖੋਲ੍ਹੀਆਂ ਜਾਣਗੀਆਂ। ਵੱਡੇ ਚਿੱਟੇ ਸਿੰਘਾਸਣ ਦੇ ਸਮੇਂ "*ਪੋਥੀਆਂ ਖੋਲ੍ਹੀਆਂ ਗਈਆਂ*।"

- ਇਸ ਨਿਆਂ ਦੇ ਸਮੇਂ, ਤਿੰਨ ਤਰ੍ਹਾਂ ਦੇ ਲੋਕਾਂ ਦਾ ਨਿਆਂ ਹੋਵੇਗਾ: "*ਭੇਡਾਂ*" - ਮੁਕਤੀ ਪਾਏ ਹੋਏ ਲੋਕ (ਪਰਕਾਸ਼ ਦੀ ਪੋਥੀ 7:9-17); "*ਬੱਕਰੀਆਂ*" – ਮੁਕਤੀ ਨਾ ਪਾਏ ਹੋਏ ਲੋਕ (2 ਥੱਸਲੁਨੀਕੀਆਂ 1:7-10); "*ਭਾਈ*" – ਇਸਰਾਏਲ ਦੇ ਚੁਣੇ ਹੋਏ (ਪਰਕਾਸ਼ ਦੀ ਪੋਥੀ 7:1-8; ਰੋਮੀਆਂ 11:25-28)। ਵੱਡੇ ਚਿੱਟੇ ਸਿੰਘਾਸਣ ਵਾਲੇ ਨਿਆਂ ਦੇ ਸਮੇਂ ਕੇਵਲ ਇੱਕੋ ਤਰ੍ਹਾਂ ਦੇ ਲੋਕਾਂ ਦਾ ਨਿਆਂ ਹੋਵੇਗਾ: "*ਮਰੇ ਹੋਇਆਂ ਦਾ*।"

- ਇਸ ਨਿਆਂ ਦੇ ਸਮੇਂ ਰਾਜਾ ਸਦੀਪਕ ਜੀਵਨ ਪਾਏ ਹੋਏ ਲੋਕਾਂ ਨੂੰ ਰਾਜ ਸੌਂਪੇਗਾ। ਵੱਡੇ ਚਿੱਟੇ ਸਿੰਘਾਸਣ ਵਾਲੇ ਨਿਆਂ ਦੇ ਸਮੇਂ ਮੁਕਤੀ ਪਾਏ ਹੋਏ ਨਹੀਂ ਹਨ ਅਤੇ ਨਾ ਹੀ ਕੋਈ ਰਾਜ ਹੈ; ਇਸ ਸਮੇਂ ਜਿਨ੍ਹਾਂ ਦਾ ਨਿਆਂ ਹੋਵੇਗਾ ਉਹ ਸਭ "*ਅੱਗ ਦੀ ਝੀਲ ਵਿੱਚ ਸੁੱਟੇ ਗਏ*।"

## F. ਦੁਸ਼ਟਾਂ ਦਾ ਨਿਆਂ

**ਪਰਕਾਸ਼ ਦੀ ਪੋਥੀ 20:11-15 ਯੂਹੰਨਾ 5:24**

"**ਵੱਡੇ ਚਿੱਟੇ ਸਿੰਘਾਸਣ**" ਵਾਲਾ ਨਿਆਂ ਮਸੀਹ ਦੇ ਹਜ਼ਾਰ ਸਾਲ ਦੇ ਰਾਜ ਦੇ ਬਾਦ ਹੋਵੇਗਾ। ਇਹ ਆਖਰੀ ਨਿਆਂ ਹੈ ਅਤੇ ਇਸ ਵਿੱਚ ਕੇਵਲ ਮਰ ਚੁੱਕੇ ਦੁਸ਼ਟਾਂ ਦਾ ਨਿਆਂ ਹੋਵੇਗਾ। ਪਰਕਾਸ਼ ਦੀ ਪੋਥੀ 20:5 ਦੇ ਅਨੁਸਾਰ, ਵਿਸ਼ਵਾਸੀ ਲੋਕ ਇਸ ਨਿਆਂ ਤੋਂ ਹਜ਼ਾਰ ਸਾਲ ਪਹਿਲਾਂ ਹੀ ਉਠਾ ਲਏ ਗਏ ਸਨ ਅਤੇ ਉਨ੍ਹਾਂ ਦੇ ਕੰਮਾਂ ਦਾ ਨਿਆਂ "*ਮਸੀਹ ਦੇ ਨਿਆਂ ਦੇ ਸਿੰਘਾਸਣ*" 'ਤੇ ਹੋ ਚੁੱਕਿਆ ਹੈ (2 ਕੁਰਿੰਥੀਆਂ 5:10)।

- ਮਰ ਚੁੱਕੇ ਦੁਸ਼ਟ ਆਪਣੇ ਇਸ ਨਿਆਂ ਵਿੱਚ ਨਿਆਈਂ ਪ੍ਰਭੂ ਯਿਸੂ ਮਸੀਹ ਦਾ ਸਾਹਮਣਾ ਕਰਨ ਤੋਂ ਬਚਣ ਲਈ ਲੁੱਕਣ ਦਾ ਥਾਂ ਲੱਭਣਗੇ। ਪਰ ਲੁੱਕਣ ਦਾ ਕੋਈ ਥਾਂ ਨਾ ਲੱਭੇਗਾ।

- ਇਸ ਨਿਆਂ ਦੇ ਸਮੇਂ, "*ਮੁਰਦੇ, ਕੀ ਵੱਡੇ ਕੀ ਛੋਟੇ*" ਪਰਮੇਸ਼ਰ ਦੇ ਸਾਹਮਣੇ ਖੜ੍ਹੇ ਹੋਣਗੇ। ਪਰ ਪਰਧਾਨਾਂ ਦੀ ਪਰਧਾਨਤਾਈ ਕਿਸੇ ਕੰਮ ਨਾ ਆਵੇਗੀ। "*ਕੋਈ ਭਲਾ ਕਰਨ ਵਾਲਾ ਨਹੀਂ, ਇੱਕ ਵੀ ਨਹੀਂ*" (ਰੋਮੀਆਂ 3:12)।

- ਇਸ ਨਿਆਂ ਦੇ ਸਮੇਂ, ਮੁਰਦਿਆਂ ਦਾ "*ਉਨ੍ਹਾਂ ਦੇ ਕੰਮਾਂ ਦੇ ਅਨੁਸਾਰ*" ਨਿਆਂ ਕੀਤਾ ਜਾਵੇਗਾ। ਪਰਮੇਸ਼ਰ ਧਰਮੀ ਪਰਮੇਸ਼ਰ ਹੈ; ਅਤੇ ਕਿਉਂਕਿ ਨਰਕ ਵਿੱਚ ਸਜ਼ਾ ਦੇ ਵੱਖ-ਵੱਖ ਦਰਜੇ ਹਨ, ਕਈਆਂ ਨੂੰ ਦੂਸਰਿਆਂ ਤੋਂ ਵਧੀਕ ਸਜ਼ਾ ਮਿਲੇਗੀ (ਲੂਕਾ 12:42, 48)।

- ਇਸ ਨਿਆਂ ਵਿੱਚ, ਕੋਈ ਬਰੀ ਨਹੀਂ ਹੋ ਸਕਦਾ ਅਤੇ ਨਾ ਹੀ ਕੋਈ ਵੱਡੀ ਅਦਾਲਤ ਹੈ ਜਿਥੇ ਅਪੀਲ ਕੀਤੀ ਜਾ ਸਕੇ। ਇਹ ਸਦਾ ਦਾ ਅਤੇ ਸਦੀਪਕ ਕਾਲ ਲਈ ਗੁਆਚਣਾ ਹੈ; ਸਦਾ ਲਈ ਸਰਾਪੇ ਜਾਣਾ ਅਤੇ ਉਹ ਵੀ ਬਿਨਾਂ ਕਿਸੇ ਆਸ ਦੇ। ਇੱਕ ਨਰਕ ਹੈ (ਲੂਕਾ 16:19-31); ਅਤੇ ਨਰਕ ਵਿੱਚ ਕੋਈ ਆਸ ਕੋਈ ਤਰਸ ਨਹੀਂ ਹੈ।

ਧੰਨਵਾਦ: ਕ੍ਰਿਸਚਨ ਲਾਈਫ਼ ਨਿਊ ਟੈਸਟਾਮੈਂਟ; ਥੌਮਸ ਨੈਲਸਨ, ਪ੍ਰਕਾਸ਼ਕ: ਸਟੱਡੀ ਆਊਟਲਾਈਨਸ

## IV. ਪ੍ਰਤੀਫਲ/ਇਨਾਮ

### A. ਜਾਣ ਪਛਾਣ

**ਮੁਕਤੀ** "*ਪਰਮੇਸ਼ਰ ਦੀ ਬਖਸ਼ੀਸ਼ ਹੈ, ਨਾ ਕਿ ਇਹ ਕਰਨੀਆਂ ਕਰਕੇ*" ਮਿਲਦੀ ਹੈ (ਅਫ਼ਸੀਆਂ 2:8-9) ਅਤੇ ਇਹ ਪ੍ਰਭੂ ਯਿਸੂ ਮਸੀਹ ਦੇ ਪੂਰੇ ਕੀਤੇ ਗਏ ਕੰਮ ਉੱਤੇ ਵਿਸ਼ਵਾਸ ਕਰਨ ਦੁਆਰਾ ਪ੍ਰਾਪਤ ਹੁੰਦੀ ਹੈ (ਯੂਹੰਨਾ 3:36)।

**ਪ੍ਰਤੀਫਲ** ਵਿਸ਼ਵਾਸੀ ਦੇ **ਕੰਮਾਂ** ਦੇ ਅਨੁਸਾਰ ਦਿੱਤੇ ਜਾਣਗੇ।
ਮੱਤੀ 16:27 1 ਕੁਰਿੰਥੀਆਂ 3:8-15

**ਸਭ ਤੋਂ ਪਹਿਲਾਂ**, ਹਰੇਕ ਵਿਸ਼ਵਾਸੀ ਨੂੰ ਉਸਦੀ ਮਿਹਨਤ ਦੇ ਅਨੁਸਾਰ ਫਲ ਦਿੱਤਾ ਜਾਵੇਗਾ (8 ਆਇਤ)। ਅਸੀਂ ਮੁਕਤੀ ਲਈ ਕੰਮ ਨਹੀਂ ਕਰਦੇ।

**ਦੂਸਰੀ ਗੱਲ**, "ਅਸੀਂ ਪਰਮੇਸ਼ਰ ਦੇ ਸਹਿਕਰਮੀ ਹਾਂ" (9 ਆਇਤ) – ਮੁਕਤੀ ਵਾਸਤੇ ਨਹੀਂ, ਪਰ ਪ੍ਰਤੀਫਲ ਵਾਸਤੇ।

**ਤੀਸਰੀ ਗੱਲ**, ਵਿਸ਼ਵਾਸੀ ਨੂੰ ਪ੍ਰਭੂ ਯਿਸੂ ਮਸੀਹ ਉੱਤੇ ਉਸਾਰੀ ਕਰਨ ਦੀ ਲੋੜ ਹੈ (11)।

**ਚੌਥੀ ਗੱਲ**, ਉਸਾਰੀ ਕਰਨ ਲਈ ਵਿਸ਼ਵਾਸੀ ਦੋ ਪ੍ਰਕਾਰ ਦੀ ਸਮੱਗਰੀ ਵਿੱਚੋਂ ਚੁਣ ਸਕਦਾ ਹੈ: "*ਸੋਨਾ, ਚਾਂਦੀ, ਬਹੁਮੁੱਲੇ ਪੱਥਰ*" – ਇਹ ਹੈ ਸਦੀਪਕ ਸਮੱਗਰੀ ਨਾਲ ਉਸਾਰੀ ਕਰਨਾ; ਜਾਂ ਫਿਰ "*ਲੱਕੜ, ਘਾਹ ਅਤੇ ਭੋ*" – ਇਹ ਹੈ ਅਸਥਾਈ ਸਮੱਗਰੀ ਨਾਲ ਉਸਾਰੀ ਕਰਨਾ (12 ਆਇਤ)। 2 ਕੁਰਿੰਥੀਆਂ 4:18

ਜਿਹੜਾ ਵਿਸ਼ਵਾਸੀ "ਸੋਨੇ, ਚਾਂਦੀ ਅਤੇ ਬਹੁਮੁੱਲੇ ਪੱਥਰਾਂ" ਦੀ ਸਦੀਪਕ ਸਮੱਗਰੀ ਨਾਲ ਮਸੀਹ ਉੱਤੇ ਉਸਾਰੀ ਕਰਦਾ ਹੈ **ਉਹ ਫਲ ਪਾਵੇਗਾ**।

ਜਿਹੜੇ ਲੋਕ ਮਸੀਹ ਉੱਤੇ "ਲੱਕੜ, ਘਾਹ ਅਤੇ ਭੋ" ਦੀ ਅਸਥਾਈ ਸਮੱਗਰੀ ਨਾਲ ਉਸਾਰੀ ਕਰਦੇ ਹਨ ਉਨ੍ਹਾਂ ਨੂੰ **ਕੋਈ ਫਲ ਨਹੀਂ ਮਿਲੇਗਾ**।

"ਲੱਕੜ, ਘਾਹ ਅਤੇ ਭੋ" ਦੇ ਕੰਮ "ਮਸੀਹ ਦੇ ਨਿਆਂ ਦੇ ਸਿੰਘਾਸਣ" ਦੇ ਸਮੇਂ ਨਾਸ ਹੋ ਜਾਣਗੇ ਅਤੇ ਵਿਸ਼ਵਾਸੀ ਨੂੰ ਨੁਕਸਾਨ ਝੱਲਣਾ ਪਵੇਗਾ – **ਮੁਕਤੀ ਦਾ ਨੁਕਸਾਨ ਨਹੀਂ, ਪਰ ਸਦੀਪਕ ਪ੍ਰਤੀਫਲ ਜਾਂ ਇਨਾਮ ਦਾ ਨੁਕਸਾਨ**।

ਕਈ ਵਿਸ਼ਵਾਸੀਆਂ ਨੂੰ "ਮਸੀਹ ਦੇ ਨਿਆਂ ਦੇ ਸਿੰਘਾਸਣ" ਦੇ ਸਾਹਮਣੇ ਸ਼ਰਮਿੰਦਾ ਹੋਣਾ ਪਵੇਗਾ (1 ਯੂਹੰਨਾ 2:28), "ਲੱਕੜ, ਘਾਹ ਅਤੇ ਭੋ" ਦੇ ਆਪਣੇ ਕੰਮਾਂ ਕਰਕੇ ਸ਼ਰਮਿੰਦਾ। ਪਰਕਾਸ਼ ਦੀ ਪੋਥੀ 3:11

## B. ਜੀਵਨ ਦਾ ਮੁਕਟ ਯਾਕੂਬ 1:12

ਇਹ ਫਲ ਉਨ੍ਹਾਂ ਲਈ ਹੈ ਜਿਹੜੇ **ਪ੍ਰਭੂ ਨਾਲ ਪਿਆਰ ਕਰਦੇ** ਹਨ। ਵਿਸ਼ਵਾਸੀ ਨੂੰ ਪਰਮੇਸ਼ਰ ਦੇ ਪ੍ਰੇਮ ਦੁਆਰਾ ਪਰਤਾਵਿਆਂ ਉੱਤੇ ਜਿੱਤ ਪਾਉਣ ਅਤੇ ਅਜਮਾਇਸ਼ਾਂ ਨੂੰ ਸਹਿਣ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ।

ਪੌਲੁਸ ਨੇ ਕਿਹਾ, "*ਅਸੀਂ ਬਿਪਤਾਂ ਵਿੱਚ ਵੀ ਅਭਮਾਨ ਕਰੀਏ*" ਅਤੇ "*ਪਰਮੇਸ਼ਰ ਦਾ ਪ੍ਰੇਮ ਪਵਿੱਤਰ ਆਤਮਾ ਦੇ ਵਸੀਲੇ ਸਾਡੇ ਹਿਰਦਿਆਂ ਵਿੱਚ ਪਾਇਆ ਹੋਇਆ ਹੈ*" (ਰੋਮੀਆਂ 5:3-5)। ਅਤੇ "*ਪ੍ਰੇਮ ਕਦੇ ਅਸਫਲ ਨਹੀਂ ਹੁੰਦਾ*"

- **ਸਾਰੇ** ਵਿਸ਼ਵਾਸੀਆਂ ਨੂੰ ਸਦੀਪਕ ਜੀਵਨ ਮਿਲਿਆ ਹੈ (ਯੂਹੰਨਾ 3:15-16)।
- **ਸਾਰੇ** ਵਿਸ਼ਵਾਸੀਆਂ ਨੂੰ "*ਜਿੰਦਗੀ ਦਾ ਮੁਕਟ*" **ਇਨਾਮ ਵਿੱਚ ਮਿਲੇਗਾ**।
- ਸਾਰੇ ਸੱਚੇ ਵਿਸ਼ਵਾਸੀ "*ਮੌਤ ਤੀਕ ਵਫ਼ਾਦਾਰ*" ਰਹਿਣਗੇ (ਪਰਕਾਸ਼ ਦੀ ਪੋਥੀ 2:10)।

## C. ਜਿੱਤਣ ਵਾਲਿਆਂ ਦਾ ਮੁਕਟ 1 ਕੁਰਿੰਥੀਆਂ 9:24-27

ਪੌਲੁਸ ਵਿਸ਼ਵਾਸੀ ਦੀ ਆਤਮਿਕ ਦੌੜ ਦੀ ਵਿਆਖਿਆ ਕਰਨ ਲਈ ਯੂਨਾਨੀ ਖੇਡਾਂ ਦੇ ਉਦਾਹਰਣ ਦਾ ਇਸਤੇਮਾਲ ਕਰਦਾ ਹੈ। ਉਹ ਤਾਂ ਇੱਕ "*ਨਾਸਵਾਨ ਮੁਕਟ*" ਨੂੰ ਜਿੱਤਣ ਲਈ ਦੌੜਦੇ ਹਨ "*ਪਰ ਅਸੀਂ ਇਕ ਅਵਿਨਾਸੀ ਮੁਕਟ ਲਈ*" ਕੋਈ ਵੀ ਵਿਅਕਤੀ ਜੇਕਰ ਜਨਮ ਤੋਂ ਯੂਨਾਨੀ ਨਾ ਹੋਵੇ ਅਰਥਾਤ ਯੂਨਾਨੀ ਮਾਤਾ-ਪਿਤਾ ਦੇ ਘਰ ਪੈਦਾ ਨਾ ਹੋਇਆ ਹੋਵੇ ਤਾਂ ਉਹ ਕਿਸੇ ਖੇਡ ਵਿੱਚ ਹਿੱਸਾ ਨਹੀਂ ਲੈ ਸਕਦਾ ਸੀ। ਕੋਈ ਵੀ ਮੁਕਤੀ ਨਾ ਪਾਇਆ ਹੋਇਆ ਵਿਅਕਤੀ ਇਨਾਮ ਹਾਸਲ ਕਰਨ ਵਾਸਤੇ ਪ੍ਰਭੂ ਦੀ ਸੇਵਾ ਵਿੱਚ ਸ਼ਾਮਲ ਨਹੀਂ ਹੋ ਸਕਦਾ: ਕੇਵਲ ਪਰਮੇਸ਼ਰ ਤੋਂ ਪੈਦਾ ਹੋਏ ਹੀ ਇਸ ਵਿੱਚ ਸ਼ਾਮਲ ਹੋਣ ਦੇ ਕਾਬਲ ਹਨ।

ਜਿਸ ਤਰ੍ਹਾਂ ਕਿਸੇ ਦੌੜਾਕ ਨੂੰ ਆਪਣੇ ਆਪ ਨੂੰ ਬਹੁਤ ਸਾਰੀਆਂ ਚੰਗੀਆਂ ਚੀਜਾਂ ਤੋਂ ਰੋਕਣਾ ਪੈਂਦਾ ਹੈ ਉਸੇ ਤਰ੍ਹਾਂ ਵਿਸ਼ਵਾਸੀ ਨੂੰ ਵੀ "*ਆਪਣੀ ਦੇਹੀ ਨੂੰ ਅਨੁਸ਼ਾਸਤ ਕਰਨਾ ਅਤੇ ਵੱਸ ਵਿੱਚ ਲਿਆਉਣਾ ਪੈਂਦਾ ਹੈ*" ਨਹੀਂ ਤਾਂ ਉਹ ਅਯੋਗ ਕਰਾਰ ਦਿੱਤਾ ਜਾਵੇਗਾ। ਉਹ ਆਪਣੀ ਮੁਕਤੀ ਤਾਂ ਨਹੀਂ ਗੁਆਵੇਗਾ, ਪਰ "*ਅਵਿਨਾਸੀ ਮੁਕਟ*" ਨੂੰ ਗੁਆ ਬੈਠੇਗਾ।

- ਵਿਸ਼ਵਾਸੀ ਨੂੰ ਆਪਣੇ ਆਪ ਨੂੰ ਹਰੇਕ ਉਸ ਗੱਲ ਤੋਂ ਪਰੇ ਰੱਖਣ ਦੀ ਲੋੜ ਹੈ ਜਿਹੜੀ ਬੋਝ ਬਣ ਕੇ ਉਸ ਨੂੰ ਪਿਛਾਂਹ ਖਿੱਚ ਸਕਦੀ ਹੈ। (ਇਬਰਾਨੀਆਂ 12:1)

- ਵਿਸ਼ਵਾਸੀ ਨੂੰ ਮਸੀਹ ਵੱਲ ਤੱਕਦੇ ਰਹਿਣ ਦੀ ਲੋੜ ਹੈ, ਅਤੇ ਸੱਜੇ ਜਾਂ ਖੱਬੇ ਨਹੀਂ ਵੇਖਣਾ ਚਾਹੀਦਾ। (ਇਬਰਾਨੀਆਂ 12:2)

- ਵਿਸ਼ਵਾਸੀ ਨੂੰ ਪ੍ਰਭੂ ਵਿੱਚ ਬਲ ਪਾਉਣਾ ਚਾਹੀਦਾ ਹੈ। ਅਫ਼ਸੀਆਂ 6:10-18

- ਵਿਸ਼ਵਾਸੀ ਨੂੰ ਹਰ ਗੱਲ ਨੂੰ ਵੇਦੀ ਉੱਤੇ ਰੱਖਣਾ ਚਾਹੀਦਾ ਹੈ। ਰੋਮੀਆਂ 12:1-2

- ਵਿਸ਼ਵਾਸੀ ਨੂੰ ਵਿਸ਼ਵਾਸ ਰੱਖਦੇ ਹੋਏ ਹਰੇਕ ਉਸ ਗੱਲ ਤੋਂ ਇਨਕਾਰ ਕਰਨਾ ਚਾਹੀਦਾ ਹੈ ਜਿਹੜੀ ਉਸਦੀ ਆਤਮਿਕ ਉੱਨਤੀ ਨੂੰ ਰੋਕ ਸਕਦੀ ਹੈ। (ਇਬਰਾਨੀਆਂ 11:24-29)

ਪਾਸੇ ਖੜ੍ਹੇ ਰਹਿ ਕੇ ਵੇਖਦੇ ਹੀ ਨਾ ਰਹੋ। ਦੌੜ ਵਿੱਚ ਸ਼ਾਮਲ ਹੋਵੋ ਅਤੇ ਅਵਿਨਾਸੀ ਮੁਕਟ ਨੂੰ ਜਿੱਤਣ ਲਈ ਦੌੜੋ।

### D. ਅਨੰਦ ਦਾ ਮੁਕਟ 1 ਥੱਸਲੁਨੀਕੀਆਂ 2:19-20

"*ਅਨੰਦ ਦਾ ਮੁਕਟ*" ਉਨ੍ਹਾਂ ਲਈ ਹੈ ਜਿਹੜੇ **ਦੂਸਰਿਆਂ ਨੂੰ** ਪ੍ਰਭੂ ਯਿਸੂ ਮਸੀਹ ਵਾਸਤੇ **ਜਿੱਤਦੇ** ਹਨ। ਪ੍ਰਭੂ ਵਾਸਤੇ ਜਿਸ ਮਹਾਨ ਕੰਮ ਨੂੰ ਕਰਨ ਦਾ ਆਦਰ ਤੁਹਾਨੂੰ ਹਾਸਲ ਹੈ ਉਹ ਹੈ ਦੂਸਰਿਆਂ ਨੂੰ ਇਹ ਗਿਆਨ ਕਰਾਉਣਾ ਕਿ ਯਿਸੂ ਮਸੀਹ ਉਨ੍ਹਾਂ ਦਾ ਨਿੱਜੀ ਮੁਕਤੀਦਾਤਾ ਹੈ।

ਸਵਰਗ ਵਿੱਚ ਸਾਡਾ ਅਨੰਦ ਉਨ੍ਹਾਂ ਲੋਕਾਂ ਦੇ ਹਿਸਾਬ ਨਾਲ ਤੈਅ ਹੋਵੇਗਾ ਜਿਨ੍ਹਾਂ ਨੂੰ ਤੁਸੀਂ ਮਸੀਹ ਤਕ ਆਉਣ ਵਿੱਚ ਸਹਾਇਤਾ ਕੀਤੀ। ਪੌਲੁਸ ਥੱਸਲੁਨੀਕੀ ਵਿਸ਼ਵਾਸੀਆਂ ਨੂੰ ਆਖਦਾ ਹੈ ਕਿ ਉਹ ਹੁਣ ਅਤੇ ਯਿਸੂ ਦੀ ਆਮਦ ਦੇ ਸਮੇਂ ਉਸਦੀ "*ਆਸ, ਜਾਂ ਅਨੰਦ ਜਾਂ ਅਨੰਦ ਦਾ ਮੁਕਟ*" ਹਨ।

- ਲੋਕਾਂ ਨੂੰ ਮਸੀਹ ਲਈ ਜਿੱਤਣਾ ਬੁੱਧੀਮਾਨੀ ਹੈ (ਕਹਾਉਤਾਂ 11:30)।

- ਦੂਸਰਿਆਂ ਨੂੰ ਮਸੀਹ ਲਈ ਜਿੱਤਣ ਦਾ ਅਰਥ ਹੈ ਪਾਪ ਦੇ ਵਿਰੁੱਧ ਕੰਮ ਕਰਨਾ (ਯਾਕੂਬ 5:20)।
- ਇਹ ਸਵਰਗ ਵਿੱਚ ਅਨੰਦ ਦਾ ਕਾਰਨ ਹੈ (ਲੂਕਾ 15:10)।
- ਉਸਦੇ ਧਨ ਨੂੰ ਉਸ ਕੋਲ ਲਿਆਉਣਾ ਅਨੰਤ ਕਾਲ ਲਈ ਲਾਭਦਾਇਕ ਹੈ (ਮੱਤੀ 13:44)।
- ਇਸ ਤਰ੍ਹਾਂ ਜੀਓ ਕਿ ਲੋਕ ਤੁਹਾਡੇ ਵਿੱਚ ਯਿੱਸੂ ਨੂੰ ਵੇਖਣ (ਰਸੂਲਾਂ ਦੇ ਕਰਤਬ 1:8; ਗਲਾਤੀਆਂ 2:20)।
- ਸ਼ਬਦਾਂ ਦੁਆਰਾ ਗਵਾਹੀ ਦਿਓ – ਪਵਿੱਤਰ ਆਤਮਾ ਉੱਤੇ ਭਰੋਸਾ ਰੱਖੋ ਕਿ ਉਹ ਤੁਹਾਨੂੰ ਦੱਸੇ ਕਿ ਤੁਸੀਂ ਕੀ ਕਹਿਣਾ ਹੈ (ਲੂਕਾ 12:11-12; 21:15)।
- ਦਸਵੰਧ ਅਤੇ ਭੇਟਾਂ ਦੁਆਰਾ ਗਵਾਹੀ ਦਿਓ ਤਾਂ ਜੋ ਦੂਸਰੇ ਉਸਦੇ ਮਿਸ਼ਨਰੀ ਬਣ ਕੇ ਸੇਵਾ ਲਈ ਜਾ ਸਕਣ ਅਤੇ ਤੁਹਾਨੂੰ ਉਹ "ਫਲ (ਇਨਾਮ) ਮਿਲੇਗਾ ਜਿਹੜਾ ਤੁਹਾਡੇ ਖਾਤੇ ਵਿੱਚ ਲਿਖਿਆ ਜਾਵੇ" (ਫਿਲਿੱਪੀਆਂ 4:15-17; 2 ਕੁਰਿੰਥੀਆਂ 9:6)।
- ਪਰਮੇਸ਼ਰ ਨੇ ਵਾਦਾ ਕੀਤਾ ਹੈ ਕਿ ਤੁਹਾਡੀ ਮਿਹਨਤ ਪ੍ਰਭੂ ਵਿੱਚ ਵਿਅਰਥ ਨਹੀਂ ਜਾਵੇਗੀ (1 ਕੁਰਿੰਥੀਆਂ 15:58)।
- ਜਿਹੜਾ ਦੂਸਰਿਆਂ ਨੂੰ ਮਸੀਹ ਕੋਲ ਲਿਆਉਂਦਾ ਹੈ ਉਹ ਇਕੱਲਾ ਅਨੰਦ ਨਹੀਂ ਕਰੇਗਾ – ਜਦੋਂ ਉਹ "*ਅਨੰਦ ਦੇ ਮੁਕਟ*" ਨੂੰ ਪ੍ਰਾਪਤ ਕਰੇਗਾ ਤਾਂ ਸਾਰਾ ਸਵਰਗ ਉਸਦੇ ਨਾਲ ਅਨੰਦਤ ਹੋਵੇਗਾ (ਯੂਹੰਨਾ 4:36)।

## E. ਧਾਰਮਿਕਤਾ ਦਾ ਮੁਕਟ 2 ਤਿਮੋਥੀਉਸ 4:5-8

"*ਧਾਰਮਿਕਤਾ ਦਾ ਮੁਕਟ*" ਇੱਕ ਇਨਾਮ ਹੈ, ਅਤੇ ਇਸ ਨੂੰ "*ਪਰਮੇਸ਼ਰ ਦੀ ਧਾਰਮਿਕਤਾ*" ਨਾਲ **ਨਹੀਂ** ਉਲਝਾਇਆ ਜਾਣਾ ਚਾਹੀਦਾ ਜੋ ਕਿ ਵਿਸ਼ਵਾਸੀ ਨੂੰ ਉਸ ਸਮੇਂ ਪ੍ਰਾਪਤ ਹੁੰਦੀ ਹੈ ਜਦੋਂ ਉਹ ਮਸੀਹੀ ਬਣਦਾ ਹੈ; ਕਿਉਂਕਿ ਉਸ ਸਮੇਂ ਵਿਸ਼ਵਾਸੀ "*ਪਰਮੇਸ਼ਰ ਵਿੱਚ ਪਰਮੇਸ਼ਰ ਦੀ ਧਾਰਮਿਕਤਾ ਬਣਾਇਆ ਜਾਂਦਾ*" ਹੈ (2 ਕੁਰਿੰਥੀਆਂ 5:21)।

ਇਹ ਬਚਾਉਣ ਵਾਲੀ ਧਾਰਮਿਕਤਾ ਉਹ ਦਾਤ ਹੈ ਜੋ ਉਸ ਸਮੇਂ ਦਿੱਤੀ ਜਾਂਦੀ ਹੈ ਜਦੋਂ ਵਿਅਕਤੀ ਵਿਸ਼ਵਾਸ ਕਰਦਾ ਹੈ।

"*ਧਾਰਮਿਕਤਾ ਦਾ ਮੁਕਟ*" ਉਹ ਇਨਾਮ ਹੈ ਜਿਹੜਾ ਮੁਕਤੀ ਪਾਏ ਹੋਏ ਵਿਸ਼ਵਾਸੀ ਦੇ ਕਮਾਉਣ ਲਈ ਹੈ। ਜੇਕਰ ਵਿਸ਼ਵਾਸੀ ਮਸੀਹ ਦੀ ਦੂਸਰੀ ਆਮਦ ਦੀ ਸਿੱਖਿਆ ਨੂੰ ਭਾਲਦਾ ਰਹਿੰਦਾ ਹੈ ਅਤੇ ਇਸ ਨੂੰ ਪ੍ਰੇਮ ਕਰਦਾ ਹੈ ਤਾਂ ਇਸਦਾ ਅਸਰ ਉਸਦੇ ਪੂਰੇ ਜੀਵਨ ਉੱਤੇ ਹੋਵੇਗਾ। ਉਹ ਗੁਆਚੇ ਹੋਇਆਂ ਨੂੰ ਜਿੱਤਣ ਲਈ ਸਖ਼ਤ ਮਿਹਨਤ ਕਰੇਗਾ (ਮੱਤੀ 24:14)।

ਧਿਆਨ ਦਿਓ ਕਿ ਇਸ ਸੱਚਾਈ ਨੇ ਪੌਲੁਸ ਰਸੂਲ ਦੇ ਜੀਵਨ ਉੱਤੇ ਕਿੰਨਾ ਸ਼ਕਤੀਸ਼ਾਲੀ ਅਸਰ ਪਾਇਆ। ਉਹ ਇਹ ਕਹਿਣ ਦੇ ਯੋਗ ਹੋਇਆ:

- "*ਮੈਂ ਚੰਗੀ ਲੜਾਈ ਲੜੀ ਹੈ*" (7 ਆਇਤ; 1 ਕੁਰਿੰਥੀਆਂ 15:32)।
  ਉਸ ਨੇ ਆਪਣੇ ਪੂਰੇ ਮਸੀਹੀ ਜੀਵਨ ਆਤਮਿਕ ਲੜਾਈ ਲੜੀ ਅਤੇ ਜੇਤੂ ਹੋਇਆ। ਉਸ ਨੇ ਕਦੇ ਵੀ ਧਾਰਮਿਕਤਾ ਦੇ ਦੁਸ਼ਮਣਾਂ ਦੇ ਸਾਹਮਣੇ ਗੋਡੇ ਨਹੀਂ ਟੇਕੇ (ਅਫ਼ਸੀਆਂ 6:12)

- "*ਮੈਂ ਆਪਣੀ ਦੌੜ ਪੂਰੀ ਕੀਤੀ ਹੈ*" ਉਸ ਨੇ ਇੱਕ ਰਸਤਾ ਤੈਅ ਕਰਨਾ ਸੀ, ਇੱਕ ਕੰਮ ਕਰਨਾ ਸੀ। ਔਖੇ ਥਾਵਾਂ 'ਤੇ ਉਹ ਦੂਸਰੇ ਪਾਸੇ ਨਹੀਂ ਮੁੜਿਆ; ਨਾ ਹੀ ਉਸ ਨੇ ਪਿੱਛੇ ਮੁੜ ਕੇ ਵੇਖਿਆ (ਲੂਕਾ 9:61-62)। ਉਸ ਨੇ ਮਸੀਹ ਵੱਲ ਤੱਕਦੇ ਹੋਏ ਆਪਣੀ ਦੌੜ ਪੂਰੀ ਕੀਤੀ (ਫਿਲਿੱਪੀਆਂ 1:6)।

- "*ਮੈਂ ਵਿਸ਼ਵਾਸ ਨੂੰ ਫੜੀ ਰੱਖਿਆ ਹੈ*" – ਉਸ ਨੇ ਪਰਮੇਸ਼ਰ ਦੀ ਸਾਰੀ ਮੱਤ ਦਾ ਪ੍ਰਚਾਰ ਕੀਤਾ" – ਉਹ ਕਦੇ ਵੀ ਜਰੂਰੀ ਸਿੱਖਿਆ ਦੇਣ ਤੋਂ ਨਹੀਂ ਰੁਕਿਆ (ਰਸੂਲਾਂ ਦੇ ਕਰਤਬ 20:24-31)। ਪੌਲੁਸ "*ਮਸੀਹ ਦੇ ਨਿਆਂ ਦੇ ਸਿੰਘਾਸਣ*" ਦੇ ਇੰਤਜ਼ਾਰ ਵਿੱਚ ਰਿਹਾ ਜਿੱਥੇ "*ਧਾਰਮਿਕਤਾ ਦਾ ਮੁਕਟ*" ਉਨ੍ਹਾਂ ਲੋਕਾਂ ਨੂੰ ਦਿੱਤਾ ਜਾਵੇਗਾ ਜਿਹੜੇ "*ਉਸਦੇ ਪਰਗਟ ਹੋਣ ਨਾਲ ਪਿਆਰ ਕਰਦੇ*" ਹਨ।

ਇਕ ਵਿਸ਼ਵਾਸੀ ਲਈ ਕਿੰਨਾ ਜਰੂਰੀ ਹੈ ਕਿ ਉਹ ਪ੍ਰੇਮੀ ਹਿਰਦੇ ਨਾਲ ਸਾਡੇ ਪ੍ਰਭੂ ਅਤੇ ਮੁਕਤੀਦਾਤੇ ਯਿਸੂ ਮਸੀਹ ਦੀ ਦੂਸਰੀ ਆਮਦ ਦੀ ਉਡੀਕ ਵਿੱਚ ਰਹੇ, ਤਾਂ ਜੋ ਉਹ "*ਧਾਰਮਿਕਤਾ ਦੇ ਮੁਕਟ*" ਨੂੰ ਪ੍ਰਾਪਤ ਕਰੇ।

## F. ਮਹਿਮਾ ਦਾ ਮੁਕਟ 1 ਪਤਰਸ 5:2-4

"*ਮਹਿਮਾ ਦਾ ਮੁਕਟ*" ਪਰਮੇਸ਼ਰ ਦੇ ਉਸ ਵਫ਼ਾਦਾਰ, ਆਗਿਆਕਾਰ ਜਨ ਵਾਸਤੇ ਹੈ ਜਿਸ ਨੂੰ **ਪਾਸਬਾਨ** ਕਿਹਾ ਜਾਂਦਾ ਹੈ। ਉਸ ਨੂੰ ਇਹ ਇਨਾਮ ਉਦੋਂ ਮਿਲੇਗਾ ਜਦੋਂ "*ਪ੍ਰਧਾਨ ਚਰਵਾਹਾ ਪਰਗਟ ਹੋਵੇਗਾ*।"

ਇਹ ਸਦੀਪਕ ਹੈ; ਇਹ "*ਕਦੇ ਨਾ ਮੁਰਝਾਉਣ ਵਾਲਾ*" ਹੈ। ਪਾਸਬਾਨ "*ਮਹਿਮਾ ਦੇ ਇਸ ਮੁਕਟ*" ਨੂੰ ਇਨ੍ਹਾਂ ਕੰਮਾਂ ਦੁਆਰਾ ਕਮਾਉਂਦਾ ਹੈ:

- ਪਰਮੇਸ਼ਰ ਦੇ ਝੁੰਡ ਦਾ ਪੋਸ਼ਣ ਕਰਨਾ। ਉਸ ਉੱਤੇ ਪਰਮੇਸ਼ਰ ਦੇ ਵਚਨ ਨੂੰ ਬਿਨਾਂ ਕਿਸੇ ਡਰ ਜਾਂ ਪੱਖਪਾਤ ਦੇ ਪ੍ਰਚਾਰ ਕਰਨ ਦੀ ਜਿੰਮੇਵਾਰੀ ਹੈ; ਅਤੇ ਜਰੂਰਤ ਪੈਣ 'ਤੇ ਉਹ "*ਪੂਰੇ ਧੀਰਜ ਅਤੇ ਸਿੱਖਿਆ ਨਾਲ ਝਿੜਕਦਾ, ਤਾੜਦਾ ਅਤੇ ਤਾਗੀਦ*" ਕਰਦਾ ਹੈ (2 ਤਿਮੋਥਿਉਸ 4:2-5)

- ਕਲੀਸੀਆ ਦੀ ਆਤਮਿਕ ਨਿਗਰਾਨੀ ਕਰਨਾ। ਪਾਸਬਾਨ ਪਰਮੇਸ਼ਰ ਦੇ ਲੋਕਾਂ ਨੂੰ ਪ੍ਰਚਾਰ ਕੀਤੇ ਜਾਣ ਵਾਲੇ ਸੰਦੇਸ਼ ਲਈ ਪਰਮੇਸ਼ਰ ਦੇ ਸਾਹਮਣੇ ਜਵਾਬਦੇਹ ਹੈ। ਕਿਸੇ ਵੀ ਪਾਸਬਾਨ ਨੂੰ ਕਦੇ ਵੀ ਲੋਕਾਂ ਨੂੰ ਖੁਸ਼ ਕਰਨ ਲਈ ਪ੍ਰਚਾਰ ਨਹੀਂ ਕਰਨਾ ਚਾਹੀਦਾ; ਉਸ ਦੀ ਜਿੰਮੇਵਾਰੀ ਹੈ ਪ੍ਰਭੂ ਨੂੰ ਪ੍ਰਸੰਨ ਕਰਨਾ (ਗਲਾਤੀਆਂ 1:10)

- ਕਲੀਸੀਆ ਲਈ ਇੱਕ ਉਦਾਹਰਣ ਬਣਨਾ। ਉਸ ਨੂੰ ਪੈਸੇ ਦਾ ਇਨਾਮ ਪਾਉਣ ਲਈ ਸੇਵਾ ਨਹੀਂ ਕਰਨੀ ਚਾਹੀਦੀ। ਪਰ ਇਹ ਕਲੀਸੀਆ ਦੀ ਜਿੰਮੇਵਾਰੀ ਹੈ ਕਿ ਉਹ ਪਾਸਬਾਨ ਦੀ ਹਰੇਕ ਭੌਤਿਕ ਜਰੂਰਤ ਦਾ ਧਿਆਨ ਰੱਖੇ (1 ਤਿਮੋਥੀਉਸ 5:18)। ਉਸ ਨੂੰ ਇੱਕ ਆਤਮਿਕ ਆਗੂ ਬਣਨ ਦੀ ਲੋੜ ਹੈ, ਤਾਨਾਸ਼ਾਹ ਨਹੀਂ। ਉਸ ਨੂੰ ਵਿਸ਼ਵਾਸ ਸਹਿਤ ਪਰਮੇਸ਼ਰ ਦੇ ਨਾਲ ਚੱਲਣਾ ਜਰੂਰੀ ਹੈ। "*ਅਤੇ ਜਦੋਂ ਪ੍ਰਧਾਨ ਚਰਵਾਹਾ ਪਰਗਟ ਹੋਵੇਗਾ ਤਾਂ ਤੁਸੀਂ ਮਹਿਮਾ ਦਾ ਨਾ ਮੁਰਝਾਉਣ ਵਾਲਾ ਮੁਕਟ ਪ੍ਰਾਪਤ ਕਰੋਗੇ*।"

---

ਧੰਨਵਾਦ
ਕੁਝ ਹਿੱਸੇ ਇੱਥੋਂ ਲਏ ਗਏ: ਦ ਕ੍ਰਿਸਚਨ ਲਾਈਫ਼ ਨਿਊ ਟੈਸਟਾਮੈਂਟ, ਥੌਮਸ ਨੈਲਸਨ, ਪਬਲਿਸ਼ਰਸ

# V. ਦੁੱਖ ਸਹਿਣਾ

## A. ਜਾਣ ਪਛਾਣ

## B. ਪਾਪ ਦਾ ਦੁੱਖ ਸਹਿਣਾ

1. ਮਨੁੱਖ ਆਪਣੇ ਅਤੇ ਦੂਸਰਿਆਂ ਉੱਤੇ ਦੁੱਖ ਲੈ ਆਉਂਦਾ ਹੈ
2. ਪਾਪ ਸ਼ਤਾਨ ਦੇ ਰਾਜ ਦਾ ਕਨੂੰਨ ਅਤੇ ਸੱਭਿਆਚਾਰ ਹੈ
3. ਜਦੋਂ ਵਿਸ਼ਵਾਸੀ ਪਾਪ ਕਰਦਾ ਹੈ ਤਾਂ ਉਹ ਸ਼ਤਾਨ ਦੇ ਰਾਜ ਵਿੱਚ ਕਦਮ ਰੱਖਦਾ ਹੈ

## C. ਪਾਪੀਆਂ ਵੱਲੋਂ ਦੁੱਖ ਸਹਿਣਾ

1. ਜਦੋਂ ਅਸੀਂ ਖੁਸ਼ਖ਼ਬਰੀ ਦਾ ਪ੍ਰਚਾਰ ਕਰਦੇ ਹਾਂ
2. ਅਸੀਂ ਇਕ ਜੰਗ ਲੜ ਰਹੇ ਹਾਂ

## D. ਉਹ ਦੁੱਖ ਜਿਸਦਾ ਇਸਤੇਮਾਲ ਸਾਡਾ ਪਿਤਾ ਕਰਦਾ ਹੈ

1. ਸਾਡੇ ਵਿਸ਼ਵਾਸ ਅਤੇ ਵਫ਼ਾਦਾਰੀ ਨੂੰ ਪਰਖਣ ਲਈ
2. ਸਾਡੇ ਚਰਿੱਤਰ ਨੂੰ ਸਿੱਧ ਬਣਾਉਣ ਲਈ
3. ਆਪਣੇ ਨਾਮ ਦੀ ਮਹਿਮਾ ਲਈ
4. ਕੁਝ ਬਿਮਾਰੀਆਂ ਕਰਕੇ ਆਉਣ ਵਾਲਾ ਕਸ਼ਟ ਉਸ ਦੀ ਮਹਿਮਾ ਲਈ ਹੁੰਦਾ ਹੈ
5. ਸਾਨੂੰ ਦੂਸਰਿਆਂ ਪ੍ਰਤੀ ਸੇਵਾ ਲਈ ਤਿਆਰ ਕਰਨ ਵਾਸਤੇ
6. ਸਾਡੀ ਰਾਖੀ ਅਤੇ/ਜਾਂ ਸਾਡੀ ਅਗਵਾਈ ਲਈ
7. ਕੁਝ ਦੁੱਖ ਪ੍ਰਭੂ ਦੇ ਅਨੁਸ਼ਾਸਨ ਦਾ ਨਤੀਜਾ ਹੁੰਦਾ ਹੈ

## A. ਜਾਣ ਪਛਾਣ

ਯੂਹੰਨਾ 16:33 ਜਗਤ ਵਿੱਚ **ਤੁਹਾਨੂੰ ਕਸ਼ਟ ਹੋਵੇਗਾ**

(ਦੁੱਖ – ਮੁਸ਼ਕਲ – ਪਰੇਸ਼ਾਨੀ – ਅੱਤਿਆਚਾਰ – ਦਬਾਅ)

ਰਸੂਲਾਂ ਦੇ ਕਰਤਬ 14:22 ਅਰ ਚੇਲਿਆਂ ਦੇ ਮਨਾਂ ਨੂੰ ਤਕੜੇ ਕਰਦੇ ਅਰ ਇਹ ਉਪਦੇਸ਼ ਦਿੰਦੇ ਸਨ ਕਿ ਨਿਹਚਾ ਵਿੱਚ ਬਣੇ ਰਹੋ ਅਤੇ ਕਿਹਾ ਭਈ ਅਸੀਂ **ਬਹੁਤ ਬਿਪਤਾ ਸਹਿ ਕੇ** ਪਰਮੇਸ਼ੁਰ ਦੇ ਰਾਜ ਵਿੱਚ ਵੜਨਾ ਹੈ।

## B. ਪਾਪ ਦਾ ਦੁੱਖ ਸਹਿਣਾ

### 1. ਮਨੁੱਖ ਆਪਣੇ ਅਤੇ ਦੂਸਰਿਆਂ ਉੱਤੇ ਵੱਡਾ ਦੁੱਖ ਲੈ ਆਉਂਦਾ ਹੈ

ਮਨੁੱਖ ਦਾ ਪਾਪੀ ਸੁਭਾਅ ਸਾਹਮਣੇ ਆਉਂਦਾ ਹੈ: ਭ੍ਰਸ਼ਟਾਚਾਰ – ਝੂਠ – ਧੋਖਾ – ਚੋਰੀ – ਹੱਤਿਆ – ਹਿੰਸਾ – ਬੰਦੂਕਾਂ – ਬੰਬ ਧਮਾਕੇ – ਬਰੂਦੀ ਸੁਰੰਗਾਂ – ਜ਼ੁਲਮ – ਬਲਾਤਕਾਰ – ਪਰਿਵਾਰਕ ਮੈਂਬਰਾਂ ਦਰਮਿਆਨ ਨਜਾਇਜ ਸੰਬੰਧ – ਈਰਖ਼ਾ – ਅਤੇ ਇਹ ਸੂਚੀ ਬਹੁਤ ਲੰਬੀ ਹੈ।

ਯਿਰਮਿਯਾਹ 17:9 ਦਿਲ ਸਭ ਚੀਜ਼ਾਂ ਨਾਲੋਂ ਧੋਖੇਬਾਜ਼ ਹੈ ਅਤੇ ਪੁੱਜ ਕੇ ਖਰਾਬ ਹੈ।

ਇਬਰਾਨੀਆਂ 3:7-9 ਮਤੇ ਤੁਹਾਡੇ ਵਿੱਚੋਂ ਕੋਈ ਪਾਪ ਦੀ ਕਪਟਤਾ ਕਰਕੇ ਕਠੋਰ ਬਣਾਇਆ ਜਾਵੇ।

ਪਾਪ ਹੀ ਅੱਜ ਸੰਸਾਰ ਵਿੱਚ ਸਾਰੇ ਦੁੱਖਾਂ ਦੀ ਜੜ੍ਹ ਹੈ।

ਹਰੇਕ ਮਨੁੱਖ ਦੀਆਂ ਰਗਾਂ ਵਿੱਚ ਪਾਪ ਦਾ ਘਾਤਕ ਜ਼ਹਿਰ ਵਹਿ ਰਿਹਾ ਹੈ ਜੋ ਉਸਦੇ ਆਪਣੇ ਲਈ ਅਤੇ ਫਿਰ ਦੂਸਰਿਆਂ ਲਈ ਕਸ਼ਟ ਅਤੇ ਮੌਤ ਨੂੰ ਲੈ ਕੇ ਆਉਂਦਾ ਹੈ।

- ਉਦਾਹਰਣ: ਮੇਰੇ ਦੋਸਤ ਨੂੰ ਇੱਕ ਜ਼ਹਿਰੀਲੇ ਸੱਪ ਨੇ ਡੰਗ ਮਾਰ ਦਿੱਤਾ।

ਪਾਪ ਇੰਨਾ ਪੁੱਜ ਕੇ ਪਾਪੀ ਹੈ ਕਿ ਮਨੁੱਖ ਗਲਤ ਅਤੇ ਸਹੀ ਵਿੱਚ ਫਰਕ ਹੀ ਨਹੀਂ ਕਰ ਸਕਦਾ:
ਯਸਾਯਾਹ 5:20 ਹਾਇ ਓਹਨਾਂ ਉੱਤੇ ਜਿਹੜੇ ਬੁਰਿਆਈ ਨੂੰ ਭਲਿਆਈ ਅਤੇ ਭਲਿਆਈ ਨੂੰ ਬੁਰਿਆਈ ਆਖਦੇ ਹਨ! ਜਿਹੜੇ ਅਨ੍ਹੇਰ ਨੂੰ ਚਾਨਣ ਦੇ ਥਾਂ, ਅਤੇ ਚਾਨਣ ਨੂੰ ਅਨ੍ਹੇਰ ਦੇ ਥਾਂ ਰੱਖਦੇ ਹਨ!

ਕਿਉਂਕਿ ਪਾਪੀ ਮਨੁੱਖ ਭਲੇ ਅਤੇ ਬੁਰੇ ਵਿੱਚ ਫਰਕ ਨਹੀਂ ਜਾਣਦਾ ਇਸ ਕਰਕੇ ਉਹ **ਅਜਿਹੇ ਫੈਸਲੇ ਕਰਦਾ ਜਾਂਦਾ ਹੈ ਜੋ ਉਸ ਵਾਸਤੇ ਸੰਤਾਪ ਅਤੇ ਕਸ਼ਟ ਲਿਆਉਂਦੇ ਹਨ।**

- ਗਲਾਤੀਆਂ 6:7-8 ਮਨੁੱਖ ਜੋ ਕੁਝ ਬੀਜਦਾ ਹੈ **ਸੋਈਓ ਵੱਢੇਗਾ ਵੀ**। ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ **ਬਿਨਾਸ ਨੂੰ ਵੱਢੇਗਾ**

ਮਨੁੱਖ ਨੂੰ ਨਾ ਕੇਵਲ ਮੁਕਤੀਦਾਤਾ ਦੀ ਲੋੜ ਹੈ, ਸਗੋਂ ਇੱਕ ਧਰਮੀ ਪ੍ਰਭੂ ਦੀ ਵੀ ਲੋੜ ਹੈ ਜਿਹੜਾ ਉਸਦੇ ਫੈਸਲਿਆਂ ਅਤੇ ਚੋਣਾਂ ਵਿੱਚ ਉਸਦੀ ਅਗਵਾਈ ਅਤੇ ਮਾਰਗਦਰਸ਼ਨ ਕਰੇ।

ਲੂਕਾ 6:46-49 ਤੁਸੀਂ ਮੈਨੂੰ "ਪ੍ਰਭੂ, ਪ੍ਰਭੂ" ਕਰਕੇ **ਕਿਉਂ** ਪੁਕਾਰਦੇ ਹੋ ਪਰ **ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?"** (47) ਹਰੇਕ ਜੋ ਮੇਰੇ ਕੋਲ **ਆਉਂਦਾ** ਹੈ ਅਤੇ ਮੇਰੇ ਬਚਨ **ਸੁਣ ਕੇ** ਉਨ੍ਹਾਂ ਨੂੰ **ਮੰਨਦਾ** ਹੈ ਮੈਂ ਤੁਹਾਨੂੰ ਦੱਸਦਾ ਹਾਂ ਜੋ ਉਹ ਕਿਸ ਵਰਗਾ ਹੈ। (48) **ਉਹ ਉਸ ਮਨੁੱਖ ਵਰਗਾ ਹੈ** ਜਿਹ ਨੇ ਘਰ ਬਣਾਉਂਦਿਆਂ ਡੂੰਘਾ ਪੁੱਟ ਕੇ **ਪੱਥਰ ਉੱਤੇ ਨੀਉਂ ਧਰੀ** ਅਤੇ ਜਾਂ **ਹੜ੍ਹ ਆਇਆ** ਤਾਂ **ਧਾਰ ਨੇ** ਉਸ ਘਰ ਉੱਤੇ **ਜ਼ੋਰ ਮਾਰਿਆ** ਪਰ **ਉਹ ਨੂੰ ਹਿਲਾ ਨਾ ਸੱਕੀ** ਇਸ ਲਈ ਜੋ ਉਹ **ਪੱਥਰ ਉੱਤੇ** ਬਣਾਇਆ ਹੋਇਆ ਸੀ। (49) ਪਰ ਜਿਹੜਾ ਸੁਣ ਕੇ ਨਹੀਂ ਮੰਨਦਾ ਉਹ ਉਸ ਮਨੁੱਖ ਵਰਗਾ ਹੈ ਜਿਹ ਨੇ ਨੀਉਂ ਬਿਨਾ ਧਰਤੀ ਉੱਤੇ ਘਰ ਬਣਾਇਆ ਜਿਸ ਉੱਤੇ ਧਾਰ ਨੇ ਜ਼ੋਰ ਮਾਰਿਆ ਅਤੇ ਉਹ ਝੱਟ ਡਿੱਗ ਪਿਆ ਅਰ ਉਸ ਘਰ ਦਾ ਸੱਤਿਆ ਨਾਸ ਹੋ ਗਿਆ।

ਇਨ੍ਹਾਂ ਵਚਨਾਂ ਤੋਂ ਨਿਰੰਤਰ ਪ੍ਰਾਰਥਨਾ ਕਰਦੇ ਰਹਿਣ ਦਾ ਮਹੱਤਵ ਸਾਡੇ ਸਭਨਾਂ ਦੇ ਦਿਲਾਂ ਵਿੱਚ ਘਰ ਕਰ ਜਾਣਾ ਚਾਹੀਦਾ ਹੈ ਤਾਂ ਜੋ ਅਸੀਂ ਸੁਣੀਏ ਅਤੇ ਪਾਲਨ ਕਰੀਏ: ਪ੍ਰਾਰਥਨਾ ਅਤੇ ਬੇਨਤੀ ਨਾਲ ਹਰ ਸਮੇਂ ਪ੍ਰਾਰਥਨਾ ਕਰਦੇ ਰਹੋ (ਅਫ਼ਸੀਆਂ 6:18)।

ਸਲੀਬ ਸਾਡੇ ਪਾਪ ਦੀ ਗੰਭੀਰਤਾ ਨੂੰ ਵਿਖਾਉਂਦੀ ਹੈ। ਯਿਸੂ ਨੇ ਸਭਨਾਂ ਮਨੁੱਖਾਂ ਨੂੰ ਮਹਾਨ, ਬੁੱਧੀਮਾਨ, ਭਲੇ, ਸ਼ੁੱਧ ਅਤੇ ਨਿਰਦੋਸ਼ ਜਾਣਿਆ। ਉਹ ਅਜਿਹਾ ਵਿਅਕਤੀ ਸੀ ਜਿਹੜਾ ਗੁਲਾਮੀ ਵਿੱਚ ਪਏ ਹੋਇਆਂ ਨੂੰ ਛੁਡਾਉਣ, ਟੁੱਟੇ ਹੋਇਆਂ ਨੂੰ ਚੰਗਾ ਕਰਨ, ਸਾਨੂੰ ਸੱਚਿਆਈ ਦੀ ਸਿੱਖਿਆ ਦੇਣ ਅਤੇ ਰਸਤਾ ਵਿਖਾਉਣ ਲਈ ਆਇਆ। ਪਰ ਮਨੁੱਖਾਂ ਨੇ ਉਸ ਨੂੰ ਸਭ ਤੋਂ ਜ਼ਾਲਮ ਤਰੀਕੇ ਨਾਲ ਮੌਤ ਦੇ ਘਾਟ ਉਤਾਰ ਦਿੱਤਾ (ਉਨ੍ਹਾਂ ਨੇ ਜਿਹੜੇ ਬੁਰਿਆਈ ਨੂੰ ਭਲਿਆਈ ਅਤੇ ਭਲਿਆਈ ਨੂੰ ਬੁਰਿਆਈ ਨਾਲ ਵਟਾ ਦਿੰਦੇ ਹਨ ਯਸਾਯਾਹ 5:20) ਅਤੇ ਬਰੱਬਾ ਨੂੰ ਛੁਡਾਇਆ। (ਲੂਕਾ 23:18-25)

## 2. ਪਾਪ ਸ਼ਤਾਨ ਦਾ ਰਾਜ ਹੈ, ਅਰਥਾਤ ਉਹ ਖ਼ੇਤਰ ਜਿੱਥੇ ਉਸਦਾ ਰਾਜ ਹੈ।

ਯਿਸੂ ਮਸੀਹ ਦੇ ਬਿਨਾਂ ਮਨੁੱਖ **ਸ਼ਤਾਨ ਦੀ ਇੱਛਿਆ ਨੂੰ ਪੂਰਿਆਂ ਕਰਨ ਲਈ** ਉਸਦੀ ਫਾਹੀ ਵਿੱਚ **ਫਸਿਆ ਹੋਇਆ** ਹੈ 2 ਤਿਮੋਥਿਉਸ 2:26

ਅਫ਼ਸੀਆਂ 2:1-10 ਅਤੇ ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ ਮੁਰਦੇ ਸਾਓ ਜਿਨ੍ਹਾਂ ਵਿੱਚ ਤੁਸੀਂ ਇਸ ਸੰਸਾਰ ਦੇ ਵਿਹਾਰ ਅਨੁਸਾਰ ਹਵਾਈ ਇਖਤਿਆਰ ਦੇ ਸਰਦਾਰ ਦੇ ਅਰਥਾਤ ਉਸ ਰੂਹ ਦੇ ਅਨੁਸਾਰ ਅੱਗੇ **ਚੱਲਦੇ ਸਾਓ** ਜਿਹੜੀ ਹੁਣ **ਅਣਆਗਿਆਕਾਰੀ ਦੇ ਪੁੱਤਰਾਂ** ਵਿੱਚ ਅਸਰ ਕਰਦੀ ਹੈ ਅਤੇ ਉਨ੍ਹਾਂ ਵਿੱਚ ਅਸੀਂ ਵੀ ਸੱਭੇ ਸਰੀਰ ਅਤੇ ਮਨ ਦੀਆਂ **ਚਾਹਵਾਂ** ਨੂੰ ਪੂਰੇ ਕਰਦਿਆਂ ਆਪਣੇ ਸਰੀਰ ਦੀਆਂ **ਕਾਮਨਾਂ** ਵਿੱਚ ਅੱਗੇ ਦਿਨ ਕੱਟਦੇ ਸਾਂ ਅਤੇ ਹੋਰਨਾਂ ਵਾਂਙੁ ਆਪਣੇ ਸੁਭਾਓ ਕਰਕੇ **ਗਜ਼ਬ ਦੇ ਪੁੱਤਰ** ਸਾਂ।

ਇਸ ਵਿੱਚੋਂ ਨਿੱਕਲਣ ਦਾ ਰਸਤਾ: ਯਿਸੂ ਨੇ ਕਿਹਾ "ਰਾਹ, ਸਚਿਆਈ ਅਤੇ ਜੀਉਣ ਮੈਂ ਹਾਂ; ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ।" ਯੂਹੰਨਾ 14:6

ਅਰ ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ। ਰਸੂਲਾਂ ਦੇ ਕਰਤਬ 4:12

ਹੇ ਮਹਾ ਪੁਰਖੋ, ਮੈਂ ਕੀ ਕਰਾਂ ਜਿਸ ਤੋਂ ਬਚਾਇਆ ਜਾਵਾ? ਪ੍ਰਭੁ ਯਿਸੂ ਉੱਤੇ **ਨਿਹਚਾ ਕਰ** ਤਾਂ...ਬਚਾਏ ਜਾਓਗੇ, ਰਸੂਲਾਂ ਦੇ ਕਰਤਬ 16:30-31

ਪੂਰੇ ਮਨ ਨਾਲ **ਵਿਸ਼ਵਾਸ ਕਰ**, ਜੋ ਯਿਸੂ ਮਸੀਹ ਦੇ ਪ੍ਰਤੀ ਸਮਰਪਣ ਨੂੰ ਪੈਦਾ ਕਰੇਗਾ, ਅਤੇ **ਆਗਿਆਕਾਰੀ ਕਰ** - ਅਤੇ **ਆਗਿਆਕਾਰ** ਬੱਚਿਆਂ ਵਾਂਙੁ ਆਪਣੀ ਅਗਿਆਨਤਾ ਦੇ ਪਹਿਲੇ ਸਮੇਂ ਦੀਆਂ ਕਾਮਨਾਂ ਦੇ ਸਰੂਪ ਜੇਹੇ ਨਾ ਬਣੋ। (15) ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ **ਤੁਸੀਂ ਆਪ ਭੀ** ਤਿਵੇਂ ਹੀ ਆਪਣੀ ਸਾਰੀ ਚਾਲ ਵਿੱਚ **ਪਵਿੱਤਰ ਬਣੋ**। (1 ਪਤਰਸ 1:14-16)

3. ਜਦੋਂ ਇੱਕ ਵਿਸ਼ਵਾਸੀ ਹੁੰਦੇ ਹੋਏ ਮੈਂ ਪਾਪ ਕਰਨ ਦਾ ਫੈਸਲਾ ਕਰਦਾ ਹਾਂ ਤਾਂ ਮੈਂ ਸ਼ਤਾਨ ਦੇ ਰਾਜ ਵਿੱਚ ਦਾਖਲ ਹੁੰਦਾ ਹਾਂ ਅਤੇ ਫਿਰ ਉਸ ਕੋਲ ਮੇਰੇ ਉੱਤੇ ਹਮਲਾ ਕਰਨ ਦਾ ਉਚਿਤ ਅਧਿਕਾਰ ਹੈ।

ਸ਼ਤਾਨ ਲਗਾਤਾਰ ਸਾਨੂੰ ਲਲਚਾਉਂਦਾ ਹੈ ਕਿ ਅਸੀਂ **ਪਾਪ** ਦੇ ਰਾਹੀਂ ਉਸਦੇ ਰਾਜ ਵਿੱਚ ਦਾਖਲ ਹੋਈਏ

2 ਕੁਰਿੰਥੀਆਂ 11:13-15 ਸ਼ਤਾਨ ਵੀ ਆਪਣੇ ਰੂਪ ਨੂੰ ਚਾਨਣ ਦੇ ਦੂਤ ਦੇ ਰੂਪ ਵਿੱਚ ਵਟਾਉਂਦਾ ਹੈ। ਇਸ ਲਈ ਜੋ ਉਹ ਦੇ ਸੇਵਕ ਆਪਣੇ ਰੂਪ ਨੂੰ ਧਰਮ ਦੇ ਸੇਵਕਾਂ ਦੇ ਰੂਪ ਵਿੱਚ ਵਟਾਉਂਦੇ ਹਨ ਤਾਂ ਕੋਈ ਵੱਡੀ ਗੱਲ ਨਹੀਂ ਪਰ ਉਨ੍ਹਾਂ ਦਾ ਅੰਤ ਉਨ੍ਹਾਂ ਦੀਆਂ ਕਰਨੀਆਂ ਦੇ ਅਨੁਸਾਰ ਹੋਵੇਗਾ।

ਯੂਹੰਨਾ 8:44 ...ਆਪਣੇ ਪਿਉ ਸ਼ਤਾਨ ਤੋਂ ਹੋ ਅਤੇ ਆਪਣੇ ਪਿਉ ਦੀਆਂ ਕਾਮਨਾਂ ਦੇ ਅਨੁਸਾਰ ਕਰਨਾ ਚਾਹੁੰਦੇ ਹੋ। ਉਹ ਤਾਂ ਮੁੱਢੋਂ ਮਨੁੱਖ ਘਾਤਕ ਸੀ...ਉਸ ਵਿੱਚ ਸਚਿਆਈ ਹੈ ਨਹੀਂ...ਉਹ ਝੂਠਾ ਹੈ ਅਤੇ ਝੂਠ ਦਾ ਪਤੰਦਰ ਹੈ।

ਪਰਕਾਸ਼ ਦੀ ਪੋਥੀ 12:9 ਉਹ ਵੱਡਾ ਅਜਗਰ...ਸੱਪ ਜਿਹੜਾ ਇਬਲੀਸ ਅਤੇ ਸ਼ਤਾਨ ਕਰਕੇ ਸਦਾਉਂਦਾ ਹੈ ਜੋ ਸਾਰੇ ਜਗਤ ਨੂੰ ਭਰਮਾਉਂਦਾ ਹੈ

1 ਯੂਹੰਨਾ 5:19 ਸਾਰਾ ਸੰਸਾਰ ਉਸ ਦੁਸ਼ਟ ਦੇ ਵੱਸ ਵਿੱਚ ਪਿਆ ਹੋਇਆ ਹੈ।

ਅਫ਼ਸੀਆਂ 4:22-32 ਸ਼ਤਾਨ ਨੂੰ ਮੌਕਾ ਨਾ ਦਿਓ

2 ਤਿਮੋਥਿਉਸ 2:26 ਸ਼ਤਾਨ ਦੀ ਇੱਛਿਆ ਨੂੰ ਪੂਰਿਆਂ ਕਰਨ ਲਈ ਉਸਦੀ ਫਾਹੀ ਵਿੱਚ ਫਸਿਆ ਹੋਇਆ ਹੈ

ਉਦਾਹਰਣ: ਨੌਰਥ ਅਮਰੀਕਾ ਵਿੱਚ ਪਾਏ ਜਾਣ ਵਾਲੇ ਰੇਕੂਨ ਨਾਂ ਦੇ ਜਾਨਵਰ ਨੂੰ ਫੜਨ ਲਈ ਤੁਸੀਂ ਫੰਦੇ ਦੇ ਹੋੜੇ ਉੱਤੇ ਕੋਈ ਤੇਜ਼ ਚਮਕੀਲੀ ਚੀਜ਼ ਰੱਖ ਦਿਓ। ਉਹ ਇਹ ਵੇਖਣ ਲਈ ਕਿ ਇਹ ਕੀ ਹੈ ਇਸ ਨੂੰ ਛੂਹੇ ਬਿਨਾ ਜਾਂ ਇਸ ਨਾਲ ਖੇਡੇ ਬਿਨਾਂ ਰਹਿ ਹੀ ਨਹੀਂ ਸਕਦਾ।

**ਗਲਤ ਫੈਸਲੇ** – ਜਦ ਸਾਨੂੰ ਪਤਾ ਹੈ ਕਿ ਕੋਈ ਚੀਜ਼ ਗਲਤ ਹੈ ਜਾਂ ਸਾਨੂੰ ਪਤਾ ਨਹੀਂ ਹੈ ਕਿ ਇਹ ਗਲਤ ਹੈ ਅਤੇ ਅਸੀਂ ਫਿਰ ਵੀ ਉਸ ਦੇ ਪਿੱਛੇ ਜਾਂਦੇ, ਉਸ ਨੂੰ ਲੈ ਲੈਂਦੇ ਅਤੇ ਉਸ ਨਾਲ ਖੇਡਦੇ ਹਾਂ ਤਾਂ ਅਸੀਂ ਵੈਰੀ ਦੇ ਹਮਲੇ ਲਈ ਰਾਹ ਖੋਲ੍ਹਦੇ ਹਾਂ।

ਗਲਾਤੀਆਂ 6:7-8 ਧੋਖਾ ਨਾ ਖਾਓ, ਪਰਮੇਸ਼ਰ ਠੱਠਿਆਂ ਵਿੱਚ ਨਹੀਂ ਉਡਾਈਦਾ ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ। ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ ਬਿਨਾਸ ਨੂੰ ਵੱਢੇਗਾ ਅਤੇ ਜਿਹੜਾ ਆਤਮਾ ਲਈ ਬੀਜਦਾ ਹੈ ਉਹ ਆਤਮਾ ਤੋਂ ਸਦੀਪਕ ਜੀਵਨ ਨੂੰ ਵੱਢੇਗਾ।"

ਕਹਾਉਤਾਂ 13:21 ਬਿਪਤਾ ਪਾਪੀਆਂ ਦੇ ਪਿੱਛੇ ਪੈਂਦੀ ਹੈ, ਪਰ ਧਰਮੀਆਂ ਨੂੰ ਚੰਗਾ ਫਲ ਮਿਲੇਗਾ।

- ਸ਼ਤਾਨ ਨੇ ਯਿਸੂ ਨੂੰ ਪਰਤਾਉਣ, ਲਲਚਾਉਣ ਅਤੇ ਭਰਮਾਉਣ ਦੀ ਕੋਸ਼ਿਸ਼ ਕੀਤੀ। ਲੂਕਾ 4:1-13

ਯੂਹੰਨਾ 14:30 ਜਗਤ ਦਾ ਸਰਦਾਰ ਆਉਂਦਾ ਹੈ ਅਤੇ ਮੇਰੇ ਵਿੱਚ ਉਹ ਦਾ **ਕੁਝ ਨਹੀਂ** ਹੈ। ਅਰਥਾਤ – ਕੁਝ ਵੀ ਨਹੀਂ ਜੋ ਉਸਦਾ ਹੈ ਅਤੇ ਜਿਸ ਨਾਲ ਉਸ ਨੂੰ ਕੋਈ ਉਚਿਤ ਅਧਿਕਾਰ ਮਿਲਦਾ ਹੈ।

- ਸ਼ਤਾਨ ਨੇ ਪਤਰਸ ਨੂੰ **ਘਮੰਡ** ਦੁਆਰਾ ਪਰਤਾਇਆ ਅਤੇ ਭਰਮਾਇਆ। (ਲੂਕਾ 22:24)

ਲੂਕਾ 22:31 ਸ਼ਤਾਨ ਨੇ ਤੁਹਾਨੂੰ ਮੰਗਿਆ ਹੈ ਭਈ ਕਣਕ ਦੀ ਤਰ੍ਹਾਂ ਤੁਹਾਨੂੰ ਫਟਕੇ

ਪਤਰਸ ਦੇ ਅੰਦਰ ਸ਼ਤਾਨ ਦਾ **ਕੁਝ** ਸੀ। ਕੁਝ ਅਜਿਹਾ ਜੋ ਸ਼ਤਾਨ ਦਾ ਸੀ ਅਤੇ ਜਿਸ ਨਾਲ ਸ਼ਤਾਨ ਕੋਲ **ਉਚਿਤ ਅਧਿਕਾਰ** ਸੀ…**ਘਮੰਡ**।

- **ਮਾਫ਼ ਨਾ ਕਰਨ** ਨਾਲ ਸ਼ਤਾਨ ਨੂੰ ਮੌਕਾ ਮਿਲਦਾ ਹੈ

  2 ਕੁਰਿੰਥੀਆਂ 2:9-11 ਮਾਫ਼ ਕਰੋ…ਭਈ ਸ਼ਤਾਨ ਸਾਡੇ ਨਾਲ ਹੱਥ ਨਾ ਕਰ ਜਾਏ ਕਿਉਂ ਜੋ ਅਸੀਂ ਉਸ ਦਿਆਂ ਚਾਲਿਆਂ ਤੋਂ ਅਣਜਾਣ ਨਹੀਂ।

  ਮੱਤੀ 18:21-35 …ਉਹ ਨੂੰ ਦੁੱਖ ਦਾਇਕਾਂ ਦੇ ਹਵਾਲੇ ਕੀਤਾ…

- **ਬਿਮਾਰੀ** ਦੀਆਂ ਕਈ ਵਜ੍ਹਾ ਹੋ ਸਕਦੀਆਂ ਹਨ ਪਰ ਇਕ ਵਜ੍ਹਾ ਪਾਪ ਵੀ ਹੈ

ਲੂਕਾ 13:11, 16 ਮਾਂਦਗੀ ਦਾ ਆਤਮਾ ਚਿੰਬੜਿਆ ਸੀ...ਸ਼ਤਾਨ ਨੇ ਅਠ੍ਹਾਰਾਂ ਵਰ੍ਹਿਆਂ ਤੋਂ ਬੰਨ੍ਹ ਰੱਖਿਆ ਸੀ

ਯੂਹੰਨਾ 5:5, 14 ਅਠੱਤੀ ਵਰ੍ਹਿਆਂ ਤੋਂ ਰੋਗੀ...ਫੇਰ ਪਾਪ ਨਾ ਕਰੀਂ, ਕਿਤੇ ਐਉਂ ਨਾ ਹੋਵੇ ਜੋ ਐਸ ਨਾਲੋਂ ਵੀ ਕੋਈ ਬੁਰੀ ਬਿਪਤਾ ਤੇਰੇ ਉੱਤੇ ਆ ਪਵੇ।

ਉਦਾਹਰਣ: ਮੇਰੇ ਪਿਤਾ ਨੇ ਇੱਕ ਦੂਸਰੀ ਔਰਤ ਦੇ ਕਾਰਨ ਮੇਰੀ ਮਾਂ ਨੂੰ ਛੱਡ ਦਿੱਤਾ। ਮੇਰੇ ਪਿਤਾ ਦਾ ਗੁਨਾਹ ਬਹੁਤ ਵੱਡਾ ਸੀ। ਮੇਰੀ ਮਾਂ ਦੇ ਅੰਦਰ ਇੰਨਾ ਜਿਆਦਾ ਕ੍ਰੋਧ ਅਤੇ ਕੜਵਾਹਟ ਭਰ ਗਈ ਕਿ ਉਹ ਆਖਦੀ ਸੀ ਕਿ ਜੇਕਰ ਉਸਦੇ ਕੋਲ ਬੰਦੂਕ ਹੁੰਦੀ ਤਾਂ ਉਹ ਉਨ੍ਹਾਂ ਦੋਹਾਂ ਨੂੰ ਗੋਲੀ ਮਾਰ ਦਿੰਦੀ। ਕੁਝ ਦਿਨਾਂ ਬਾਦ ਉਸ ਨੂੰ ਕੈਂਸਰ ਹੋ ਗਿਆ। ਉਸ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਪ੍ਰਭੂ ਨੂੰ ਅਰਪਣ ਕਰ ਦਿੱਤਾ ਅਤੇ ਮੇਰੇ ਪਿਤਾ ਅਤੇ ਉਸ ਦੂਸਰੀ ਔਰਤ ਨੂੰ ਮਾਫ਼ ਕਰ ਦਿੱਤਾ। ਕੁਝ ਹੀ ਦਿਨਾਂ ਵਿੱਚ ਮੇਰੀ ਮਾਂ ਕੈਂਸਰ ਦੇ ਰੋਗ ਤੋਂ ਚੰਗੀ ਹੋ ਗਈ।

ਕਹਾਉਤਾਂ 3:11-12 ਹੇ ਮੇਰੇ ਪੁੱਤ੍ਰ, ਤੂੰ ਯਹੋਵਾਹ ਦੀ ਤਾੜ ਨੂੰ ਤੁੱਛ ਨਾ ਜਾਣ, ਅਤੇ ਜਾਂ ਉਹ ਤੈਨੂੰ ਝਿੜਕੇ ਤਾਂ ਅੱਕ ਨਾ ਜਾਈਂ, ਕਿਉਂ ਜੋ **ਯਹੋਵਾਹ ਓਸੇ ਨੂੰ ਤਾੜਦਾ ਹੈ ਜਿਹ ਦੇ ਨਾਲ ਪਿਆਰ ਕਰਦਾ ਹੈ**, ਜਿਵੇਂ ਪਿਉ ਉਸ ਪੁੱਤ੍ਰ ਨੂੰ ਜਿਸ ਤੋਂ ਉਹ ਪਰਸੰਨ ਹੈ।

ਪਾਪ ਸ਼ਤਾਨ ਨੂੰ ਉਚਿਤ ਅਧਿਕਾਰ ਦਿੰਦਾ ਹੈ, ਅਤੇ ਪ੍ਰਭੂ ਇਹ ਹੋਣ ਦਿੰਦਾ ਹੈ ਅਤੇ ਇਸ ਤਰੀਕੇ ਨਾਲ ਆਪਣੇ ਤਾੜਨਾ ਦੇ ਕੰਮ ਨੂੰ ਪੂਰਾ ਕਰਦਾ ਹੈ।

ਕਹਾਉਤਾਂ 15:5 ਮੂਰਖ ਆਪਣੇ ਪਿਉ ਦੀ ਸਿੱਖਿਆ ਨੂੰ ਤੁੱਛ ਜਾਣਦਾ ਹੈ, ਪਰ ਜਿਹੜਾ ਤਾੜ ਨੂੰ ਮੰਨਦਾ ਹੈ ਉਹ ਸਿਆਣਾ ਹੈ।

- ਸ਼ਤਾਨ ਦੇ ਫੰਦੇ ਵਿੱਚੋਂ ਨਿੱਕਲਣ, ਜਾਂ ਉਸ ਦੀਆਂ ਫਾਹੀਆਂ ਤੋਂ **ਬਚਣ ਦਾ ਤਰੀਕਾ**:

ਯਾਕੂਬ 4:7-8 ਉਪਰੰਤ ਤੁਸੀਂ ਪਰਮੇਸ਼ੁਰ ਦੇ **ਅਧੀਨ ਹੋਵੋ**। ਪਰ ਸ਼ਤਾਨ ਦਾ **ਸਾਹਮਣਾ ਕਰੋ** ਤਾਂ ਉਹ ਤੁਹਾਡੇ ਕੋਲੋਂ ਭੱਜ ਜਾਵੇਗਾ। "ਪਰਮੇਸ਼ੁਰ ਦੇ **ਨੇੜੇ ਜਾਓ** ਤਾਂ ਉਹ ਤੁਹਾਡੇ ਨੇੜੇ ਆਵੇਗਾ। ਹੇ ਪਾਪੀਓ, ਆਪਣੇ ਹੱਥ **ਸ਼ੁੱਧ ਕਰੋ** ਅਤੇ ਹੇ ਦੁਚਿੱਤਿਓ, ਆਪਣੇ ਦਿਲਾਂ ਨੂੰ **ਪਵਿੱਤਰ ਕਰੋ**।

ਯਿਸੂ ਨੇ ਆਪਣੇ ਸੁਣਨ ਵਾਲਿਆਂ ਨੂੰ ਪਾਪ ਬਾਰੇ ਅਤੇ ਇਸਦੀ ਗੰਭੀਰਤਾ ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ। ਜਿੰਨਾ ਚਿਰ ਤੂੰ ਆਪਣੇ ਮੁਦਈ ਨਾਲ ਰਸਤੇ ਵਿੱਚ ਹੈਂ **ਛੇਤੀ ਉਹ ਦੇ ਨਾਲ ਮਿਲਾਪ ਕਰ** ਮਤੇ ਮੁਦਈ ਤੈਨੂੰ ਹਾਕਮ ਦੇ ਹਵਾਲੇ ਕਰੇ ਅਤੇ ਹਾਕਮ ਤੈਨੂੰ ਸਿਪਾਹੀ ਦੇ ਹਵਾਲੇ ਕਰੇ ਅਤੇ ਤੂੰ **ਕੈਦ ਵਿੱਚ ਪੈ ਜਾਵੇਂ**। (26) ਮੈਂ ਤੈਨੂੰ ਸਤ ਆਖਦਾ ਹਾਂ ਭਈ ਜਿੰਨਾ ਚਿਰ ਤੂੰ ਕੌਡੀ ਕੌਡੀ ਨਾ **ਭਰ ਦੇਵੇਂ** ਉੱਥੋਂ ਕਿਸੇ ਬਿਧ ਨਾ ਛੁੱਟੇਂਗਾ। (27) ਤੁਸਾਂ ਸੁਣਿਆ ਹੈ ਜੋ ਇਹ ਕਿਹਾ ਗਿਆ ਸੀ ਭਈ ਤੂੰ ਜ਼ਨਾਹ ਨਾ ਕਰ। (28) ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੋਈ ਤੀਵੀਂ ਨੂੰ **ਬੁਰੀ ਇੱਛਿਆ ਕਰਕੇ ਵੇਖਦਾ** ਹੈ ਸੋ ਤਦੋਂ ਹੀ ਆਪਣੇ ਮਨੋਂ ਉਹ ਦੇ ਨਾਲ ਜ਼ਨਾਹ ਕਰ ਚੁੱਕਿਆ। (29) ਅਰ ਜੇ ਤੇਰੀ ਸੱਜੀ ਅੱਖ **ਤੈਨੂੰ ਠੋਕਰ ਖੁਆਵੇ** ਤਾਂ ਉਹ ਨੂੰ ਕੱਢ ਕੇ ਆਪਣੇ ਕੋਲੋਂ ਸੁੱਟ ਦਿਹ ਕਿਉਂ ਜੋ ਤੇਰੇ ਲਈ ਇਹੋ ਭਲਾ ਹੈ ਕਿ ਤੇਰੇ ਅੰਗਾਂ ਵਿੱਚੋਂ ਇੱਕ ਦਾ ਨਾਸ ਹੋਵੇ ਪਰ ਤੇਰਾ ਸਾਰਾ ਸਰੀਰ **ਨਰਕ** ਵਿੱਚ

ਸੁੱਟਿਆ ਨਾ ਜਾਵੇ। (30) ਅਤੇ ਜੇ ਤੇਰਾ ਸੱਜਾ ਹੱਥ ਤੈਨੂੰ ਠੋਕਰ ਖੁਆਵੇ ਤਾਂ ਉਹ ਨੂੰ ਵੱਢ ਕੇ ਆਪਣੇ ਕੋਲੋਂ ਸੁੱਟ ਦਿਹ ਕਿਉਂ ਜੋ ਤੇਰੇ ਲਈ ਇਹੋ ਭਲਾ ਹੈ ਕਿ ਤੇਰੇ ਅੰਗਾਂ ਵਿੱਚੋਂ ਇੱਕ ਦਾ ਨਾਸ ਹੋਵੇ ਪਰ ਤੇਰਾ ਸਾਰਾ ਸਰੀਰ **ਨਰਕ** ਵਿੱਚ ਨਾ ਜਾਵੇ। ਮੱਤੀ 5:25-30

- ਉੱਪਰਲੀਆਂ ਆਇਤਾਂ ਵਿੱਚ ਜਿਸ ਯੂਨਾਨੀ ਸ਼ਬਦ ਦਾ ਅਨੁਵਾਦ "**ਨਰਕ**" ਵਾਸਤੇ ਕੀਤਾ ਗਿਆ ਹੈ ਉਹ ਹੈ ਜੀਨਨ, ਜੋ ਕਿ ਯਰੂਸ਼ਲਮ ਦੇ ਦੱਖਣ-ਪੱਛਮ ਵੱਲ ਸਥਿਤ ਇੱਕ ਘਾਟੀ ਦਾ ਨਾਮ ਹੈ ਜਿੱਥੇ ਸ਼ਹਿਰ ਦੀ ਸਾਰਾ **ਕੂੜਾ ਅਤੇ ਗੰਦਗੀ** ਸੁੱਟੀ ਜਾਂਦੀ ਸੀ। **ਅੱਗੇ ਚੱਲ ਕੇ** ਯਹੂਦੀ ਇਸ ਨਾਮ ਦਾ ਇਸਤੇਮਾਲ ਕਸ਼ਟ ਦੇ ਸਥਾਨ ਦੇ ਤੌਰ 'ਤੇ ਕਰਨ ਲੱਗੇ।
- **ਸੰਦੇਸ਼ ਇਹ ਹੈ – ਕਿਸੇ ਵੀ ਤਰ੍ਹਾਂ ਪਾਪ ਤੋਂ ਬਚੋ ਕਿਉਂਕਿ ਇਹ ਤੁਹਾਨੂੰ ਇਸ ਸੰਸਾਰ ਦੇ ਕੂੜੇ ਅਤੇ ਗੰਦਗੀ ਵਿੱਚ ਧਕੇਲ ਦੇਵੇਗਾ।**

ਮੱਤੀ 26:41 ਜਾਗੋ ਅਤੇ ਪ੍ਰਾਰਥਨਾ ਕਰੋ ਜੋ ਤੁਸੀਂ **ਪਰਤਾਵੇ ਵਿੱਚ ਨਾ ਪਓ**। ਆਤਮਾ ਤਾਂ ਤਿਆਰ ਹੈ ਪਰ ਸਰੀਰ ਕਮਜ਼ੋਰ ਹੈ।

ਲੂਕਾ 11:21-22 ਜਦ ਕੋਈ ਜ਼ੋਰਾਵਰ ਹਥਿਆਰ ਬੰਨ੍ਹੀਂ ਆਪਣੇ ਘਰ ਦੀ ਰਖਵਾਲੀ ਕਰਦਾ ਹੈ ਤਾਂ ਉਹ ਦਾ ਮਾਲ ਬਚ ਰਹਿੰਦਾ ਹੈ। ਪਰ ਜੇ ਕੋਈ ਉਸ ਨਾਲੋਂ ਜ਼ੋਰਾਵਰ **ਆਣ ਕੇ** ਉਹ ਨੂੰ **ਜਿੱਤ ਲਵੇ** ਤਾਂ ਉਹ ਦੇ ਸਾਰੇ ਹਥਿਆਰ ਜਿਨ੍ਹਾਂ ਉੱਤੇ ਉਹ ਦਾ ਮਾਣ ਸੀ ਖੋਹ ਲੈਂਦਾ ਅਤੇ ਉਹ ਦੀ ਲੁੱਟ ਵੰਡ ਦਿੰਦਾ ਹੈ।

ਸ਼ਤਾਨ ਇਨ੍ਹਾਂ ਗੱਲਾਂ ਦਾ ਇਸਤੇਮਾਲ ਕਰਦਾ ਹੈ: ਧੋਖਾ / ਪਰਤਾਵਾ ਅਤੇ ਕਾਮਨਾਵਾਂ ਦੁਆਰਾ ਲਲਚਾਉਣਾ

ਇਬਰਾਨੀਆਂ 12:15 ਵੇਖਣਾ ਭਈ ਕੋਈ ਪਰਮੇਸ਼ੁਰ ਦੀ ਕਿਰਪਾ ਤੋਂ ਵੰਜਿਆ ਨਾ ਰਹੇ ਅਤੇ ਨਾ ਹੋਵੇ ਭਈ ਕੋਈ **ਕੁੜੱਤਣ** ਦੀ ਜੜ੍ਹ ਫੁੱਟ ਕੇ ਦੁਖ ਦੇਵੇ ਅਤੇ ਬਾਹਲੇ ਉਹ ਦੇ ਕਾਰਨ ਭ੍ਰਿਸ਼ਟ ਹੋ ਜਾਣ।

ਮਰਕੁਸ 11:25 ਜਦ ਕਦੇ ਤੁਸੀਂ ਖਲੋ ਕੇ ਪ੍ਰਾਰਥਨਾ ਕਰਦੇ ਹੋ, ਜੇ ਤੁਹਾਡਾ ਕਿਸੇ ਨਾਲ **ਵਿਰੋਧ ਹੋਵੇ** ਤਾਂ ਉਹ ਨੂੰ **ਮਾਫ਼ ਕਰੋ**।

ਯਹੋਸ਼ੁਆ 24:15 **ਅੱਜ ਤੁਸੀਂ ਉਸ ਨੂੰ ਚੁਣ ਲਓ ਜਿਹ ਦੀ ਉਪਾਸਨਾ ਤੁਸੀਂ ਕਰੋਗੇ**: ਭਾਵੇਂ ਮਿਸਰ ਦੇ ਭਾਵੇਂ ਇਸ ਦੇਸ ਦੇ ਦੇਵਤੇ ਜਿਹਦੇ ਵਿੱਚ ਤੁਸੀਂ ਵੱਸਦੇ ਹੋ; ਪਰ **ਮੈਂ ਅਤੇ ਮੇਰਾ ਘਰਾਣਾ ਤਾਂ ਯਹੋਵਾਹ ਹੀ ਦੀ ਉਪਾਸਨਾ ਕਰਾਂਗੇ**।

## C. ਪਾਪੀਆਂ ਵੱਲੋਂ ਦੁੱਖ ਸਹਿਣਾ – ਧਰਮੀ ਜੀਵਨ ਜੀਉਣ ਦਾ ਨਤੀਜਾ

1. ਆਪਣੇ ਜੀਵਨ ਅਤੇ ਸ਼ਬਦਾਂ ਦੁਆਰਾ ਖੁਸ਼ਖ਼ਬਰੀ ਦਾ ਪ੍ਰਚਾਰ ਕਰਦੇ ਹੋਏ।

ਮੱਤੀ 5:10-12 **ਧੰਨ** ਹਨ ਉਹ ਜਿਹੜੇ ਧਾਰਮਿਕਤਾ ਦੇ ਕਰਕੇ **ਸਤਾਏ ਜਾਂਦੇ** ਹਨ...

ਲੂਕਾ 21:16-19 ਅਤੇ ਮਾਂ ਪਿਉ ਅਰ ਭਾਈ ਅਰ ਸਾਕ ਅਰ ਮਿੱਤਰ ਵੀ ਤੁਹਾਨੂੰ **ਫੜਵਾਉਣਗੇ** ਅਤੇ ਤੁਹਾਡੇ ਵਿੱਚੋਂ ਕਿੰਨਿਆਂ ਨੂੰ **ਮਰਵਾ** ਦੇਣਗੇ। (17) ਅਤੇ ਮੇਰੇ ਨਾਮ ਕਰਕੇ ਸਭ ਲੋਕ ਤੁਹਾਡੇ ਨਾਲ **ਵੈਰ** ਰੱਖਣਗੇ। 18 ਪਰ ਤੁਹਾਡੇ ਸਿਰ ਦਾ ਇੱਕ ਵਾਲ ਵੀ ਵਿੰਗਾ ਨਾ ਹੋਵੇਗਾ। (19) ਆਪਣੇ ਧੀਰਜ ਨਾਲ ਤੁਸੀਂ ਆਪਣੀਆਂ ਜਾਨਾਂ ਨੂੰ ਕਮਾਓਗੇ।

ਯੂਹੰਨਾ 15:20 ਜੇ ਉਨ੍ਹਾਂ ਮੈਨੂੰ ਸਤਾਇਆ ਤਾਂ **ਓਹ ਤੁਹਾਨੂੰ ਵੀ ਸਤਾਉਣਗੇ**

2 ਤਿਮੋਥਿਉਸ 3:12 ਜਿੰਨੇ ਮਸੀਹ ਯਿਸੂ ਵਿੱਚ **ਭਗਤੀ ਨਾਲ** ਉਮਰ ਕੱਟਣੀ ਚਾਹੁੰਦੇ ਹਨ **ਸੋ ਸਤਾਏ ਜਾਣਗੇ**।

ਇਬਰਾਨੀਆਂ 11:25 ਕਿਉਂ ਜੋ ਉਹ ਨੇ ਪਾਪ ਦੇ ਭੋਗ ਬਿਲਾਸ ਨਾਲੋਂ ਜੋ ਥੋੜੇ ਚਿਰ ਲਈ ਹੈ ਪਰਮੇਸ਼ੁਰ ਦੀ ਪਰਜਾ ਨਾਲ **ਜਬਰੀ ਝੱਲਣ** ਨੂੰ ਬਾਹਲਾ ਪਸੰਦ ਕੀਤਾ। ਅਤੇ ਉਹ ਨੇ ਵਿਚਾਰ ਕੀਤਾ ਭਈ ਮਸੀਹ ਦੇ ਨਮਿੱਤ ਨਿੰਦਿਆ ਜਾਣਾ ਮਿਸਰ ਦੇ ਖ਼ਜ਼ਾਨਿਆਂ ਨਾਲੋਂ ਵੱਡਾ ਧਨ ਹੈ

ਇਬਰਾਨੀਆਂ 12:1-3 ਉਪਰੰਤ ਜਦੋਂ ਗਵਾਹਾਂ ਦੇ ਐਨੇ ਵੱਡੇ ਬੱਦਲ ਨੇ ਸਾਨੂੰ ਘੇਰਿਆ ਹੋਇਆ ਹੈ ਤਾਂ ਆਓ, ਅਸੀਂ ਵੀ ਹਰੇਕ ਭਾਰ ਅਤੇ ਉਸ ਪਾਪ ਨੂੰ ਜਿਹੜਾ ਸਹਿਜ ਨਾਲ ਸਾਨੂੰ ਫਸਾ ਲੈਂਦਾ ਹੈ ਪਰੇ ਸੁੱਟ ਕੇ ਉਸ ਦੌੜ ਵਿੱਚ ਜੋ ਸਾਡੇ ਸਾਹਮਣੇ ਪਈ ਹੋਈ ਹੈ ਸਬਰ ਨਾਲ ਦੌੜੀਏ। (2) ਅਤੇ ਯਿਸੂ ਦੀ ਵੱਲ ਤੱਕਦੇ ਰਹੀਏ ਜਿਹੜਾ ਨਿਹਚਾ ਦਾ ਕਰਤਾ ਤੇ ਸੰਪੂਰਨ ਕਰਨ ਵਾਲਾ ਹੈ, ਜਿਹ ਨੇ ਉਸ ਅਨੰਦ ਨਮਿੱਤ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ **ਲਾਜ ਨੂੰ ਤੁੱਛ ਜਾਣ ਕੇ ਸਲੀਬ ਦਾ ਦੁਖ ਝੱਲਿਆ** ਅਤੇ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ। (3) ਤੁਸੀਂ ਉਹ ਨੂੰ ਸੋਚੋ ਜਿਹ ਨੇ ਆਪਣੇ ਉੱਤੇ ਪਾਪੀਆਂ ਦੀ ਐਡੀ ਲਾਗਬਾਜ਼ੀ **ਸਹਿ ਲਈ** ਭਈ ਨਾ ਹੋਵੇ ਜੋ ਤੁਸੀਂ ਅੱਕ ਕੇ ਆਪਣੇ ਜੀ ਵਿੱਚ ਢਿੱਲੇ ਪੈ ਜਾਓ।

ਫਿਲਿੱਪੀਆਂ 1:29 ਕਿਉਂ ਜੋ ਮਸੀਹ ਦੇ ਲਈ **ਤੁਹਾਡੇ ਉੱਤੇ ਇਹ ਕਿਰਪਾ ਹੋਈ** ਭਈ ਤੁਸੀਂ ਨਾ ਕੇਵਲ ਉਸ ਉੱਤੇ ਨਿਹਚਾ ਹੀ ਕਰੋ ਸਗੋਂ ਉਹ ਦੇ ਲਈ **ਦੁੱਖ ਵੀ ਝੱਲੋ**।

ਰਸੂਲਾਂ ਦੇ ਕਰਤਬ 8:1-4 ਉਸੇ ਦਿਨ ਕਲੀਸਿਯਾ ਉੱਤੇ…**ਵੱਡਾ ਕਸ਼ਟ** ਹੋਣ ਲੱਗਾ ਕਿਉਂਕਿ ਉਹ ਯਿਸੂ ਦਾ ਪ੍ਰਚਾਰ ਕਰ ਰਹੇ ਸਨ

- ਰਸੂਲਾਂ ਦੇ ਕਰਤਬ 5:41 ਉਸਦੇ ਨਾਮ ਦੇ ਨਿਮਿੱਤ ਦੁੱਖ ਝੱਲਣ ਨੂੰ ਅਨੰਦ ਜਾਣਿਆ
- ਰਸੂਲਾਂ ਦੇ ਕਰਤਬ 7:58 ਇਸਤੀਫਾਨ ਨੂੰ ਪਥਰਾਓ ਕੀਤਾ
- ਰਸੂਲਾਂ ਦੇ ਕਰਤਬ 9:16 ਮੈਂ ਉਸ ਨੂੰ ਵਿਖਾਵਾਂਗਾ ਕਿ ਉਸ ਨੂੰ ਮੇਰੇ ਨਾਮ ਦੀ ਖਾਤਰ ਕਿੰਨਾ ਦੁੱਖ ਝੱਲਣਾ ਪਵੇਗਾ
- 2 ਕੁਰਿੰਥੀਆਂ 11:23-33 ਪੌਲੁਸ ਦੇ ਕਸ਼ਟ
- ਇਬਰਾਨੀਆਂ 11:33-39 ਉਹ ਜਿਨ੍ਹਾਂ ਲਈ ਸੰਸਾਰ ਦਾ ਮਹੱਤਵ ਨਹੀਂ ਸੀ।

1 ਪਤਰਸ 2:20-24 ਕਿਉਂ ਜੋ **ਤੁਸੀਂ ਇਸੇ ਕਾਰਨ ਸੱਦੇ ਗਏ** ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ **ਦੁਖ ਝੱਲ ਕੇ** ਇੱਕ ਨਮੂਨਾ ਤੁਹਾਡੇ ਲਈ ਛੱਡ ਗਿਆ ਭਈ ਤੁਸੀਂ ਉਹ ਦੀ ਪੈੜ ਉੱਤੇ ਤੁਰੋ। ਉਹ ਨੇ ਕੋਈ ਪਾਪ ਨਹੀਂ ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵਲ ਛਲ ਦੀ ਗੱਲ ਨਿੱਕਲੀ। "ਉਹ ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ ਅਤੇ ਦੁਖ ਪਾ ਕੇ ਦਬਕਾ ਨਾ ਦਿੰਦਾ ਸੀ ਸਗੋਂ ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ।

1 ਪਤਰਸ 3:10-17 ਪਰ ਜੇ ਤੁਹਾਨੂੰ **ਧਰਮ ਦੇ ਕਾਰਨ ਦੁਖ ਮਿਲੇ ਵੀ** ਤਾਂ ਧੰਨ ਹੋ…ਕਿਉਂਕਿ ਜੇ ਪਰਮੇਸ਼ੁਰ ਦੀ ਇੱਛਿਆ ਇਉਂ ਹੋਵੇ ਤਾਂ **ਸ਼ੁਭ ਕਰਮ ਕਰਕੇ ਦੁਖ ਝੱਲਣਾ** ਇਸ ਨਾਲੋਂ **ਚੰਗਾ ਹੈ** ਜੋ ਤੁਸੀਂ ਖੋਟੇ ਕਰਮ ਕਰਕੇ ਦੁਖ ਝੱਲੋ।

1 ਪਤਰਸ 4:13, 16-19 ਜਿੰਨੇਕੁ ਤੁਸੀਂ ਮਸੀਹ ਦੇ **ਦੁਖਾਂ ਵਿੱਚ ਸਾਂਝੀ** ਹੋ ਉੱਨਾਕੁ ਅਨੰਦ…ਜੇ ਕੋਈ ਮਸੀਹੀ ਹੋਣ ਕਰਕੇ ਦੁਖ ਪਾਵੇ ਤਾਂ ਲੱਜਿਆਵਾਨ ਨਾ ਹੋਵੇ ਸਗੋਂ ਇਸ ਨਾਮ ਦੇ ਕਾਰਨ **ਪਰਮੇਸ਼ੁਰ ਦੀ ਵਡਿਆਈ ਕਰੇ**…ਉਪਰੰਤ **ਜਿਹੜੇ ਪਰਮੇਸ਼ੁਰ ਦੀ ਇੱਛਿਆ ਦੇ ਅਨੁਸਾਰ ਦੁਖ ਭੋਗਦੇ ਹਨ** ਓਹ ਸ਼ੁਭ ਕਰਮ ਕਰਦੇ ਹੋਏ ਆਪਣੀਆਂ ਜਾਨਾਂ ਨੂੰ ਓਸ ਵਫ਼ਾਦਾਰ ਕਰਤਾਰ ਨੂੰ ਸੌਂਪ ਦੇਣ।

2. ਅਸੀਂ ਇੱਕ ਜੰਗ ਲੜ ਰਹੇ ਹਾਂ। ਜੰਗ ਦਾ ਨਤੀਜਾ ਦੁੱਖਦਾਈ ਹੁੰਦਾ ਹੈ।

- ਅਫ਼ਸੀਆਂ 6:10-18
- ਮੱਤੀ 11:12 "*ਸੁਰਗ ਦੇ ਰਾਜ ਉੱਤੇ ਜ਼ੋਰ ਮਾਰਿਆ ਜਾਂਦਾ ਹੈ*"
- ਰਸੂਲਾਂ ਦੇ ਕਰਤਬ 14:22 "*ਅਸੀਂ ਬਹੁਤ ਸਾਰੇ ਦੁੱਖ ਸਹਿ ਕੇ ਪਰਮੇਸ਼ਰ ਦੇ ਰਾਜ ਵਿੱਚ ਵੜਨਾ ਹੈ*"

## D. ਉਹ ਦੁੱਖ ਜਿਸਦਾ ਇਸਤੇਮਾਲ ਸਾਡਾ ਪਿਤਾ ਕਰਦਾ ਹੈ

ਜਿਨ੍ਹਾਂ **ਸਮੱਸਿਆਵਾਂ** ਦਾ ਤੁਸੀਂ ਸਾਹਮਣਾ ਕਰਦੇ ਹੋ ਉਨ੍ਹਾਂ ਦਾ **ਉੱਤਰ** ਕਿਵੇਂ **ਦਿੰਦੇ** ਹੋ ਇਸੇ 'ਤੇ ਨਿਰਭਰ ਕਰਦਾ ਹੈ ਕਿ ਇਹ ਸਮੱਸਿਆਵਾਂ ਤੁਹਾਨੂੰ **ਹਰਾਉਣਗੀਆਂ** ਜਾਂ ਤੁਹਾਨੂੰ **ਵਧਾਉਣਗੀਆਂ**। ਦੁੱਖ ਦੀ ਗੱਲ ਇਹ ਹੈ ਕਿ ਬਹੁਤੇ ਲੋਕ ਇਹ ਸਮਝਣ ਵਿੱਚ ਅਸਮਰਥ ਹਨ ਕਿ ਪਰਮੇਸ਼ਰ ਇਨ੍ਹਾਂ ਸਮੱਸਿਆਵਾਂ ਨੂੰ ਕਿਵੇਂ ਉਨ੍ਹਾਂ ਦੇ ਜੀਵਨ ਵਿੱਚ ਉਨ੍ਹਾਂ ਦੇ ਭਲੇ ਲਈ ਇਸਤੇਮਾਲ ਕਰਨਾ ਚਾਹੁੰਦਾ ਹੈ। ਉਹ ਕੁਝ ਦੇਰ ਰੁਕ ਕੇ ਇਹ ਸੋਚਣ ਦੇ ਬਜਾਏ ਕਿ ਇਹ ਸਮੱਸਿਆਵਾਂ ਕਿਵੇਂ ਉਨ੍ਹਾਂ ਲਈ ਲਾਭ ਦਾ ਕਾਰਨ ਬਣ ਸਕਦੀਆਂ ਹਨ, ਮੂਰਖਤਾਪੂਰਨ ਤਰੀਕੇ ਨਾਲ ਪ੍ਰਤੀਉੱਤਰ ਦਿੰਦੇ ਹਨ ਅਤੇ ਸਮੱਸਿਆਵਾਂ ਉੱਤੇ ਕੁੜਦੇ ਹਨ।

ਕਹਾਉਤਾਂ 6:23 ਕਿਉਂ ਜੋ ਹੁਕਮ ਦੀਵਾ, ਤਾਲੀਮ ਜੋਤ, ਅਤੇ ਸਿੱਖਿਆ ਦੀ ਤਾੜ ਜੀਉਣ ਦਾ ਰਾਹ ਹੈ।

ਪਰਮੇਸ਼ਰ ਅਕਸਰ ਤੁਹਾਡੇ ਜੀਵਨ ਵਿੱਚ ਸਮੱਸਿਆਵਾਂ ਨੂੰ ਇਨ੍ਹਾਂ ਕਾਰਨਾਂ ਕਰਕੇ ਇਸਤੇਮਾਲ ਕਰਦਾ ਹੈ:

1. ਸਾਡੇ ਵਿਸ਼ਵਾਸ ਅਤੇ ਵਫ਼ਾਦਾਰੀ ਨੂੰ ਪਰਖਣ ਲਈ।

ਪਰਮੇਸ਼ਰ ਸਮੱਸਿਆਵਾਂ ਦਾ ਇਸਤੇਮਾਲ ਤੁਹਾਨੂੰ **ਜਾਂਚਣ** ਲਈ ਕਰਦਾ ਹੈ। ਲੋਕ ਚਾਹ ਦੇ ਛੋਟੇ ਪੈਕਟਾਂ ਵਾਂਗ ਹੁੰਦੇ ਹਨ…ਇਹ ਪਤਾ ਲਗਾਉਣ ਲਈ ਕਿ ਇਸ ਪੈਕਟ ਦੇ ਅੰਦਰ ਕੀ ਹੈ ਤੁਹਾਨੂੰ ਇਸ ਨੂੰ ਗਰਮ ਪਾਣੀ ਵਿੱਚ ਪਾਉਣਾ ਪੈਂਦਾ ਹੈ। ਕੀ ਪਰਮੇਸ਼ਰ ਨੇ ਕਦੇ ਤੁਹਾਡੇ ਵਿਸ਼ਵਾਸ ਨੂੰ ਕਿਸੇ ਸਮੱਸਿਆ ਦੁਆਰਾ ਪਰਖਿਆ ਹੈ? ਸਮੱਸਿਆਵਾਂ ਤੁਹਾਡੇ ਬਾਰੇ ਕੀ ਦੱਸਦੀਆਂ ਹਨ?

ਯਾਕੂਬ 1:2-3 ਹੇ ਮੇਰੇ ਭਰਾਵੋ, ਜਾਂ ਤੁਸੀਂ **ਭਾਂਤ ਭਾਂਤ ਦੇ ਪਰਤਾਵਿਆਂ** ਵਿੱਚ ਪਵੋ ਤਾਂ ਇਹ ਨੂੰ ਪੂਰਨ ਅਨੰਦ ਦੀ ਗੱਲ ਜਾਣੋ। ਕਿਉਂ ਜੋ ਤੁਸੀਂ ਜਾਣਦੇ ਹੋ ਭਈ ਤੁਹਾਡੀ **ਨਿਹਚਾ ਦੀ ਪਰੀਖਿਆ** ਧੀਰਜ ਬਣਾਉਂਦੀ ਹੈ।

ਯਾਕੂਬ 1:12-15 **ਧੰਨ** ਉਹ ਮਨੁੱਖ ਜਿਹੜਾ **ਪਰਤਾਵੇ ਨੂੰ ਸਹਿ ਲੈਂਦਾ** ਹੈ ਕਿਉਂਕਿ ਜਾਂ ਖਰਾ ਨਿੱਕਲਿਆ ਤਾਂ ਉਹ ਨੂੰ ਜੀਵਨ ਦਾ ਉਹ ਮੁਕਟ ਪਰਾਪਤ ਹੋਵੇਗਾ

1 ਪਤਰਸ 1:6-7 *ਇਹ ਦੇ ਵਿੱਚ ਤੁਸੀਂ ਵੱਡਾ ਅਨੰਦ ਕਰਦੇ ਹੋ ਭਾਵੇਂ ਹੁਣ ਥੋੜਾਕੁ ਚਿਰ ਜੇਕਰ ਲੋੜੀਦਾ ਹੋਵੇ ਤਾਂ* ***ਭਾਂਤ ਭਾਂਤ ਦੇ ਪਰਤਾਵਿਆਂ*** *ਨਾਲ ਦੁਖੀ ਹੋਏ ਹੋਏ ਹੋ। ਤਾਂ ਜੋ ਤੁਹਾਡੀ* ***ਪਰਖੀ ਹੋਈ ਨਿਹਚਾ*** *ਜਿਹੜੀ ਨਾਸ ਹੋਣ ਵਾਲੇ ਸੋਨੇ ਨਾਲੋਂ ਭਾਵੇਂ ਉਹ ਅੱਗ ਵਿੱਚ ਤਾਇਆ ਵੀ ਜਾਵੇ ਅੱਤ ਭਾਰੇ ਮੁੱਲ ਦੀ ਹੈ ਯਿਸੂ ਮਸੀਹ ਦੇ ਪਰਗਟ ਹੋਣ ਦੇ ਸਮੇਂ* ***ਉਸਤਤ, ਮਹਿਮਾ*** *ਅਤੇ* ***ਆਦਰ*** *ਦੇ ਜੋਗ ਨਿੱਕਲੇ।*

ਪਰਕਾਸ਼ ਦੀ ਪੋਥੀ 2:10 ਜਿਹੜੇ **ਦੁਖ** ਤੈਂ ਭੋਗਣੇ ਹਨ ਤੂੰ ਓਹਨਾਂ ਤੋਂ **ਨਾ ਡਰੀਂ**। ਵੇਖੋ, ਸ਼ਤਾਨ ਤੁਹਾਡੇ ਵਿੱਚੋਂ ਕਈਆਂ ਨੂੰ ਕੈਦ ਵਿੱਚ ਪਾ ਸੁੱਟੇਗਾ ਭਈ ਤੁਸੀਂ ਪਰਤਾਏ ਜਾਓ ਅਤੇ ਤੁਹਾਨੂੰ ਦਸਾਂ ਦਿਨਾਂ ਤੀਕ **ਬਿਪਤਾ** ਹੋਵੇਗੀ। ਤੂੰ **ਮਰਨ ਤੋੜੀ ਵਫ਼ਾਦਾਰ ਰਹੁ** ਤਾਂ ਮੈਂ ਤੈਨੂੰ ਜੀਵਨ ਦਾ ਮੁਕਟ ਦਿਆਂਗਾ।

ਉਜਾੜ ਦਾ ਉਦੇਸ਼ ਬਿਵਸਥਾ ਸਾਰ 8:2-5

ਤੁਸੀਂ ਉਸ ਸਾਰੇ ਰਸਤੇ ਨੂੰ ਯਾਦ ਰੱਖੋ ਜਿਹ ਦੇ ਵਿੱਚ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਨੂੰ ਚਾਲੀ ਵਰਹੇ ਉਜਾੜ ਵਿੱਚ ਲਈ ਫਿਰਦਾ ਰਿਹਾ ਤਾਂ ਜੋ ਉਹ ਤੁਹਾਨੂੰ ਅਧੀਨ ਕਰੇ ਅਤੇ **ਤੁਹਾਨੂੰ ਪਰਖੇ** ਅਤੇ ਜਾਣੇ ਭਈ ਤੁਹਾਡੇ ਮਨ ਵਿੱਚ ਕੀ ਹੈ ਅਰਥਾਤ ਕੀ ਤੁਸੀਂ ਉਸ ਦੇ ਹੁਕਮਾਂ ਉੱਤੇ ਚੱਲੋਗੇ ਵੀ ਕਿ ਨਹੀਂ?। (3) ਉਸ ਨੇ ਤੁਹਾਨੂੰ ਅਧੀਨ ਕੀਤਾ ਅਤੇ **ਤਹਾਨੂੰ ਭੁੱਖੇ ਹੋਣ ਦਿੱਤਾ** ਅਤੇ ਉਹ ਮੰਨ ਜਿਹ ਨੂੰ ਨਾ ਤੁਸੀਂ ਨਾ ਤੁਹਾਡੇ ਪਿਉ ਦਾਦੇ ਜਾਣਦੇ ਸਨ ਤੁਹਾਨੂੰ ਖਿਲਾਇਆ ਤਾਂ ਜੋ ਤੁਹਾਨੂੰ ਸਿਖਾਵੇ ਭਈ ਆਦਮੀ ਨਿਰੀ ਰੋਟੀ ਨਾਲ ਹੀ ਜਿਉਂਦਾ ਨਹੀਂ ਰਹੇਗਾ ਪਰ ਹਰ ਇੱਕ ਵਾਕ ਨਾਲ ਜਿਹੜਾ ਯਹੋਵਾਹ ਦੇ ਮੂੰਹੋਂ ਨਿੱਕਲਦਾ ਹੈ ਆਦਮੀ ਜੀਉਂਦਾ ਰਹੇਗਾ। (4) ਇਨ੍ਹਾਂ ਚਾਲੀਆਂ ਵਰਿਹਾਂ ਵਿੱਚ ਨਾ ਤੁਹਾਡੇ ਉਪਰਲੇ ਬੱਸਤ੍ਰ ਹੰਢੇ, ਨਾ ਤੁਹਾਡੇ ਪੈਰ ਸੁੱਜੇ। (5) ਤੁਸੀਂ ਆਪਣੇ ਮਨ ਵਿੱਚ ਵਿਚਾਰ ਕਰੋ ਕਿ ਜਿਵੇਂ ਮਨੁੱਖ ਆਪਣੇ ਪੁੱਤ੍ਰ ਨੂੰ ਤਾੜਦਾ ਹੈ ਤਿਵੇਂ ਯਹੋਵਾਹ ਤੁਹਾਡਾ ਪਰਮੇਸ਼ੁਰ **ਤੁਹਾਨੂੰ ਤਾੜਦਾ ਰਿਹਾ**।

2. ਸਾਡੇ ਚਰਿੱਤਰ ਨੂੰ ਸਿੱਧ ਬਣਾਉਣ ਲਈ।

1 ਪਤਰਸ 2:19-20 ਕਿਉਂਕਿ ਜੇ ਕੋਈ ਪਰਮੇਸ਼ੁਰ ਦੇ ਖ਼ਿਆਲ ਨਾਲ ਬੇਇਨਸਾਫ਼ੀ ਝੱਲ ਕੇ **ਦੁਖ ਸਹਿ ਲਵੇ** ਤਾਂ ਇਹ ਪਰਵਾਨ ਹੈ। (20) ਜੇ ਤੁਸੀਂ ਪਾਪ ਦੇ ਕਾਰਨ ਮੁੱਕੇ ਖਾ ਕੇ ਧੀਰਜ ਕਰੋ ਤਾਂ ਕੀ ਵਡਿਆਈ ਹੈ ? ਪਰ ਜੇ ਤੁਸੀਂ **ਸ਼ੁਭ ਕਰਮਾਂ** ਦੇ ਕਾਰਨ **ਦੁਖ ਝੱਲ ਕੇ ਧੀਰਜ ਕਰੋ** ਤਾਂ **ਇਹ ਪਰਮੇਸ਼ੁਰ ਨੂੰ ਪਰਵਾਨ ਹੈ**।

ਪਰਮੇਸ਼ਰ **ਸਮੱਸਿਆਵਾਂ** ਦਾ ਇਸਤੇਮਾਲ ਤੁਹਾਨੂੰ **ਸਿੱਧ** ਕਰਨ ਲਈ ਕਰਦਾ ਹੈ। ਜਦੋਂ **ਸਮੱਸਿਆਵਾਂ** ਨੂੰ ਸਹੀ ਉੱਤਰ ਦਿੱਤਾ ਜਾਂਦਾ ਹੈ ਤਾਂ ਇਹ **ਚਰਿੱਤਰ ਦਾ ਨਿਰਮਾਣ ਕਰਦੀਆਂ** ਹਨ। ਪਰਮੇਸ਼ਰ ਨੂੰ ਤੁਹਾਡੇ ਅਰਾਮ ਨਾਲੋਂ ਤੁਹਾਡੇ ਚਰਿੱਤਰ ਵਿੱਚ ਕਿਤੇ ਜਿਆਦਾ ਦਿਲਚਸਪੀ ਹੈ।

ਰੋਮੀਆਂ 5:3-4 ਅਸੀਂ **ਸਮੱਸਿਆਵਾਂ** ਵਿੱਚ ਵੀ **ਅਨੰਦ** ਕਰ ਸਕਦੇ ਹਾਂ...ਇਹ ਸਾਨੂੰ **ਧੀਰਜ ਰੱਖਣਾ** ਸਿਖਾਉਂਦੀਆਂ ਹਨ। ਧੀਰਜ ਸਾਡੇ ਅੰਦਰ **ਚਰਿੱਤਰ** ਦੀ ਸ਼ਕਤੀ ਵਿਕਸਿਤ ਕਰਦਾ ਹੈ ਅਤੇ ਸਾਨੂੰ ਹਰ ਵਾਰ, ਜਦੋਂ ਵੀ ਅਸੀਂ ਇਸ ਨੂੰ ਇਸਤੇਮਾਲ ਕਰਦੇ ਹਾਂ, **ਪਰਮੇਸ਼ਰ ਉੱਤੇ ਹੋਰ ਜਿਆਦਾ ਭਰੋਸਾ** ਕਰਨ ਵਿੱਚ ਸਹਾਇਤਾ ਕਰਦਾ ਹੈ ਜਦ ਤਕ ਕਿ ਆਖਰਕਾਰ ਸਾਡੀ **ਆਸ** ਅਤੇ **ਵਿਸ਼ਵਾਸ ਮਜਬੂਤ ਅਤੇ ਸਥਿਰ ਨਹੀਂ ਬਣ ਜਾਂਦੇ** ।

ਇਬਰਾਨੀਆਂ 2:10 ਜਿਹ ਦੇ ਲਈ ਸੱਭੋ ਕੁਝ ਹੈ ਅਤੇ ਜਿਹ ਦੇ ਰਾਹੀਂ ਸੱਭੋ ਕੁਝ ਹੋਇਆ ਉਸ ਨੂੰ ਜੋਗ ਸੀ ਭਈ ਬਹੁਤਿਆਂ ਪੁੱਤ੍ਰਾਂ ਨੂੰ ਤੇਜ ਵਿੱਚ ਲਿਆਉਂਦਿਆਂ ਉਨ੍ਹਾਂ ਦੇ ਮੁਕਤੀ ਦੇਣ ਵਾਲੇ ਆਗੂ ਨੂੰ **ਦੁਖਾਂ** ਦੇ ਦੁਆਰਾ **ਸੰਪੂਰਨ** ਕਰੇ।

ਇਬਰਾਨੀਆਂ 5:8 ਅਤੇ ਉਹ ਭਾਵੇਂ ਪੁੱਤ੍ਰ ਸੀ ਪਰ ਜਿਹੜੇ ਉਹ ਨੇ **ਦੁਖ ਭੋਗੇ** ਉਨ੍ਹਾਂ ਤੋਂ **ਆਗਿਆਕਾਰੀ ਸਿੱਖੀ**।

**ਯਿਸੂ ਨੇ** ਸਾਡੇ ਜਿਹਾ ਬਣਨ ਲਈ, ਸਾਡੇ ਨਾਲ ਰਹਿਣ ਲਈ, ਸਾਨੂੰ ਸਿਖਾਉਣ ਲਈ ਅਤੇ ਸਾਡੇ ਲਈ ਕੁਰਬਾਨ ਹੋਣ ਵਾਸਤੇ ਆਪਣਾ ਸਿੰਘਾਸਣ / ਆਪਣੀ ਪਦਵੀ / ਸਵਰਗ **ਤਿਆਗ ਦਿੱਤਾ**।

ਫਿਲਿੱਪੀਆਂ 2:4-8 ਤੁਹਾਡਾ ਉਹੋ ਸੁਭਾਓ ਹੋਵੇ ਜੋ ਮਸੀਹ ਯਿਸੂ ਦਾ ਵੀ ਸੀ। (6) ਕਿ ਉਸ ਨੇ ਪਰਮੇਸ਼ਰ ਦੇ ਸਰੂਪ ਵਿੱਚ ਹੋ ਕੇ ਪਰਮੇਸ਼ਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ, (7) ਸਗੋਂ ਉਸ ਨੇ **ਆਪਣੇ ਆਪ ਨੂੰ ਸੱਖਣਾ ਕਰਕੇ ਦਾਸ** ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ। (8) ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ **ਆਪਣੇ ਆਪ ਨੂੰ ਨੀਵਿਆਂ ਕੀਤਾ** ਅਤੇ **ਮੌਤ** ਤਾਈਂ ਸਗੋਂ ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ।

**ਉਸ ਨੇ** ਮਨੁੱਖਾਂ ਦੀ ਈਰਖ਼ਾ, ਸੰਦੇਹ ਅਤੇ ਗਲਤਫਹਿਮੀ ਨੂੰ **ਝੱਲਿਆ**। ਉਸ ਨੇ ਦੁੱਖ ਸਹਿਣਾ ਚੁਣਿਆ। ਉਹ ਸਾਡੇ ਦੁੱਖਾਂ ਵਿੱਚ ਸਾਂਝੀ ਹੋਇਆ। (ਯਸਾਯਾਹ 53)

1 ਪਤਰਸ 4:1-2 ਸੋ ਜਦੋਂ ਮਸੀਹ ਨੇ ਸਰੀਰ ਵਿੱਚ **ਦੁਖ** ਝੱਲਿਆ ਤਾਂ ਤੁਸੀਂ ਵੀ **ਓਸੇ ਮਨਸ਼ਾ** ਦੇ ਹਥਿਆਰ ਬੰਨ੍ਹੋ ਕਿਉਂਕਿ **ਜਿਹ ਨੇ ਸਰੀਰ ਵਿੱਚ ਦੁਖ ਝੱਲਿਆ ਉਹ ਪਾਪ ਤੋਂ ਰਹਿਤ ਹੋਇਆ**। ਭਈ ਤੁਸੀਂ ਅਗਾਹਾਂ ਨੂੰ ਮਨੁੱਖਾਂ ਦੀਆਂ ਕਾਮਨਾਂ ਦੇ ਅਨੁਸਾਰ ਨਹੀਂ ਸਗੋਂ ਪਰਮੇਸ਼ੁਰ ਦੀ ਇੱਛਿਆ ਦੇ ਅਨੁਸਾਰ ਸਰੀਰ ਵਿੱਚ ਆਪਣੀ ਬਾਕੀ ਦੀ ਉਮਰ ਕੱਟੋ।

ਇਸੇ ਤਰ੍ਹਾਂ – ਮੁਸ਼ਕਲਾਂ, ਸਮੱਸਿਆਵਾਂ ਅਤੇ ਦੁੱਖ ਸਹਿ ਕੇ – ਅਸੀਂ ਵੀ ਸੇਵਾ ਦੇ ਕੰਮ ਅਤੇ ਦੂਸਰਿਆਂ ਦੀ ਸੇਵਾ ਲਈ ਸਿੱਧ ਕੀਤੇ ਜਾਂਦੇ ਹਾਂ।

ਇਸ ਨਾਲ ਸਾਡੇ ਅੰਦਰ ਨੈਤਿਕ ਅਤੇ ਆਤਮਿਕ ਜਿੱਤ ਪੈਦਾ ਹੁੰਦੀ ਹੈ ਜਿੱਥੇ ਅਸੀਂ ਸਰੀਰ ਉੱਤੇ ਨਿਰਭਰ ਨਾ ਹੋ ਕੇ ਉਸਦੀ ਸਮਰੱਥਾ ਵਿੱਚ ਖੜ੍ਹੇ ਰਹਿ ਸਕਦੇ ਹਾਂ। ਅਨੁਭਵ ਸਭ ਤੋਂ ਉੱਤਮ ਗੁਰੂ ਹੈ, ਪਰ ਇਸ ਦੀ ਫੀਸ ਬਹੁਤ ਜਿਆਦਾ ਹੈ।

- ਯੂਸੁਫ਼ ਇੱਕ ਚੰਗਾ ਉਦਾਹਰਣ ਹੈ: ਉਸ ਨੇ ਭਰਾਵਾਂ ਦੀ ਨਫ਼ਰਤ ਨੂੰ ਝੱਲਿਆ (ਉਤਪਤ 37:4) ਗੁਲਾਮੀ ਵਿੱਚ ਵੇਚਿਆ ਗਿਆ (37:27), ਔਰਤ ਵੱਲੋਂ ਪਰਤਾਇਆ ਗਿਆ (39:12) ਦੋ ਸਾਲ ਕੈਦ ਵਿੱਚ ਰਿਹਾ (39:20; 40:1)।

1 ਪਤਰਸ 5:8-10 ਜਦ ਤੁਸਾਂ ਥੋੜਾ ਚਿਰ ਦੁੱਖ ਭੋਗ ਲਿਆ ਤਾਂ ਸਾਰੀ ਕਿਰਪਾ ਦਾ ਪਰਮੇਸ਼ਰ ਆਪੇ ਤੁਹਾਨੂੰ ਕਾਮਿਲ, ਕਾਇਮ ਅਤੇ ਤਕੜਿਆਂ ਕਰੇਗਾ।

ਯਾਕੂਬ 1:2-4 ਹੇ ਮੇਰੇ ਭਰਾਵੋ, ਜਾਂ ਤੁਸੀਂ ਭਾਂਤ ਭਾਂਤ ਦੇ **ਪਰਤਾਵਿਆਂ** ਵਿੱਚ ਪਵੋ ਤਾਂ ਇਹ ਨੂੰ ਪੂਰਨ **ਅਨੰਦ** ਦੀ ਗੱਲ ਜਾਣੋ। ਕਿਉਂ ਜੋ ਤੁਸੀਂ ਜਾਣਦੇ ਹੋ ਭਈ ਤੁਹਾਡੀ ਨਿਹਚਾ ਦੀ ਪਰੀਖਿਆ **ਧੀਰਜ** ਬਣਾਉਂਦੀ ਹੈ। ਅਤੇ ਧੀਰਜ ਦੇ ਕੰਮ ਨੂੰ ਪੂਰਿਆਂ ਹੋ ਲੈਣ ਦਿਓ ਭਈ **ਤੁਸੀਂ ਸਿੱਧ** ਅਤੇ **ਸੰਪੂਰਨ ਹੋਵੋ** ਅਤੇ ਤੁਹਾਨੂੰ ਕਿਸੇ ਗੱਲ ਦਾ ਘਾਟਾ ਨਾ ਹੋਵੇ। (5:10-11) ਹੇ ਮੇਰੇ ਭਰਾਵੋ, ਜਿਹੜੇ **ਨਬੀ** ਪ੍ਰਭੁ ਦਾ ਨਾਮ ਲੈ ਕੇ ਬੋਲਦੇ ਸਨ ਉਨ੍ਹਾਂ ਨੂੰ ਦੁਖ ਝੱਲਣ ਦਾ ਅਤੇ ਧੀਰਜ ਕਰਨ ਦਾ ਨਮੂਨਾ ਮੰਨ ਲਓ। ਵੇਖੋ, ਅਸੀਂ ਉਨ੍ਹਾਂ ਨੂੰ **ਧੰਨ ਆਖਦੇ ਹਾਂ ਜਿਨ੍ਹਾਂ ਸਬਰ ਕੀਤਾ**। ਤੁਸਾਂ **ਅੱਯੂਬ ਦਾ ਸਬਰ** ਸੁਣਿਆ ਹੈ ਅਤੇ ਪ੍ਰਭੁ ਦਾ ਪਰੋਜਨ ਜਾਣਦੇ ਹੋ ਭਈ ਪ੍ਰਭੁ ਵੱਡਾ ਦਰਦੀ ਅਤੇ ਦਿਆਲੂ ਹੈ।

- ਉਜਾੜ ਵਿੱਚ ਇਸਰਾਏਲੀ ਲਗਾਤਾਰ ਸ਼ਿਕਾਇਤਾਂ ਕਰਦੇ, ਕੁੜਕੁੜਾਉਂਦੇ ਅਤੇ ਬੁੜਬੁੜਾਉਂਦੇ ਰਹੇ (1 ਕੁਰਿੰਥੀਆਂ 10:10; ਗਿਣਤੀ 11:1)। ਉਨ੍ਹਾਂ ਰਾਜੀ ਨਾ ਹੋਏ ਕਿ ਉਨ੍ਹਾਂ ਦਾ ਚਰਿੱਤਰ ਸਿੱਧ ਬਣਾਇਆ ਜਾਵੇ।

ਰੋਮੀਆਂ 5:3-4 ਨਿਰਾ ਇਹੋ ਨਹੀਂ ਸਗੋਂ **ਬਿਪਤਾਂ** ਵਿੱਚ ਵੀ ਅਭਮਾਨ ਕਰੀਏ ਕਿਉਂ ਜੋ ਇਹ ਜਾਣਦੇ ਹਾਂ ਭਈ **ਬਿਪਤਾ ਧੀਰਜ** ਪੈਦਾ ਕਰਦੀ ਹੈ। ਅਤੇ ਧੀਰਜ **ਦ੍ਰਿੜ੍ਹਤਾ** ਅਤੇ ਦ੍ਰਿੜ੍ਹਤਾ **ਆਸ** ਪੈਦਾ ਕਰਦੀ ਹੈ।

## 3. ਆਪਣੇ ਨਾਮ ਦੀ ਮਹਿਮਾ ਲਈ

ਯੂਹੰਨਾ 12:27-28 ਹੁਣ ਮੇਰਾ ਜੀ ਘਬਰਾਉਂਦਾ ਹੈ ਅਤੇ ਮੈਂ ਕੀ ਆਖਾਂ ? ਹੇ ਪਿਤਾ ਮੈਨੂੰ ਇਸ ਘੜੀ ਤੋਂ ਬਚਾ ? ਪਰ **ਇਸੇ ਲਈ** ਮੈਂ ਇਸ ਘੜੀ ਤੀਕੁ ਆਇਆ ਹਾਂ। ਹੇ ਪਿਤਾ **ਆਪਣੇ ਨਾਮ ਨੂੰ ਵਡਿਆਈ ਦੇਹ**। ਤਦੋਂ ਏਹ ਸੁਰਗੀ ਬਾਣੀ ਆਈ ਜੋ "ਮੈਂ ਉਹ ਨੂੰ ਵਡਿਆਈ ਦਿੱਤੀ ਹੈ, ਅਰ **ਫੇਰ ਵੀ ਦਿਆਂਗਾ**।"

- ਯਿਸੂ ਲਈ ਉਹ ਘੜੀ ਆ ਗਈ ਸੀ ਜਦੋਂ **ਆਪਣੇ ਉਦੇਸ਼ ਨੂੰ ਪੂਰਾ ਕਰਨ ਲਈ** ਉਸ ਨੂੰ **ਵੱਡੇ ਦੁੱਖ** ਦਾ ਸਾਹਮਣਾ ਕਰਨਾ ਸੀ। ਸਾਡੀ ਸੇਵਾ ਜਾਂ ਉਦੇਸ਼ ਲਈ ਵੀ ਇਹ ਜਰੂਰ **ਹੋਵੇਗਾ**।

ਇਬਰਾਨੀਆਂ 2:9-10 ਪਰ ਅਸੀਂ ਉਹ ਨੂੰ ਜਿਹੜਾ ਦੂਤਾਂ ਨਾਲੋਂ ਥੋੜੇ ਚਿਰ ਲਈ ਘੱਟ ਕੀਤਾ ਗਿਆ ਹੈ ਅਰਥਾਤ ਯਿਸੂ ਨੂੰ **ਮੌਤ ਦਾ ਦੁਖ ਝੱਲਣ ਦੇ ਕਾਰਨ ਪਰਤਾਪ ਅਤੇ ਮਾਣ ਦਾ ਮੁਕਟ ਰੱਖਿਆ** ਹੋਇਆ ਵੇਖਦੇ ਹਾਂ ਤਾਂ ਜੋ ਉਹ ਪਰਮੇਸ਼ੁਰ

ਦੀ ਕਿਰਪਾ ਨਾਲ ਹਰੇਕ ਮਨੁੱਖ ਲਈ ਮੌਤ ਦਾ ਸੁਆਦ ਚੱਖੇ। (10) ਜਿਹ ਦੇ ਲਈ ਸੱਭੋ ਕੁਝ ਹੈ ਅਤੇ ਜਿਹ ਦੇ ਰਾਹੀਂ ਸੱਭੋ ਕੁਝ ਹੋਇਆ ਉਸ ਨੂੰ ਜੋਗ ਸੀ ਭਈ **ਬਹੁਤਿਆਂ ਪੁੱਤ੍ਰਾਂ ਨੂੰ ਤੇਜ ਵਿੱਚ ਲਿਆਉਂਦਿਆਂ** ਉਨ੍ਹਾਂ ਦੇ ਮੁਕਤੀ ਦੇਣ ਵਾਲੇ ਆਗੂ ਨੂੰ **ਦੁਖਾਂ** ਦੇ ਦੁਆਰਾ ਸੰਪੂਰਨ ਕਰੇ।

- **ਉਸ ਨੇ ਇਹ ਨਹੀਂ ਕਿਹਾ ਕਿ ਉਸ ਨੂੰ ਇਹ ਦੁੱਖ ਸਹਿਣ ਤੋਂ ਬਚਾ ਲਿਆ ਜਾਵੇ। ਉਹ ਜਾਣਦਾ ਸੀ ਕਿ ਇਹ ਜਰੂਰੀ ਸੀ ਅਤੇ ਇੱਕ ਉਦੇਸ਼ ਦੇ ਤਹਿਤ ਸੀ।**

- ਉਸਦਾ ਅਰਾਮ **ਉਸਦੇ ਪਿਤਾ ਦੀ ਮਹਿਮਾ ਲਈ** ਪਰੇ ਕਰ ਦਿੱਤਾ ਗਿਆ।

ਅਮਰੀਕਾ ਦਾ ਜਿਆਦਾਤਰ ਕਲੀਸੀਆਈ ਸੱਭਿਆਚਾਰ **ਸਲੀਬ ਦੇ ਜੀ ਉੱਠਣ ਵਾਲੇ ਪਹਿਲੂ** ਨੂੰ ਮੰਨਦਾ ਅਤੇ ਇਸੇ ਪਹਿਲੂ ਉੱਤੇ, ਜੋ ਕਿ ਸਹਿਜ ਪਹਿਲੂ ਹੈ, ਵਿਸ਼ਵਾਸ ਕਰਦਾ ਅਤੇ ਆਖਦਾ ਹੈ ਕਿ ਸਾਨੂੰ **ਕੇਵਲ ਇਸੇ ਪਹਿਲੂ** ਦਾ ਸਾਹਮਣਾ ਕਰਨਾ ਪਵੇਗਾ। ਇਹ ਗਲਤ ਸਿੱਖਿਆ ਹੈ।

**ਨਹੀਂ!** ਇਹ ਸਲੀਬ ਦਾ "ਮੌਤ ਵਾਲਾ ਪਹਿਲੂ" ਹੈ ਜਿਸ ਤੋਂ ਪਿਤਾ ਦੇ ਨਾਮ ਨੂੰ ਮਹਿਮਾ ਮਿਲਦੀ ਹੈ। ਇਸ ਤੋਂ ਬਾਦ ਜੀ ਉੱਠਣ ਵਾਲਾ ਪਹਿਲੂ ਹੈ।

ਯੂਹੰਨਾ 12:24 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਕਣਕ ਦਾ ਦਾਣਾ ਜੇ ਜ਼ਮੀਨ ਵਿੱਚ ਪੈ ਕੇ ਨਾ **ਮਰੇ** ਤਾਂ ਉਹ **ਇਕੱਲਾ** ਹੀ ਰਹਿੰਦਾ ਹੈ ਪਰ **ਜੇ ਮਰੇ** ਤਾਂ **ਬਹੁਤ ਸਾਰਾ ਫਲ** ਦਿੰਦਾ।

ਲੂਕਾ 9:22 ਅਤੇ ਆਖਿਆ ਭਈ **ਜ਼ਰੂਰ ਹੈ** ਜੋ ਮਨੁੱਖ ਦਾ ਪੁੱਤ੍ਰ ਬਹੁਤ **ਦੁਖ ਝੱਲੇ** (1st.)**...**ਰੱਦਿਆ ਜਾਏ ਅਤੇ ਮਾਰ ਸੁੱਟਿਆ ਜਾਏ ਅਤੇ ਤੀਜੇ ਦਿਨ ਜੁਆਲਿਆ ਜਾਏ (2nd.)

ਮੌਤ, ਦੁੱਖ, ਸੰਤਾਪ, ਪੀੜ ਦੁਆਰਾ:

- ਪਾਪ ਦੀ ਹਾਰ ਹੋਈ। ਮੌਤ ਦੀ ਹਾਰ ਹੋਈ। ਸ਼ਤਾਨ ਦੀ ਹਾਰ ਹੋਈ।
- ਪ੍ਰਭੂ ਦੇ ਲੋਕ ਛੁਡਾਏ ਗਏ ਅਤੇ ਧਰਮੀ ਠਹਿਰਾਏ ਗਏ।

ਯਿਸੂ ਸਾਡਾ ਉਦਾਹਰਣ ਹੈ; ਸਾਡੇ ਜੀਵਨ ਤੋਂ ਵੀ ਕਿਸੇ ਵੀ ਕੀਮਤ 'ਤੇ **ਸਭ ਤੋਂ ਪਹਿਲਾਂ** ਅਤੇ **ਸਭ ਤੋਂ ਵਧੀਕ ਸਾਡੇ ਸਵਰਗੀ ਪਿਤਾ ਦੇ ਨਾਮ ਨੂੰ ਮਹਿਮਾ ਮਿਲਣੀ ਚਾਹੀਦੀ ਹੈ।**

ਜਿਵੇਂ ਸ਼ਤਾਨ ਨੇ ਯਿਸੂ ਨੂੰ ਪਰਤਾਇਆ, ਉਸੇ ਤਰ੍ਹਾਂ ਉਹ ਸਾਨੂੰ ਵੀ ਪਰਤਾਵੇਗਾ ਕਿ ਅਸੀਂ **ਆਪਣੇ ਪਿਤਾ ਦੀ ਮਹਿਮਾ ਦੀ ਬਜਾਏ ਆਪਣੀ ਮਹਿਮਾ** ਦੀ ਚਾਹ ਕਰੀਏ: ਅਤੇ ਸ਼ਤਾਨ ਨੇ ਉਸ ਨੂੰ ਕਿਹਾ, "ਮੈਂ ਤੈਨੂੰ ਇਹ ਸਾਰਾ ਅਧਿਕਾਰ ਅਤੇ ਇਸਦੀ ਮਹਿਮਾ ਦੇ ਦਿਆਂਗਾ" ਲੂਕਾ 4:6

- ਯਿਸੂ ਨੇ ਇਹ ਵਿਖਾਉਂਦੇ ਹੋਏ ਆਪਣੇ ਪਿਤਾ ਦੀ ਮਹਿਮਾ ਕੀਤੀ ਕਿ ਉਸਦੇ ਬੱਚਿਆਂ ਦੇ ਛੁਟਕਾਰੇ ਲਈ ਉਹ ਕਿਸ ਹੱਦ ਤਕ ਜਾ ਸਕਦਾ ਹੈ। ਛੁਟਕਾਰੇ ਦੀ ਕੀਮਤ ਚੁਕਾਉਣ ਦੇ ਦੁਆਰਾ।

ਲੂਕਾ 24:26 ਕੀ ਮਸੀਹ ਨੂੰ **ਜ਼ਰੂਰੀ** ਨਾ ਸੀ ਜੋ ਏਹ ਕਸ਼ਟ ਭੋਗ ਕੇ **ਆਪਣੇ ਤੇਜ** ਵਿੱਚ ਪ੍ਰਵੇਸ਼ ਕਰੇ?

- ਯਿਸੂ ਨੇ ਛੁਟਕਾਰੇ ਦੀ ਕੀਮਤ ਚੁਕਾਈ – ਸਵਰਗ ਦੇ ਦੁਆਰ ਖੋਲ੍ਹ ਦਿੱਤੇ – ਅਤੇ ਫਿਰ ਸਲੀਬ ਉੱਤੇ ਉਸ ਨੇ ਕਿਹਾ: **ਪੂਰਾ ਹੋਇਆ!** (ਯੂਹੰਨਾ 19:30) **ਉਸਦਾ** ਛੁਟਕਾਰੇ ਦਾ **ਕੰਮ ਪੂਰਾ ਹੋ ਗਿਆ** ਸੀ।

- ਇਸ ਤੋਂ ਬਾਦ ਯਿਸੂ ਨੇ ਖੁਸ਼ਖ਼ਬਰੀ ਨੂੰ ਹਰ ਇਨਸਾਨ ਤਕ ਲੈ ਕੇ ਜਾਣ ਦੀ ਜਿੰਮੇਵਾਰੀ **ਸਾਨੂੰ ਦਿੱਤੀ** (ਮਹਾਨ ਆਗਿਆ; ਮੱਤੀ 28:19)।

ਜਿਵੇਂ ਉਸਦੇ ਉਦੇਸ਼ ਵਿੱਚ ਉਸ ਨੂੰ ਬਲੀਦਾਨ ਅਤੇ ਦੁੱਖ ਸਹਿਣ ਦੀ ਜਰੂਰਤ ਸੀ, ਉਸੇ ਤਰ੍ਹਾਂ ਸਾਡੇ ਉਦੇਸ਼ ਵਿੱਚ ਸਾਨੂੰ ਵੀ ਬਲੀਦਾਨ ਅਤੇ ਦੁੱਖ ਸਹਿਣ ਦੀ ਜਰੂਰਤ ਹੋਵੇਗੀ।

ਕੁਲੁੱਸੀਆਂ 1:24 ਵਿਚਲੇ ਪੌਲੁਸ ਦੇ ਸ਼ਬਦਾਂ ਦਾ ਇਹੋ ਅਰਥ ਹੈ
ਹੁਣ **ਮੈਂ ਆਪਣਿਆਂ ਉਨ੍ਹਾਂ ਦੁਖਾਂ ਵਿੱਚ** ਜੋ ਤੁਹਾਡੇ ਲਈ ਝੱਲਦਾ ਹਾਂ **ਅਨੰਦ ਹਾਂ** ਅਤੇ **ਮਸੀਹ ਦੀਆਂ ਬਿਪਤਾਂ ਦਾ ਘਾਟਾ** ਮੈਂ ਉਹ ਦੀ ਦੇਹੀ ਅਰਥਾਤ ਕਲੀਸਿਯਾ ਦੇ ਲਈ ਆਪਣੇ ਸਰੀਰ ਵਿੱਚ **ਪੂਰਾ ਕਰਦਾ** ਹਾਂ।

*"ਜਿਸ ਚੀਜ਼ ਦਾ ਘਾਟਾ ਹੈ"* ਉਹ ਹੈ ਉਸ ਹਰੇਕ ਜਾਤੀ, ਭਾਸ਼ਾ ਅਤੇ ਕੌਮ ਵਿੱਚਲੇ ਲੋਕਾਂ ਦਾ ਇਹ ਜਾਣਨ ਲਈ ਜਰੂਰੀ ਦੁੱਖ ਝੱਲਣਾ ਕਿ ਯਿਸੂ ਕੌਣ ਹੈ ਅਤੇ ਉਸ ਨੇ ਉਨ੍ਹਾਂ ਲਈ ਕੀ ਕੀਤਾ ਹੈ।

1 ਪਤਰਸ 2:21-23 ਕਿਉਂ ਜੋ **ਤੁਸੀਂ ਇਸੇ ਕਾਰਨ ਸੱਦੇ ਗਏ** ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ **ਦੁਖ ਝੱਲ ਕੇ** ਇੱਕ **ਨਮੂਨਾ ਤੁਹਾਡੇ ਲਈ** ਛੱਡ ਗਿਆ ਭਈ ਤੁਸੀਂ **ਉਹ ਦੀ ਪੈੜ ਉੱਤੇ ਤੁਰੋ**। (22) ਉਹ ਨੇ ਕੋਈ ਪਾਪ ਨਹੀਂ ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵਲ ਛਲ ਦੀ ਗੱਲ ਨਿੱਕਲੀ। (23) ਉਹ ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ ਅਤੇ **ਦੁਖ ਪਾ ਕੇ** ਦਬਕਾ ਨਾ ਦਿੰਦਾ ਸੀ ਸਗੋਂ ਆਪਣੇ ਆਪ ਨੂੰ ਉਹ ਦੇ **ਹੱਥ ਸੌਂਪਦਾ** ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ।

ਪਰਕਾਸ਼ ਦੀ ਪੋਥੀ 5:12 **ਲੇਲਾ** ਜਿਹੜਾ ਕੋਹਿਆ ਗਿਆ ਸੀ ਸਮਰੱਥਾ, ਧਨ, ਬੁੱਧ, ਸ਼ਕਤੀ, ਮਾਣ, **ਮਹਿਮਾ** ਅਤੇ ਧੰਨਵਾਦ **ਲੈਣ ਦੇ ਜੋਗ ਹੈ!**

ਪਰਕਾਸ਼ ਦੀ ਪੋਥੀ 5:13 ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ, ਉਹ ਦਾ ਅਤੇ **ਲੇਲੇ ਦਾ ਧੰਨਵਾਦ, ਮਾਣ, ਮਹਿਮਾ ਪ੍ਰਾਕਰਮ ਜੁੱਗੋ ਜੁੱਗ ਹੋਵੇ!**

4. ਕੁਝ ਬਿਮਾਰੀਆਂ ਕਰਕੇ ਆਉਣ ਵਾਲਾ ਦੁੱਖ ਉਸਦੀ ਮਹਿਮਾ ਲਈ ਹੈ।

ਯੂਹੰਨਾ 11:4 ਇਹ **ਬਿਮਾਰੀ** ਮੌਤ ਦੀ ਨਹੀਂ ਸਗੋਂ **ਪਰਮੇਸ਼ੁਰ ਦੀ ਵਡਿਆਈ ਦੇ ਨਿਮਿੱਤ** ਹੈ ਜੋ ਇਸ ਤੋਂ ਪਰਮੇਸ਼ੁਰ ਦੇ ਪੁੱਤ੍ਰ ਦੀ ਵਡਿਆਈ ਹੋਵੇ।

ਯੂਹੰਨਾ 9:2-3 ਸੁਆਮੀ ਜੀ ਕਿਹ ਨੇ ਪਾਪ ਕੀਤਾ ਇਸ ਨੇ ਯਾ ਇਹ ਦੇ ਮਾਪਿਆਂ ਨੇ ਜੋ ਇਹ ਅੰਨ੍ਹਾ ਜੰਮਿਆ ਹੈ? ਯਿਸੂ ਨੇ ਉੱਤਰ ਦਿੱਤਾ, ਨਾ ਤਾਂ ਇਸ ਨੇ ਪਾਪ ਕੀਤਾ ਨਾ ਇਹ ਦੇ ਮਾਪਿਆਂ ਨੇ ਪਰ ਇਹ **ਇਸ ਲਈ ਹੋਇਆ ਜੋ ਪਰਮੇਸ਼ੁਰ ਦੇ ਕੰਮ** ਉਸ ਵਿੱਚ ਪਰਗਟ ਕੀਤੇ ਜਾਣ।

2 ਕੁਰਿੰਥੀਆਂ 12:7-10 ਅਤੇ ਇਸ ਲਈ ਜੋ **ਮੈਂ** ਪਰਕਾਸ਼ ਬਾਣੀਆਂ ਦੀ ਬਹੁਤਾਇਤ ਦੇ ਕਾਰਨ **ਹੱਦੋਂ ਬਾਹਰ ਫੁੱਲ ਨਾ ਜਾਵਾਂ** ਮੇਰੇ ਸਰੀਰ ਵਿੱਚ ਇੱਕ ਕੰਡਾ ਚੋਭਿਆ ਗਿਆ ਅਰਥਾਤ ਸ਼ਤਾਨ ਦਾ ਘੱਲਿਆ ਹੋਇਆ ਭਈ ਉਹ ਮੈਨੂੰ ਹੂਰੇ ਮਾਰੇ ਤਾਂ ਜੋ ਮੈਂ ਹੱਦੋਂ ਬਾਹਰ ਫੁੱਲ ਨਾ ਜਾਵਾਂ। (8) ਇਹ ਦੇ ਲਈ ਮੈਂ ਪ੍ਰਭੁ ਦੇ ਅੱਗੇ ਤਿੰਨ ਵਾਰ ਬੇਨਤੀ ਕੀਤੀ ਭਈ ਇਹ ਮੈਥੋਂ ਦੂਰ ਹੋ ਜਾਵੇ। (9) ਇਹ ਦੇ ਲਈ ਮੈਂ ਪ੍ਰਭੁ ਦੇ ਅੱਗੇ ਤਿੰਨ ਵਾਰ ਬੇਨਤੀ ਕੀਤੀ ਭਈ ਇਹ ਮੈਥੋਂ ਦੂਰ ਹੋ ਜਾਵੇ। ਅਤੇ ਉਸ ਨੇ ਮੈਨੂੰ ਆਖਿਆ ਭਈ ਮੇਰੀ ਕਿਰਪਾ ਹੀ ਤੇਰੇ ਲਈ ਬਥੇਰੀ ਹੈ ਕਿਉਂ ਜੋ **ਮੇਰੀ ਸਮਰੱਥਾ ਨਿਰਬਲਤਾਈ ਵਿੱਚ ਪੂਰੀ ਹੁੰਦੀ ਹੈ**। ਇਸ ਲਈ ਮੈਂ ਆਪਣੀਆਂ ਨਿਰਬਲਤਾਈਆਂ ਉੱਤੇ ਅੱਤ ਅਨੰਦ ਨਾਲ ਅਭਮਾਨ ਕਰਾਂਗਾ ਤਾਂ ਜੋ ਮਸੀਹ ਦੀ ਸਮਰੱਥਾ ਮੇਰੇ ਉੱਤੇ ਸਾਯਾ ਕਰੇ। (10) ਇਸ ਕਾਰਨ **ਮੈਂ ਮਸੀਹ ਦੇ ਲਈ ਨਿਰਬਲਤਾਈਆਂ** ਉੱਤੇ, **ਮਿਹਣਿਆਂ** ਉੱਤੇ, **ਤੰਗੀਆਂ** ਉੱਤੇ, **ਸਤਾਏ ਜਾਣ** ਉੱਤੇ, ਸੰਕਟਾਂ ਉੱਤੇ, **ਪਰਸੰਨ ਹਾਂ** ਕਿਉਂਕਿ ਜਦੋਂ ਮੈਂ ਨਿਰਬਲ ਹੁੰਦਾ ਹਾਂ ਤਦੋਂ ਹੀ ਸਮਰਥੀ ਹੁੰਦਾ ਹਾਂ।

## 5. ਸਾਨੂੰ ਸੇਵਾ ਵਾਸਤੇ ਤਿਆਰ ਕਰਨ ਲਈ

ਯੂਹੰਨਾ 12:24-26 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਕਣਕ ਦਾ ਦਾਣਾ ਜੇ ਜ਼ਮੀਨ ਵਿੱਚ ਪੈ ਕੇ ਨਾ **ਮਰੇ** ਤਾਂ ਉਹ ਇਕੱਲਾ ਹੀ ਰਹਿੰਦਾ ਹੈ ਪਰ **ਜੇ ਮਰੇ** ਤਾਂ **ਬਹੁਤ ਸਾਰਾ ਫਲ ਦਿੰਦਾ**। ਜਿਹੜਾ ਆਪਣੀ ਜਾਨ ਨਾਲ ਹਿਤ ਕਰਦਾ ਹੈ ਉਹ ਉਸ ਨੂੰ ਗੁਆਉਂਦਾ ਅਤੇ ਜਿਹੜਾ ਇਸ ਜਗਤ ਵਿੱਚ ਆਪਣੀ ਜਾਨ ਨਾਲ ਵੈਰ ਰੱਖਦਾ ਹੈ ਉਹ ਸਦੀਪਕ ਜੀਉਣ ਤਾਈਂ ਉਹ ਦੀ ਰੱਛਿਆ ਕਰੇਗਾ।

ਇਹ ਆਇਤ ਸਾਨੂੰ ਸਾਫ਼-ਸਾਫ਼ ਦੱਸਦੀ ਹੈ:

- ਫਲ ਤੋਂ ਪਹਿਲਾਂ ਮੌਤ ਅਤੇ ਨਵੇਂ ਜੀਵਨ ਤੋਂ ਪਹਿਲਾਂ ਮੌਤ ਹੈ।
- ਜਦ ਤਕ ਪਹਿਲੀ ਮੌਤ ਨਹੀਂ ਹੁੰਦੀ ਉਦੋਂ ਤਕ ਜੀ ਉੱਠਣਾ ਨਹੀਂ ਹੈ।

ਇਸ ਨਾਲ ਇਹ ਸੱਚਾਈ ਉਜਾਗਰ ਹੁੰਦੀ ਹੈ ਕਿ **ਸਲੀਬ ਦੇ ਦੋ ਪਹਿਲੂ** ਹਨ।

- ❖ ਸਭ ਤੋਂ ਪਹਿਲਾਂ **ਦੁੱਖ ਵਾਲਾ ਪਹਿਲੂ** ਅਤੇ ਫਿਰ **ਜੀਵਨ ਵਾਲਾ ਪਹਿਲੂ**।
- ❖ ਇੱਕ ਫਲਦਾਇਕ ਜੀਵਨ ਅਤੇ ਸੇਵਾ ਵਾਸਤੇ – ਸਲੀਬ ਦੇ ਦੋਹਾਂ ਪਹਿਲੂਆਂ ਦਾ ਸਾਹਮਣਾ ਕਰਨਾ ਅਤੇ ਅਨੁਭਵ ਕਰਨਾ ਜਰੂਰੀ ਹੈ।

ਮੱਤੀ 10:38-39 ਅਤੇ ਜੇ ਕੋਈ **ਆਪਣੀ ਸਲੀਬ ਚੁੱਕ ਕੇ** ਮੇਰੇ ਮਗਰ ਨਾ ਤੁਰੇ ਮੇਰੇ ਜੋਗ ਨਹੀਂ। ਜਿਸ ਕਿਸੇ ਨੇ ਆਪਣੀ ਜਾਨ ਲੱਭ ਲਈ ਉਹ ਉਸ ਨੂੰ ਗੁਆਵੇਗਾ ਅਤੇ **ਜਿਸ ਕਿਸੇ ਨੇ ਮੇਰੇ ਲਈ ਆਪਣੀ ਜਾਨ ਗੁਆਈ ਹੈ ਉਹ ਉਸ ਨੂੰ ਲੱਭ ਲਵੇਗਾ।**

ਰੋਮੀਆਂ 8:35-37 ਕੌਣ ਸਾਨੂੰ ਮਸੀਹ ਦੇ ਪ੍ਰੇਮ ਤੋਂ ਅੱਡ ਕਰੇਗਾ? ਕੀ ਬਿਪਤਾ ਯਾ ਕਸ਼ਟ ਯਾ ਅਨ੍ਹੇਰ ਯਾ ਕਾਲ ਯਾ ਨੰਗ ਯਾ ਭੌਜਲ ਯਾ ਤਲਵਾਰ? (36) ਜਿਵੇਂ ਲਿਖਿਆ ਹੋਇਆ ਹੈ - "ਅਸੀਂ **ਤੇਰੇ ਲਈ** ਦਿਨ ਭਰ ਜਾਨੋਂ ਮਾਰੇ ਜਾਂਦੇ ਹਾਂ, ਅਸੀਂ ਕੋਹੀਆਂ ਜਾਣ ਵਾਲੀਆਂ ਭੇਡਾਂ ਦੇ ਤੁੱਲ ਗਿਣੇ ਜਾਂਦੇ ਹਾਂ।" (37) ਸਗੋਂ ਇਨ੍ਹਾਂ ਸਭਨਾਂ ਗੱਲਾਂ ਵਿੱਚ ਉਹ ਦੇ ਦੁਆਰਾ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹੱਦੋਂ ਵੱਧ ਫਤਹ ਪਾਉਂਦੇ ਹਾਂ।

2 ਕੁਰਿੰਥੀਆਂ 4:7-12 …ਅਸੀਂ ਸਭ ਪਾਸਿਓਂ ਕਸ਼ਟ ਵਿੱਚ ਹਾਂ ਪਰ ਮਿੱਧੇ ਨਹੀਂ ਗਏ, ਦੁਬਧਾ ਵਿੱਚ ਹਾਂ ਪਰ ਹੱਦੋਂ ਵਧ ਨਹੀਂ। ਸਤਾਏ ਜਾਂਦੇ ਹਾਂ ਪਰ ਇਕੱਲੇ ਨਹੀਂ ਛੱਡੇ ਜਾਂਦੇ, ਡੇਗੇ ਜਾਂਦੇ ਹਾਂ ਪਰ ਨਾਸ ਨਹੀਂ ਹੁੰਦੇ। **ਅਸੀਂ ਯਿਸੂ ਦੇ ਮਰਨ ਨੂੰ ਆਪਣੀ ਦੇਹ ਵਿੱਚ ਸਦਾ ਲਈ ਫਿਰਦੇ ਹਾਂ ਤਾਂ ਜੋ ਯਿਸੂ ਦਾ ਜੀਵਨ ਵੀ** ਸਾਡੀ ਦੇਹ ਵਿੱਚ **ਪਰਗਟ ਹੋਵੇ**। ਕਿਉਂਕਿ ਅਸੀਂ ਜੋ ਜੀਉਂਦੇ ਹਾਂ ਸੋ **ਨਿੱਤ** ਯਿਸੂ ਦੇ ਨਮਿੱਤ **ਮੌਤ ਦੇ ਹੱਥ ਫੜਵਾਏ ਜਾਂਦੇ ਹਾਂ** ਭਈ **ਯਿਸੂ ਦਾ ਜੀਵਨ ਭੀ** ਸਾਡੇ ਮਰਨਹਾਰ ਸਰੀਰ ਵਿੱਚ **ਪਰਗਟ ਹੋਵੇ। ਸੋ ਮੌਤ ਤਾਂ ਸਾਡੇ ਵਿੱਚ ਪਰ ਜੀਵਨ ਤੁਹਾਡੇ ਵਿੱਚ ਪੋਹੰਦਾ ਹੈ।**

ਉਪਰੋਕਤ ਆਇਤਾਂ ਇੱਕ ਵਾਰ ਫਿਰ ਦੂਸਰਿਆਂ ਪ੍ਰਤੀ ਸਾਡੀ ਸੇਵਾਕਾਈ ਵਾਸਤੇ **ਸਲੀਬ ਦੇ ਦੋਹਾਂ ਪਹਿਲੂਆਂ** ਦੀ ਜਰੂਰਤ ਉੱਤੇ ਜ਼ੋਰ ਦਿੰਦੀਆਂ ਹਨ।

ਜੀ ਉੱਠਣ ਦੇ ਪਹਿਲੂ ਨੂੰ ਪੂਰੀ ਤਰ੍ਹਾਂ ਅਨੁਭਵ ਕਰਨ ਤੋਂ ਪਹਿਲਾਂ ਸਾਡਾ ਮੌਤ ਦੇ ਪਹਿਲੂ ਦਾ ਅਨੁਭਵ ਕਰਨਾ ਜਰੂਰੀ ਹੈ।

ਫਿਲਿੱਪੀਆਂ 3:10-11 ਤਾਂ ਜੋ ਮੈਂ ਉਹਨੂੰ ਅਤੇ ਉਹਦੇ ਜੀ ਉੱਠਣ ਦੀ ਸ਼ਕਤੀ ਨੂੰ ਅਤੇ ਉਹ ਦਿਆਂ **ਦੁੱਖਾਂ ਦੀ ਸਾਂਝ** ਨੂੰ ਜਾਣ ਲਵਾਂ ਅਤੇ ਉਹਦੀ **ਮੌਤ ਦੇ ਸਰੂਪ ਨਾਲ ਮਿਲ ਜਾਵਾਂ**; (11) ਭਈ ਮੈਂ **ਕਿਵੇਂ ਨਾ ਕਿਵੇਂ** ਮੁਰਦਿਆਂ ਵਿੱਚੋਂ **ਜੀ ਉੱਠਣ** ਦੀ ਪਦਵੀ ਤੀਕ ਅੱਪੜ ਪਵਾਂ।

> ਇਹ ਆਇਤ ਸਲੀਬ ਦੇ ਦੋਹਾਂ ਪਹਿਲੂਆਂ ਨੂੰ ਅਤੇ ਉਸ ਇੱਕੋ ਇੱਕ ਤਰਤੀਬ ਨੂੰ ਸਪਸ਼ਟ ਉਜਾਗਰ ਕਰਦੀਆਂ ਹਨ ਜਿਸ ਵਿੱਚ ਇਨ੍ਹਾਂ ਪਹਿਲੂਆਂ ਨੂੰ ਅਨੁਭਵ ਕੀਤਾ ਜਾਵੇਗਾ।

ਅਸੀਂ ਦੂਸਰਿਆਂ ਲਈ ਯਿਸੂ ਦੇ ਪ੍ਰੇਮ ਅਤੇ ਦੁੱਖਾਂ ਦਾ ਸਜੀਵ ਉਦਾਹਰਣ ਬਣ ਜਾਂਦੇ ਹਾਂ ਕਿ ਉਹ ਉਸ ਨੂੰ ਵੇਖ ਸਕਣ ਅਤੇ ਉਸ ਬਾਰੇ ਜਾਣ ਸਕਣ।

> 1 ਕੁਰਿੰਥੀਆਂ 13:1-8 …ਪ੍ਰੇਮ ਧੀਰਜਵਾਨ ਹੈ…ਸਭ ਕੁਝ ਝੱਲ ਲੈਂਦਾ…ਸਭ ਕੁਝ ਸਹਿ ਲੈਂਦਾ……ਕਦੇ ਟਲਦਾ ਨਹੀਂ।

ਯੂਹੰਨਾ 15:2 ਹਰੇਕ ਟਹਿਣੀ ਜੋ ਫਲ ਦਿੰਦੀ ਹੈ ਉਹ ਉਸ ਨੂੰ **ਛਾਂਗਦਾ** ਹੈ ਤਾਂ **ਜੋ ਹੋਰ ਵੀ ਫਲ ਦੇਵੇ**। (8) ਮੇਰੇ ਪਿਤਾ ਦੀ ਵਡਿਆਈ ਇਸੇ ਤੋਂ ਹੁੰਦੀ ਹੈ ਜੋ ਤੁਸੀਂ ਬਹੁਤਾ ਫਲ ਦਿਓ ਅਰ ਇਉਂ ਤੁਸੀਂ ਮੇਰੇ ਚੇਲੇ ਹੋਵੋਗੇ।

ਮੱਤੀ 10:16-25 ਵੇਖੋ ਮੈਂ ਤੁਹਾਨੂੰ ਭੇਡਾਂ ਵਾਂਙੁ ਬਘਿਆੜਾਂ ਵਿੱਚ ਭੇਜਦਾ ਹਾਂ...ਆਪਣੀਆਂ ਸਮਾਜਾਂ ਵਿੱਚ ਤੁਹਾਨੂੰ **ਕੋਰੜੇ ਮਾਰਨਗੇ**। (18) ਅਤੇ ਤੁਸੀਂ ਮੇਰੇ ਕਾਰਨ ਹਾਕਮਾਂ ਅੱਗੇ ਹਾਜਰ ਕੀਤੇ ਜਾਓਗੇ...(21) ਭਾਈ ਭਾਈ ਨੂੰ ਮੌਤ ਲਈ **ਫੜਵਾਏਗਾ**...(22) ਮੇਰੇ ਨਾਮ ਕਰਕੇ ਸਭ ਲੋਕ ਤੁਹਾਡੇ ਨਾਲ **ਵੈਰ** ਰੱਖਣਗੇ...(23) ਪਰ ਜਦ ਲੋਕ ਤੁਹਾਨੂੰ **ਸਤਾਉਣ**...(24) ਚੇਲਾ ਗੁਰੂ ਨਾਲੋਂ ਵੱਡਾ ਨਹੀਂ...(25) ਐੱਨਾ ਬਹੁਤ ਹੈ ਜੋ ਚੇਲਾ ਆਪਣੇ ਗੁਰੂ ਜਿਹਾ ਹੋਵੇ...

- ਖਾਸ ਕਰਕੇ ਅਮਰੀਕੀਆਂ ਲਈ ਆਪਣੀਆਂ ਇੱਛਾਵਾਂ ਨੂੰ ਮਾਰਨਾ ਅਤੇ ਇਸ ਸੰਸਾਰ ਦੇ ਭੋਗ ਬਿਲਾਸ ਨੂੰ ਨਾਂਹ ਕਹਿਣਾ ਸਿੱਖਣਾ ਬਹੁਤ ਕਠਿਨ ਹੈ।
- ਖਪਤਕਾਰ ਪ੍ਰੇਰਿਤ ਸੱਭਿਆਚਾਰ ਵਿੱਚ ਆਪਣੀ ਹਰੇਕ ਇੱਛਾ ਨੂੰ ਪੂਰਾ ਕਰਨ ਅਤੇ ਕਸ਼ਟ ਤੋਂ ਬਚਣ ਦੀ ਮਜਬੂਤ ਇੱਛਾ ਹੁੰਦੀ ਹੈ।
- ਇਹੋ ਗੱਲ ਹੁਣ ਸਵਾਸਥ, ਧਨ-ਦੌਲਤ ਅਤੇ ਖੁਸ਼ਹਾਲੀ ਦੇ ਖੇਤਰ ਵਿੱਚ ਵੀ ਪ੍ਰਵੇਸ਼ ਕਰ ਗਈ ਹੈ ਕਿ ਜ਼ਰਾ ਜਿੰਨਾ ਵੀ ਕਸ਼ਟ ਸਹਿਣ ਨਹੀਂ ਕਰ ਸਕਦੇ।

ਫਿਲਿੱਪੀਆਂ 1:29 ਕਿਉਂ ਜੋ ਮਸੀਹ ਦੇ ਲਈ **ਤੁਹਾਡੇ ਉੱਤੇ** ਇਹ ਕਿਰਪਾ ਹੋਈ ਭਈ ਤੁਸੀਂ ਨਾ ਕੇਵਲ ਉਸ ਉੱਤੇ ਨਿਹਚਾ ਹੀ ਕਰੋ ਸਗੋਂ **ਉਹ ਦੇ ਲਈ ਦੁੱਖ ਵੀ ਝੱਲੋ**।

2 ਤਿਮੋਥਿਉਸ 1:8 ਇਸ ਲਈ ਤੂੰ ਸਾਡੇ ਪ੍ਰਭੁ ਦੀ ਸਾਖੀ ਤੋਂ ਨਾ ਸ਼ਰਮਾਵੀਂ, ਨਾ ਮੈਥੋਂ ਜੋ ਉਹ ਦਾ ਬੰਧੂਆ ਹਾਂ ਸਗੋਂ ਪਰਮੇਸ਼ੁਰ ਦੀ ਸਮਰੱਥਾ ਦੇ ਅਨੁਸਾਰ **ਖੁਸ਼ ਖਬਰੀ ਲਈ ਦੁਖਾਂ ਵਿੱਚ** ਮੇਰੇ ਨਾਲ ਸਾਂਝੀ ਹੋਵੀਂ।

2 ਕੁਰਿੰਥੀਆਂ 1:3-5 ਮੁਬਾਰਕ ਹੈ ਸਾਡੇ ਪ੍ਰਭੁ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹੜਾ ਦਿਆਲਗੀਆਂ ਦਾ ਪਿਤਾ ਅਤੇ ਸਰਬ ਦਿਲਾਸੇ ਦਾ ਪਰਮੇਸ਼ੁਰ ਹੈ। ਜੋ **ਸਾਡੀਆਂ ਸਾਰੀਆਂ ਬਿਪਤਾਂ ਵਿੱਚ ਸਾਨੂੰ ਦਿਲਾਸਾ ਦਿੰਦਾ ਹੈ** ਭਈ ਅਸੀਂ ਉਸੇ ਦਿਲਾਸੇ ਤੋਂ ਜਿਹ ਨੂੰ ਅਸਾਂ ਪਰਮੇਸ਼ੁਰ ਵੱਲੋਂ ਪਾਇਆ ਹੈ ਓਹਨਾਂ ਨੂੰ ਹਰ ਬਿਪਤਾ ਵਿੱਚ ਦਿਲਾਸਾ ਦੇਣ ਜੋਗੇ ਹੋਈਏ। ਕਿਉਂਕਿ ਜਿਵੇਂ ਮਸੀਹ ਦੇ **ਦੁਖ** ਸਾਡੇ ਲਈ **ਬਾਹਲੇ** ਹਨ ਤਿਵੇਂ ਸਾਡਾ ਦਿਲਾਸਾ ਵੀ ਮਸੀਹ ਦੇ ਰਾਹੀਂ ਬਾਹਲਾ ਹੈ।

- ਦਿਲਾਸਾ ਦੇਣ ਵਾਲਾ – ਪਵਿੱਤਰ ਆਤਮਾ – ਹਰੇਕ ਸਥਿਤੀ ਵਿੱਚ ਸਾਨੂੰ ਦਿਲਾਸਾ ਦੇਣ ਲਈ ਸਾਡੇ ਨਾਲ ਹੈ। ਪਰ ਕਈ ਵਾਰ ਅਸੀਂ ਉਸਦੇ ਦਿਲਾਸੇ ਅਤੇ ਉਸ ਦੀਆਂ ਗੱਲਾਂ ਨੂੰ ਨਾਂਹ ਕਰ ਦਿੰਦੇ ਹਾਂ ਅਤੇ ਕੇਵਲ ਨਕਾਰਾਤਮਕ ਪਹਿਲੂ 'ਤੇ ਧਿਆਨ ਦੇਣ ਦਾ ਫੈਸਲਾ ਕਰਦੇ ਹਾਂ ਅਤੇ ਕੜਵਾਹਟ ਨੂੰ ਸਾਡੇ ਮਨਾਂ ਵਿੱਚ ਜ਼ਹਿਰ ਭਰਨ ਦਿੰਦੇ ਹਾਂ।
- ਲੋਕਾਂ ਨਾਲ ਪੇਸ਼ ਆਉਂਦੇ ਹੋਏ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਜੇਕਰ ਅਸੀਂ ਉਨ੍ਹਾਂ ਨੂੰ ਆਪਣੇ ਅਨੁਭਵ ਤੋਂ ਪਰਮੇਸ਼ਰ ਦਾ ਦਿਲਾਸਾ ਦੇਣ ਦੇ ਬਜਾਏ ਕੇਵਲ ਦਿਮਾਗੀ ਗਿਆਨ ਦਿੰਦੇ ਹਾਂ, ਤਾਂ ਅਸੀਂ ਉਨ੍ਹਾਂ ਦੀ ਕੜਵਾਹਟ ਵਿੱਚ ਵਾਧਾ ਕਰ ਸਕਦੇ ਹਾਂ।

6. ਸਾਨੂੰ ਬਚਾਉਣ ਅਤੇ/ਜਾਂ ਅਗਵਾਈ ਕਰਨ ਲਈ

ਕਈ ਵਾਰ ਪਰਮੇਸ਼ਰ ਸਮੱਸਿਆਵਾਂ ਦਾ ਇਸਤੇਮਾਲ ਸਾਨੂੰ **ਦਿਸ਼ਾ ਵਿਖਾਉਣ** ਲਈ ਕਰਦਾ ਹੈ। ਕਈ ਵਾਰ ਉਹ ਸਾਨੂੰ ਥੋੜਾ ਸੇਕ ਲਗਵਾਉਂਦਾ ਹੈ ਕਿ ਸਾਨੂੰ ਅੱਗੇ ਤੋਰੀ ਰੱਖੇ। ਸਮੱਸਿਆਵਾਂ ਅਕਸਰ ਸਾਨੂੰ ਨਵੀਂ ਦਿਸ਼ਾ ਵੱਲ ਤੋਰਦੀਆਂ ਹਨ ਅਤੇ ਬਦਲਾਵ ਲਈ ਪ੍ਰੇਰਿਤ ਕਰਦੀਆਂ ਹਨ।

- ਯੂਨਾਹ ਦਾ ਉਦਾਹਰਣ
- ਰਸੂਲਾਂ ਦੇ ਕਰਤਬ 16:22-34 ਪੌਲੁਸ ਅਤੇ ਸੀਲਾਸ ਨੂੰ ਕੈਦ ਵਿੱਚ ਪਾਇਆ ਗਿਆ ਅਤੇ ਕੈਦਖਾਨੇ ਦੇ ਦਰੋਗੇ ਨੇ ਪ੍ਰਭੂ ਨੂੰ ਗ੍ਰਹਿਣ ਕੀਤਾ।

ਜਦੋਂ ਅਸੀਂ ਸਤਾਏ ਜਾਂਦੇ ਹਾਂ ਤਾਂ ਅਸੀਂ ਇਕੱਲੇ ਨਹੀਂ ਹਾਂ ਪਰ ਯਿਸੂ ਹੈ ਜੋ ਸਤਾਇਆ ਜਾਂਦਾ ਹੈ।

- ਰਸੂਲਾਂ ਦੇ ਕਰਤਬ 9:5 ਅਤੇ ਉਹ ਨੇ ਆਖਿਆ, ਪ੍ਰਭੂ ਜੀ ਤੂੰ ਕੌਣ ਹੈਂ? ਉਸ ਨੇ ਕਿਹਾ, ਮੈਂ ਯਿਸੂ ਹਾਂ ਜਿਹਨੂੰ **ਤੂੰ ਸਤਾਉਂਦਾ ਹੈਂ**।

ਪਰਮੇਸ਼ਰ ਸਮੱਸਿਆਵਾਂ ਦਾ ਇਸਤੇਮਾਲ ਸਾਨੂੰ **ਬਚਾਉਣ** ਲਈ ਕਰਦਾ ਹੈ। ਕਈ ਵਾਰ ਸਮੱਸਿਆ ਸਾਨੂੰ ਕਿਸੇ ਜਿਆਦਾ ਗੰਭੀਰ ਨੁਕਸਾਨ ਤੋਂ ਬਚਾ ਕੇ ਸਾਡੇ ਲਈ **ਬਰਕਤ ਦਾ ਕਾਰਨ** ਬਣ ਸਕਦੀ ਹੈ।

ਉਦਾਹਰਣ: ਕੋਈ ਐਸਾ ਵਿਅਕਤੀ ਜਿਸ ਨੂੰ ਇਸ ਵਜ੍ਹਾ ਕਰਕੇ ਨੌਕਰੀ ਤੋਂ ਕੱਢ ਦਿੱਤਾ ਗਿਆ ਕਿਉਂਕਿ ਉਸ ਨੇ ਕੰਪਨੀ ਦੇ ਗੈਰ ਕਨੂੰਨੀ ਕੰਮਾਂ ਦਾ ਹਿੱਸਾ ਬਣਨ ਤੋਂ ਇਨਕਾਰ ਕਰ ਦਿੱਤਾ। ਪਰ ਅੱਗੇ ਚੱਲ ਕੇ ਜਦੋਂ ਕੰਪਨੀ ਦੇ ਨਜਾਇਜ਼ ਕੰਮਾਂ ਦਾ ਪਰਦਾਫਾਸ਼ ਹੋਇਆ ਤਾਂ ਇਹ ਵਿਅਕਤੀ ਜੇਲ ਜਾਣ ਤੋਂ ਬਚ ਗਿਆ। ਤੁਸੀਂ ਤਾਂ ਮੇਰੇ ਵਿਰੁੱਧ ਬੁਰਿਆਈ ਦੀ ਜੁਗਤ ਕੀਤੀ ਪਰ ਪਰਮੇਸ਼ਰ ਨੇ ਇਸ ਨੂੰ ਮੇਰੇ ਲਈ ਭਲਿਆਈ ਬਣਾ ਦਿੱਤਾ…(ਉਤਪਤ 50:20)।

## 7. ਕੁਈ ਦੁੱਖ ਪਰਮੇਸ਼ਰ ਦੇ ਅਨੁਸ਼ਾਸਨ ਦਾ ਨਤੀਜਾ ਹੁੰਦੇ ਹਨ

ਪਰਮੇਸ਼ਰ ਸਮੱਸਿਆਵਾਂ ਦਾ ਇਸਤੇਮਾਲ ਸਾਡੇ **ਸੁਧਾਰ** ਲਈ ਕਰਦਾ ਹੈ। ਕੁਝ ਸਬਕ ਅਜਿਹੇ ਹਨ ਜਿਹੜੇ ਅਸੀਂ ਕੇਵਲ ਦਰਦ ਅਤੇ ਨਾਕਾਮੀ ਰਾਹੀਂ ਹੀ ਸਿੱਖਦੇ ਹਾਂ। ਅਸੀਂ ਆਪਣੇ ਬੱਚਿਆਂ ਨੂੰ ਗਰਮ ਚੁੱਲ੍ਹੇ ਨੂੰ ਛੂਹਣ ਤੋਂ ਰੋਕਦੇ ਹਾਂ। ਪਰ ਤਕਰੀਬਨ ਸਾਰੇ ਬੱਚੇ ਇੱਕ ਵਾਰ ਹੱਥ ਸਾੜ ਕੇ ਹੀ ਸਿੱਖਦੇ ਹਨ।

ਕਈ ਵਾਰ ਅਸੀਂ ਸਿਹਤ, ਪੈਸੇ ਜਾਂ ਰਿਸ਼ਤਿਆਂ ਜਿਹੀਆਂ ਚੀਜ਼ਾਂ ਦੀ ਕੀਮਤ ਇਨ੍ਹਾਂ ਨੂੰ ਗੁਆਉਣ ਤੋਂ ਬਾਦ ਹੀ ਸਿੱਖਦੇ ਹਾਂ। ਦਾਊਦ ਨੇ ਕਿਹਾ: ਮੇਰੇ ਲਈ ਭਲਾ ਹੈ ਕਿ ਮੈਂ ਦੁਖੀ ਹੋਇਆ ਤਾਂ ਜੋ ਮੈਂ ਤੇਰੀਆਂ ਬਿਧੀਆਂ ਨੂੰ ਸਿੱਖਾਂ (ਜ਼ਬੂਰ 119:71-72) ਅਤੇ ਦਾਊਦ ਇੱਕ ਦਿਆਨਤਦਾਰ ਵਿਅਕਤੀ ਸੀ।

ਇਬਰਾਨੀਆਂ 12:4-11 ਤੁਸਾਂ **ਪਾਪ ਨਾਲ ਲੜਦੇ ਹੋਏ** ਅਜੇ ਲਹੂ ਦੇ ਵਹਾਏ ਜਾਣ ਤੀਕੁਰ ਸਾਹਮਣਾ ਨਹੀਂ ਕੀਤਾ। (5) ਅਤੇ ਤੁਸੀਂ ਉਸ ਉਪਦੇਸ਼ ਨੂੰ ਭੁੱਲ ਗਏ ਹੋ ਜਿਸ ਤੋਂ ਤੁਹਾਨੂੰ ਪੁੱਤ੍ਰਾਂ ਵਾਂਙੁ ਸਮਝਾਈਦਾ ਹੈ, - "ਹੇ ਮੇਰੇ ਪੁੱਤ੍ਰ, ਤੂੰ ਪ੍ਰਭੁ ਦੀ ਤਾੜ ਨੂੰ ਤੁੱਛ ਨਾ ਜਾਣ, ਅਤੇ ਜਾਂ ਉਹ ਤੈਨੂੰ ਝਿੜਕੇ ਤਾਂ ਅੱਕ ਜਾਈਂ, (6) "ਕਿਉਂ ਜੋ ਜਿਹ ਦੇ ਨਾਲ ਪਿਆਰ ਕਰਦਾ ਹੈ, ਪ੍ਰਭੁ ਉਹ ਨੂੰ **ਤਾੜਦਾ ਹੈ**, ਅਤੇ ਹਰੇਕ ਪੁੱਤ੍ਰ ਨੂੰ ਜਿਹ ਨੂੰ ਉਹ ਕਬੂਲ ਕਰਦਾ ਹੈ, ਉਹ **ਕੋਰੜੇ ਮਾਰਦਾ** ਹੈ।" (7) ਤੁਸੀਂ

**ਸਹਾਰਾ ਜੋ ਕਰਦੇ** ਹੋ ਇਹ **ਤਾੜੇ ਜਾਣ** ਦੇ ਨਮਿੱਤ ਹੈ। ਪਰਮੇਸ਼ੁਰ ਤੁਹਾਡੇ ਨਾਲ ਅਜਿਹਾ ਵਰਤਦਾ ਹੈ ਜਿਹਾ ਪੁੱਤ੍ਰਾਂ ਨਾਲ, ਕਿਉਂ ਜੋ ਉਹ ਕਿਹੜਾ ਪੁੱਤ੍ਰ ਹੈ ਜਿਹ ਨੂੰ ਪਿਉ ਨਹੀਂ **ਤਾੜਦਾ**? (8) ਪਰ ਜੇ ਤੁਸੀਂ ਉਸ **ਤਾੜਨਾ** ਬਿਨਾ ਰਹੇ ਜਿਹ ਦੇ ਵਿੱਚ ਸੱਭੇ ਸਾਂਝੀ ਹੋਏ ਹਨ ਤਾਂ ਤੁਸੀਂ ਪੁੱਤ੍ਰ ਨਹੀਂ ਸਗੋਂ ਹਰਾਮ ਦੇ ਹੋ! (9) ਫੇਰ ਸਾਡੇ ਸਰੀਰਕ ਪਿਉ ਸਨ ਜਿਹੜੇ **ਤਾੜਨਾ** ਕਰਦੇ ਸਨ ਅਤੇ ਅਸਾਂ ਓਹਨਾਂ ਦਾ ਆਦਰ ਕੀਤਾ। ਤਾਂ ਭਲਾ, ਅਸੀਂ ਬਹੁਤ ਵਧੀਕ ਆਤਮਿਆਂ ਦੇ ਪਿਤਾ ਦੇ ਅਧੀਨ ਨਾ ਹੋਈਏ ਅਤੇ ਜੀਵੀਏ? (10) ਓਹ ਤਾਂ ਥੋੜੇ ਦਿਨਾਂ ਦੇ ਲਈ ਆਪਣੀ ਸਮਝ ਦੇ ਅਨੁਸਾਰ **ਤਾੜਨਾ ਕਰਦੇ** ਸਨ ਪਰ **ਇਹ ਲਾਭ ਦੇ ਲਈ ਕਰਦਾ** ਹੈ ਭਈ ਅਸੀਂ ਉਹ ਦੀ ਪਵਿੱਤਰਤਾਈ ਵਿੱਚ ਸਾਂਝੀ ਹੋਈਏ। (11) **ਸਾਰੀ ਤਾੜਨਾ** ਤਾਂ ਓਸ ਵੇਲੇ ਅਨੰਦ ਦੀ ਨਹੀਂ ਸਗੋਂ ਸੋਗ ਦੀ ਗੱਲ ਸੁੱਝਦੀ ਹੈ ਪਰ ਮਗਰੋਂ ਉਹ ਓਹਨਾਂ ਨੂੰ ਜਿਹੜੇ ਉਹ ਦੇ ਨਾਲ ਸਿਧਾਏ ਗਏ ਹਨ ਧਰਮ ਦਾ ਸ਼ਾਂਤੀ-ਦਾਇਕ ਫਲ ਦਿੰਦੀ ਹੈ।

1 ਕੁਰਿੰਥੀਆਂ 11:27-32 ਇਸ ਕਰਕੇ ਜੋ ਕੋਈ ਅਜੋਗਤਾ ਨਾਲ ਇਹ ਰੋਟੀ ਖਾਵੇ ਅਥਵਾ ਪ੍ਰਭੁ ਦਾ ਪਿਆਲਾ ਪੀਵੇ ਸੋ ਪ੍ਰਭੁ ਦੇ ਸਰੀਰ ਅਤੇ ਲਹੂ ਦਾ ਦੋਸ਼ੀ ਹੋਵੇਗਾ। ਪਰ ਮਨੁੱਖ ਆਪਣੇ ਆਪ ਨੂੰ ਪਰਖੇ,...ਜਿਹੜਾ ਖਾਂਦਾ ਅਤੇ ਪੀਂਦਾ ਹੈ ਜੇ ਉਹ ਸਰੀਰ ਦੀ ਜਾਚ ਨਾ ਕਰੇ ਤਾਂ ਆਪਣੇ ਉੱਤੇ ਡੰਨ ਲਾ ਕੇ ਖਾਂਦਾ ਪੀਂਦਾ ਹੈ। ਇਸੇ ਕਾਰਨ ਬਾਹਲੇ ਤੁਹਾਡੇ ਵਿੱਚ ਨਿਤਾਣੇ ਅਤੇ ਰੋਗੀ ਹਨ ਅਤੇ ਕਈਕੁ ਸੁੱਤੇ ਪਏ ਹਨ।

ਯੂਹੰਨਾ 15:1-5 ਪਰਮੇਸ਼ਰ ਸਾਨੂੰ ਛਾਂਗਦਾ ਹੈ ਭਈ ਅਸੀਂ ਜਿਆਦਾ ਫਲ ਦੇਈਏ

ਜ਼ਬੂਰਾਂ ਦੀ ਪੋਥੀ 34:19 ਧਰਮੀ ਉੱਤੇ ਬਹੁਤ ਸਾਰੀਆਂ ਮੁਸੀਬਤਾਂ ਪੈਂਦੀਆਂ ਹਨ ਪਰ ਯਹੋਵਾਹ ਉਨ੍ਹਾਂ ਸਭਨਾਂ ਤੋਂ ਉਸ ਨੂੰ ਛੁਡਾਉਂਦਾ ਹੈ।

ਸਾਨੂੰ ਇਸ ਸੱਚਾਈ ਨੂੰ ਸਮਝਣਾ ਜਰੂਰੀ ਹੈ: ਪਰਮੇਸ਼ਰ ਦਾ ਕੰਮ ਸਾਡੇ ਜੀਵਨਾਂ ਵਿੱਚ ਉਦੋਂ ਵੀ ਜਾਰੀ ਹੈ ਜਦੋਂ ਅਸੀਂ ਇਸ ਨੂੰ ਵੇਖਦੇ ਜਾਂ ਸਮਝਦੇ ਨਹੀਂ ਹਾਂ। ਪਰ ਇਹ ਉਦੋਂ ਹੋਰ ਵੀ ਜਿਆਦਾ ਅਸਾਨ ਅਤੇ ਲਾਭਦਾਇਕ ਹੈ ਜਦੋਂ ਤੁਸੀਂ ਪਰਮੇਸ਼ਰ ਨਾਲ ਸਹਿਯੋਗ ਕਰਦੇ ਹੋ ਅਤੇ ਦੁੱਖ ਝੱਲਣ ਦੇ ਦਰਦ ਨੂੰ ਸਹਿ ਲੈਂਦੇ ਹੋ!

## VI. ਬਾਈਬਲ ਵਿੱਚੋਂ ਮੁਸ਼ਕਲ ਪ੍ਰਸ਼ਨ

### A. ਜੇਕਰ ਵਿਸ਼ਵਾਸ ਬਾਰੇ ਕੁਝ ਸੰਦੇਹ ਹੋਣ ਤਾਂ ਕੀ ਕਰੀਏ?

ਹੁਣ ਜਦੋਂ ਤੁਸੀਂ ਇੱਕ ਮਸੀਹੀ ਹੋ ਤਾਂ ਕੀ ਮਸੀਹ ਯਿਸੂ ਉੱਤੇ ਆਪਣੇ ਵਿਸ਼ਵਾਸ ਨੂੰ ਲੈ ਕੇ ਕਦੇ ਤੁਹਾਡੇ ਮਨ ਵਿੱਚ ਕੋਈ ਸ਼ੰਕਾ ਜਾਂ ਸਵਾਲ ਆਇਆ ਹੈ?

ਕੀ ਯਿਸੂ ਨੇ ਕਿਹਾ: "*ਹਾਂ, ਇਹ ਵਿਅਕਤੀ ਵਿਸ਼ਵਾਸ ਨਹੀਂ ਕਰਦਾ, ਸੋ ਮੈਂ ਇਹ ਨੂੰ ਬਾਹਰ ਕੱਢ ਦਿਆਂਗਾ।*" **ਨਹੀਂ!**

ਯੂਹੰਨਾ 6:37 **ਜੋ ਕੁਝ** ਪਿਤਾ ਮੈਨੂੰ ਦਿੰਦਾ ਹੈ ਮੇਰੇ ਕੋਲ **ਆਵੇਗਾ** ਅਤੇ ਜੋ ਮੇਰੇ ਕੋਲ ਆਉਂਦਾ ਹੈ **ਮੈਂ ਕਦੇ ਵੀ ਉਹ ਨੂੰ ਕੱਢ ਨਾ ਦਿਆਂਗਾ।**

ਮੂਲ ਯੂਨਾਨੀ ਭਾਸ਼ਾ ਵਿੱਚ "ਕਦੇ ਵੀ ਨਹੀਂ" ਲਈ ਜੋ ਸ਼ਬਦ ਹੈ ਉਹ ਹੈ: "οὐ μή" ਇਸ ਦੇ ਅਰਥ ਵਿੱਚ ਦੋ-ਦੋ ਨਕਾਰਾਤਮਕ ਸ਼ਬਦ ਹਨ: "**ਮੈਂ ਨਹੀਂ, ਕਦੇ ਵੀ ਨਹੀਂ।**"

ਪਰ ਜੇਕਰ ਮੈਂ ਪਾਪ ਕਰਾਂ, ਤਾਂ? ਯਿਸੂ ਨੇ ਕਿਹਾ: "**ਮੈਂ ਨਹੀਂ, ਕਦੇ ਵੀ ਨਹੀਂ**" ਕੱਢਾਂਗਾ।

ਯਿਸੂ ਮਸੀਹ ਤੁਹਾਨੂੰ ਪਿਆਰ ਕਰਦਾ ਹੈ ਅਤੇ ਉਸਦਾ ਪਿਆਰ ਇਸ ਗੱਲ 'ਤੇ ਨਿਰਭਰ ਨਹੀਂ ਹੈ ਕਿ ਤੁਸੀਂ ਉਸ ਨੂੰ ਕਿੰਨਾ ਪਿਆਰ ਕਰਦੇ ਹੋ ਜਾਂ ਤੁਸੀਂ ਕਿੰਨੇ ਚੰਗੇ ਕੰਮ ਕਰਦੇ ਹੋ।

- 1 ਯੂਹੰਨਾ 4:8 ...ਪਰਮੇਸ਼ਰ ਪ੍ਰੇਮ ਹੈ।
- 1 ਕੁਰਿੰਥੀਆਂ 13:7-8 ਪ੍ਰੇਮ...ਸਭ ਕੁਝ ਸਹਿ ਲੈਂਦਾ ਹੈ, ਸਭਨਾਂ ਗੱਲਾਂ 'ਤੇ ਨਿਹਚਾ ਕਰਦਾ ਹੈ, ਸਭਨਾਂ ਗੱਲਾਂ ਦੀ ਆਸ ਰੱਖਦਾ ਹੈ, ਸਭ ਕੁਝ ਝੱਲ ਲੈਂਦਾ ਹੈ। ਪ੍ਰੇਮ ਕਦੇ ਟਲਦਾ ਨਹੀਂ।
- 2 ਤਿਮੋਥਿਉਸ 2:13 ਭਾਵੇਂ ਅਸੀਂ ਬੇ ਵਫ਼ਾ ਹੋਈਏ ਪਰ ਉਹ ਵਫ਼ਾਦਾਰ ਰਹਿੰਦਾ ਹੈ ਕਿਉਂ ਜੋ ਉਹ ਆਪਣਾ ਇਨਕਾਰ ਨਹੀਂ ਕਰ ਸਕਦਾ।

ਪਰਮੇਸ਼ਰ ਦਾ ਤੁਹਾਡੇ ਲਈ ਜੋ ਪ੍ਰੇਮ ਹੈ ਉਹ ਤੁਹਾਡੇ ਕਿਸੇ ਪ੍ਰਤੀਉੱਤਰ 'ਤੇ ਨਿਰਭਰ ਨਹੀਂ ਹੈ। ਉਸ ਨੇ **ਤੁਹਾਨੂੰ ਚੁਣਿਆ** ਹੈ, ਤੁਹਾਡੇ ਨਾਲ ਪ੍ਰੇਮ ਕਰਨ ਦਾ ਫੈਸਲਾ ਕੀਤਾ ਹੈ, ਅਤੇ **ਉਹ ਹਮੇਸ਼ਾ ਵਫ਼ਾਦਾਰ ਰਹੇਗਾ**।

ਪਰਮੇਸ਼ਰ ਨੇ ਸਾਡੇ ਨਾਲ ਪ੍ਰੇਮ ਕਰਨ ਦਾ **ਫੈਸਲਾ ਕੀਤਾ** ਹੈ। ਰੋਮੀਆਂ 5:8

**ਰੋਮੀਆਂ 8:29-30 ਪਰਮੇਸ਼ਰ ਸਾਡੇ ਵੱਲ ਹੈ!** ਕੌਣ ਸਾਡੇ ਉੱਤੇ ਦੋਸ਼ ਲਗਾ ਸਕਦਾ ਹੈ?

ਕੌਣ ਤੁਹਾਨੂੰ ਦੋਸ਼ੀ ਠਹਰਾ ਸਕਦਾ ਹੈ? ਉਹ ਜਿਹੜਾ ਤੁਹਾਨੂੰ ਦੋਸ਼ੀ ਠਹਰਾ ਸਕਦਾ ਸੀ ਉਹ ਤੁਹਾਡੇ ਲਈ ਮਰ ਗਿਆ।

ਅਤੇ ਕਿਉਂਕਿ ਉਹ ਸਾਡੇ ਨਾਲ ਪ੍ਰੇਮ ਕਰਦਾ ਹੈ, ਇਸ ਕਰਕੇ **ਅਸੀਂ ਕਦੇ ਕੁਝ ਅਜਿਹਾ ਨਹੀਂ ਕਰ ਸਕਦੇ ਜੋ ਉਸਦੇ ਮਨ ਨੂੰ ਬਦਲ ਦੇਵੇ**। ਇਸ ਕਰਕੇ, ਜਦੋਂ ਅਸੀਂ ਵਿਸ਼ਵਾਸ ਨਹੀਂ ਵੀ ਕਰਦੇ,...ਉਹ ਉਦੋਂ ਵੀ ਵਫ਼ਾਦਾਰ ਹੈ: ਉਹ ਆਪਣਾ ਇਨਕਾਰ ਨਹੀਂ ਕਰ ਸਕਦਾ। 2 ਤਿਮੋਥਿਉਸ 2:13

## ਉਸ ਨੇ ਵਾਦਾ ਕੀਤਾ ਹੈ!

ਤੀਤੁਸ 1:1-2 ਇਬਰਾਨੀਆਂ 6:17-18 ਗਿਣਤੀ 23:19 ਰੋਮੀਆਂ 11:29

ਭਾਵੇਂ ਅਸੀਂ ਬੇ ਵਫ਼ਾ ਹੋਈਏ ਪਰ ਉਹ ਵਫ਼ਾਦਾਰ ਰਹਿੰਦਾ ਹੈ ਕਿਉਂ ਜੋ ਉਹ ਆਪਣਾ ਇਨਕਾਰ ਨਹੀਂ ਕਰ ਸਕਦਾ।
2 ਤਿਮੋਥਿਉਸ 2:13

## B. "*ਅੰਤ ਤੀਕ ਸਹਿਣ*" ਦਾ ਕੀ ਅਰਥ ਹੈ?

ਮੱਤੀ 10:22 ਅਤੇ ਮੇਰੇ ਨਾਮ ਕਰਕੇ ਸਭ ਲੋਕ ਤੁਹਾਡੇ ਨਾਲ ਵੈਰ ਰੱਖਣਗੇ ਪਰ ਜਿਹੜਾ ਅੰਤ ਤੋੜੀ ਸਹੇਗਾ ਸੋਈ ਬਚਾਇਆ ਜਾਵੇਗਾ।

23 ਆਇਤ: ਇੱਥੇ ਅੰਤ ਦੇ ਸਮੇਂ ਬਾਰੇ ਗੱਲ ਕੀਤੀ ਗਈ ਹੈ।

ਤੁਲਨਾ ਕਰੋ: ਮੱਤੀ 24:3-14 ਆਇਤ 13 ਉਹੋ ਗੱਲ ਕਹੀ ਗਈ ਹੈ।
15, 21, 29 ਆਇਤ ਕਸ਼ਟ ਦੇ ਸਮੇਂ ਦੌਰਾਨ

### ਇਹ ਡਰਾਉਣ ਲਈ ਨਹੀਂ, ਸਗੋਂ ਉਤਸਾਹਿਤ ਕਰਨ ਲਈ ਹੈ।

ਵੇਖੋ: ਲੂਕਾ 21:7, 12-19

ਇਨ੍ਹਾਂ ਆਇਤਾਂ ਵਿੱਚ ਉਹ ਇਸ ਬਾਰੇ ਗੱਲ ਕਰ ਰਿਹਾ ਹੈ: **ਬਚਾਏ ਜਾਣ ਜਾਂ ਸਤਾਅ ਤੋਂ ਛੁਡਾਏ ਜਾਣ ਬਾਰੇ। ਨਾ ਕਿ ਸਦੀਪਕ ਮੁਕਤੀ ਬਾਰੇ।**

ਤੁਲਨਾ ਕਰੋ: ਮੱਤੀ 10:28
ਇਸਦਾ ਅਰਥ ਹੈ: ਸਤਾਅ ਤੋਂ ਡਰਨ ਦੀ ਲੋੜ ਨਹੀਂ ਹੈ।

| | |
|---|---|
| ਮੱਤੀ 5:11-12 | ਅਨੰਦ ਹੋਵੋ |
| ਲੂਕਾ 6:23 | ਅਨੰਦ ਹੋਵੋ ਅਤੇ ਖੁਸ਼ੀ ਨਾਲ ਉੱਛਲੋ |
| ਰੋਮੀਆਂ 8:17 | ਉਸਦੇ ਨਾਲ ਦੁੱਖ ਉਠਾਓ |
| 2 ਤਿਮੋਥਿਉਸ 2:11 | ਜੇਕਰ ਦੁੱਖ ਉਠਾਉਂਦੇ ਹਾਂ ਤਾਂ…ਰਾਜ ਕਰਾਂਗੇ |
| ਰੋਮੀਆਂ 8:18, 38 | |

ਚੇਲੇ ਬਣਨ ਨਾਲ ਤੁਸੀਂ ਪਰਮੇਸ਼ਰ ਦੇ ਬੱਚੇ ਨਹੀਂ ਬਣ ਜਾਂਦੇ:
ਮੱਤੀ 13:20-21 2 ਤਿਮੋਥਿਉਸ 3:7 ਯੂਹੰਨਾ 6:66

ਇਹ ਕੀ ਹੈ? **ਕਾਇਮ ਰਹਿਣ ਵਾਲਾ ਵਿਸ਼ਵਾਸ!** ਇਬਰਾਨੀਆਂ 10:39 12:2-3
1 ਕੁਰਿੰਥੀਆਂ 2:4-6

## C. ਮਸੀਹ ਦਾ ਇਨਕਾਰ ਕਰਨ ਦਾ ਕੀ ਅਰਥ ਹੈ?

ਮੱਤੀ 10:32-33 ਉਪਰੰਤ ਜੋ ਕੋਈ ਮਨੁੱਖਾਂ ਦੇ ਅੱਗੇ ਮੇਰਾ ਇਕਰਾਰ ਕਰੇਗਾ ਮੈਂ ਵੀ ਆਪਣੇ ਪਿਤਾ ਦੇ ਅੱਗੇ ਜਿਹੜਾ ਸੁਰਗ ਵਿੱਚ ਹੈ ਉਹ ਦਾ ਇਕਰਾਰ ਕਰਾਂਗਾ।

2 ਤਿਮੋਥਿਉਸ 2:12-13 ਜੇ ਸਹਾਰ ਲਈਏ ਤਾਂ ਉਹ ਦੇ ਨਾਲ ਰਾਜ ਭੀ ਕਰਾਂਗੇ। ਜੇ ਉਹ ਦਾ ਇਨਕਾਰ ਕਰੀਏ ਤਾਂ ਉਹ ਭੀ ਸਾਡਾ ਇਨਕਾਰ ਕਰੇਗਾ। ਭਾਵੇਂ ਅਸੀਂ ਬੇ ਵਫ਼ਾ ਹੋਈਏ ਪਰ ਉਹ ਵਫ਼ਾਦਾਰ ਰਹਿੰਦਾ ਹੈ ਕਿਉਂ ਜੋ ਉਹ ਆਪਣਾ ਇਨਕਾਰ ਨਹੀਂ ਕਰ ਸੱਕਦਾ।

ਪਤਰਸ ਰਸੂਲ ਨੇ ਕੀ ਕੀਤਾ? ਪਤਰਸ ਨੇ ਤਿੰਨ ਵਾਰ ਯਿਸੂ ਦਾ ਇਨਕਾਰ ਕੀਤਾ!

ਮੱਤੀ 26:33-35, 75 ...ਤੂੰ ਤਿੰਨ ਵਾਰ ਮੇਰਾ ਇਨਕਾਰ ਕਰੇਂਗਾ।

ਕੀ ਯਿਸੂ ਨੇ ਪਤਰਸ ਦਾ ਇਨਕਾਰ ਕੀਤਾ? **ਨਹੀਂ!** ਮਰਕੁਸ 16:7; ਯੂਹੰਨਾ 21:15-17

ਪਤਰਸ ਨੂੰ ਉਸਦਾ ਨਾਮ ਲੈ ਕੇ ਬੁਲਾਇਆ:
ਯਸਾਯਾਹ 43:1 45:4; ਯੂਹੰਨਾ 10:3; 2ਤਿਮੋਥਿਉਸ 2:19 ਪਰਕਾਸ਼ ਦੀ ਪੋਥੀ 3:5

ਅਸੀਂ ਇਹੋ ਸਿੱਟਾ ਕੱਢ ਸਕਦੇ ਹਾਂ ਕਿ – ਸ਼ਰਧਾ ਵਿੱਚ ਕਦੇ-ਕਦਾਈਂ ਦੀ ਸਾਡੀ ਨਾਕਾਮੀ ਦੇ ਕਾਰਨ ਪ੍ਰਭੂ ਸਾਡਾ ਇਨਕਾਰ ਨਹੀਂ ਕਰਦਾ।

**ਜਿਹੜੀ ਸ਼ਰਧਾ ਪਰਮੇਸ਼ਰ ਤੋਂ ਪੈਦਾ ਹੋਈ ਹੈ** ਉਹ ਕਦੇ-ਕਦਾਈਂ ਅਸਫ਼ਲ ਹੋ ਸਕਦੀ ਹੈ, ਪਰ ਅੰਤਿਮ ਨਤੀਜਾ ਇਹ ਹੈ ਕਿ ਇਹ ਵਿਸ਼ਵਾਸ ਕਰਨਾ ਜਾਰੀ ਰੱਖਦੀ ਹੈ ਅਤੇ ਕਦੇ ਵੀ ਉਸ ਆਖਰੀ ਮੁਕਾਮ 'ਤੇ ਨਹੀਂ ਪਹੁੰਚਦੀ ਜਿੱਥੇ ਵਿਸ਼ਵਾਸ ਬਿਲਕੁਲ ਹੀ ਖ਼ਤਮ ਹੋ ਜਾਵੇ।

ਇਹ ਸਦਾ ਲਈ ਵਿਸ਼ਵਾਸ ਕਰਨਾ ਬੰਦ ਨਹੀਂ ਕਰਦੀ।

ਉਦਾਹਰਣ: ਅਬਰਾਹਮ: ਉਤਪਤ 15:2-4; 16:1-2; 20:1-2
ਮੂਸਾ: ਕੂਚ 4:14; ਗਿਣਤੀ 20:8-12

**ਜਿਹੜੀ ਸ਼ਰਧਾ ਪਰਮੇਸ਼ਰ ਤੋਂ ਪੈਦਾ ਨਹੀਂ ਹੋਈ** ਉਹ ਲਗਾਤਾਰ ਵਿਸ਼ਵਾਸ ਕਰਦੀ ਨਹੀਂ ਰਹੇਗੀ।
ਉਦਾਹਰਣ: 2 ਪਤਰਸ 2:1; ਯਹੂਦਾ 4; ਪ੍ਰਭੂ ਦਿਲ ਨੂੰ ਵੇਖਦਾ ਹੈ।

1 ਯੂਹੰਨਾ 2:19 (ਇੱਥੇ ਵੀ ਉਹੋ ਲਿਖਿਆ ਹੈ ਜੋ ਮੱਤੀ 10:33 ਵਿੱਚ ਲਿਖਿਆ ਹੈ)
ਓਹ ਸਾਡੇ ਵਿੱਚੋਂ ਨਿੱਕਲ ਗਏ ਪਰ ਸਾਡੇ ਨਾਲ ਦੇ ਨਹੀਂ ਸਨ ਕਿਉਂਕਿ ਜੋ ਸਾਡੇ ਨਾਲ ਦੇ ਹੁੰਦੇ ਤਾਂ ਸਾਡੇ ਨਾਲ ਹੀ ਰਹਿੰਦੇ। ਪਰ ਓਹ ਨਿੱਕਲ ਗਏ ਤਾਂ ਜੋ ਪਰਗਟ ਹੋਣ ਭਈ ਓਹ ਸੱਭੇ ਸਾਡੇ ਨਾਲ ਦੇ ਨਹੀਂ ਹਨ।

ਇਬਰਾਨੀਆਂ 10:39
ਪਰ ਅਸੀਂ ਓਹਨਾਂ ਵਿੱਚੋਂ ਨਹੀਂ ਜਿਹੜੇ ਪਿਛਾਹਾਂ ਹਟ ਕੇ ਨਸ਼ਟ ਹੋ ਜਾਂਦੇ ਹਨ ਸਗੋਂ ਓਹਨਾਂ ਵਿੱਚੋਂ ਜਿਹੜੇ ਨਿਹਚਾ ਕਰ ਕੇ ਜਾਨ ਬਚਾ ਰੱਖਦੇ ਹਨ।

## D. ਕੀ ਇਹ ਹੋ ਸਕਦਾ ਹੈ ਕਿ ਕੋਈ ਵਿਅਕਤੀ ਸੱਚਾਈ ਨੂੰ ਜਾਣ ਕੇ ਵੀ ਵਿਸ਼ਵਾਸੀ ਨਾ ਹੋਵੇ?

2 ਪਤਰਸ 2:19-22

ਉਦਾਹਰਣ:

ਮਿਸਰ ਵਿੱਚੋਂ ਇਸਰਾਏਲ ਦੇ ਨਾਲ ਇੱਕ "ਮਿਲੀ ਜੁਲੀ ਭੀੜ" (ਕੂਚ 12:38) ਵੀ ਬਾਹਰ ਨਿੱਕਲੀ। ਉਨ੍ਹਾਂ ਪਰਮੇਸ਼ਰ ਦੇ ਲੋਕਾਂ ਨੂੰ ਮਿਲਣ ਵਾਲੀਆਂ ਸਾਰੀਆਂ ਬਰਕਤਾਂ ਦਾ ਅਨੰਦ ਵੀ ਮਾਣਿਆ। ਉਨ੍ਹਾਂ ਨੇ ਸਵਰਗ ਤੋਂ ਉੱਤਰਨ ਵਾਲਾ ਮੰਨਾ ਵੀ ਖਾਧਾ ਅਤੇ ਉਹ ਪਾਣੀ ਵੀ ਪੀਤਾ ਜਿਹੜਾ ਚੱਟਾਨ ਵਿੱਚੋਂ ਨਿੱਕਲਿਆ। ਇਸਰਾਏਲ ਦੇ ਲੋਕਾਂ ਦੇ ਨਾਲ ਉਹ ਵੀ "**ਪਵਿੱਤਰ ਕੀਤੇ ਗਏ**" ਅਤੇ ਅਲੱਗ ਕੀਤੇ ਗਏ (1 ਕੁਰਿੰਥੀਆਂ 10:1-5)। ਪਰ ਉਹ ਕਦੇ ਵੀ ਪਰਮੇਸ਼ਰ ਦੇ ਲੋਕ **ਨਹੀਂ ਸਨ**।

ਇਹੋ ਗੱਲ ਅੱਜ ਵੀ ਸੱਚ ਹੈ।

ਉਹ ਪਰਮੇਸ਼ਰ ਦੇ ਲੋਕਾਂ ਦੇ ਨਾਲ ਹੋਣ ਕਰਕੇ **ਪਵਿੱਤਰ ਤਾਂ ਕੀਤੇ ਗਏ** ਪਰ ਉਹ ਪ੍ਰਭੂ ਵਿੱਚ ਵਿਸ਼ਵਾਸ ਦੁਆਰਾ **ਧਰਮੀ ਨਹੀਂ ਠਹਿਰਾਏ ਗਏ**।

ਉਦਾਹਰਣ: 1 ਕੁਰਿੰਥੀਆਂ 7:13-14
... ਕਿਉਂ ਜੋ ਬੇਪਰਤੀਤ ਪਤੀ ਆਪਣੀ ਪਤਨੀ ਦੇ ਕਾਰਨ ਪਵਿੱਤਰ ਹੋਇਆ ਅਤੇ ਬੇਪਰਤੀਤ ਪਤਨੀ ਉਸ ਭਰਾ ਦੇ ਕਾਰਨ ਪਵਿੱਤਰ ਹੋਈ ਹੈ, ਨਹੀਂ ਤਾਂ ਤੁਹਾਡੇ ਬਾਲ ਬੱਚੇ ਅਸ਼ੁੱਧ ਹੁੰਦੇ ਪਰ ਹੁਣ ਤਾਂ ਪਵਿੱਤਰ ਹਨ।

ਅਸੀਂ ਉਨ੍ਹਾਂ ਲੋਕਾਂ ਦੀ ਗੱਲ ਕਰ ਰਹੇ ਹਾਂ ਜਿਹੜੇ ਇਸ ਸੰਸਾਰ ਦੀ ਭ੍ਰਿਸ਼ਟਤਾ ਤੋਂ ਉਸੇ ਤਰ੍ਹਾਂ ਬਚਣ ਵਿੱਚ ਸਫ਼ਲ ਹੋਏ ਜਿਵੇਂ ਮਿਲੀ ਜੁਲੀ ਭੀੜ ਮਿਸਰ ਦੀ ਭ੍ਰਿਸ਼ਟਤਾ ਤੋਂ ਬਚਣ ਵਿੱਚ ਕਾਮਯਾਬ ਹੋਈ। **ਪਵਿੱਤਰ ਕੀਤੇ ਗਏ** (ਵੱਖ ਕੀਤੇ ਗਏ) **ਪਰ ਧਰਮੀ ਨਹੀਂ ਠਹਿਰਾਏ ਗਏ**। ਉਹ **ਸੱਚੇ ਵਿਸ਼ਵਾਸੀ ਨਹੀਂ ਸਨ**। ਉਨ੍ਹਾਂ ਵਿੱਚ ਸੱਚਾ ਵਿਸ਼ਵਾਸ ਨਹੀਂ ਸੀ।

ਯਹੂਦਾਹ ਦੀ ਪੱਤ੍ਰੀ 1:5 ਹੁਣ ਭਾਵੇਂ ਤੁਸੀਂ ਇੱਕੋ ਵਾਰ ਸੱਭੋ ਕੁਝ ਜਾਣ ਵੀ ਚੁੱਕੇ ਹੋ ਤਾਂ ਵੀ ਮੈਂ ਤੁਹਾਨੂੰ ਚਿਤਾਰਿਆ ਚਾਹੁੰਦਾ ਹਾਂ ਭਈ ਪ੍ਰਭੁ ਨੇ ਲੋਕਾਂ ਨੂੰ ਮਿਸਰ ਦੇਸ ਵਿੱਚੋਂ ਬਚਾ ਕੇ ਪਿੱਛੋਂ ਉਨ੍ਹਾਂ ਦਾ ਜਿਨ੍ਹਾਂ ਪਰਤੀਤ ਨਾ ਕੀਤੀ ਨਾਸ ਕੀਤਾ।

ਮੱਤੀ 13:24-30

ਜੰਗਲੀ ਬੂਟੀ ਕਦੇ ਵੀ ਕਣਕ ਨਹੀਂ ਬਣਦੀ ਅਤੇ ਕਣਕ ਕਦੇ ਵੀ ਜੰਗਲੀ ਬੂਟੀ ਨਹੀਂ ਬਣਦੀ।

ਉਦਾਹਰਣ: 2 ਪਤਰਸ 2:22 ਇਹ ਸੱਚੀ ਕਹਾਉਤ ਉਨ੍ਹਾਂ ਉੱਤੇ ਠੀਕ ਬਹਿੰਦੀ ਹੈ ਭਈ ਕੁੱਤਾ ਆਪਣੀ ਉੱਪਰ-ਛਲ ਵੱਲ ਮੁੜਿਆ ਅਤੇ ਨੁਲ੍ਹਾਈ ਹੋਈ ਸੂਰਨੀ ਚਿੱਕੜ ਵਿੱਚ ਲੇਟਣ ਨੂੰ ਮੁੜ ਗਈ।

ਤੁਲਨਾ ਕਰੋ:

- ਮੱਤੀ 12:43-452 ਪਤਰਸ 2:22 ਵਿੱਚ ਮਨੁੱਖ ਵਿੱਚੋਂ ਅਸ਼ੁੱਧ ਚੀਜ਼ ਉਸੇ ਤਰ੍ਹਾਂ ਬਾਹਰ ਨਿੱਕਲ ਗਈ ਜਿਵੇਂ ਕੁੱਤੇ ਵਿੱਚੋਂ ਵਲੱਛ।
- ਰਸੂਲਾਂ ਦੇ ਕਰਤਬ 16:16-22 ਇੱਕ ਦਾਸ ਲੜਕੀ ਜਿਸ ਵਿੱਚੋਂ ਜਾਦੂ-ਟੂਣੇ ਦੀ ਆਤਮਾ ਨੂੰ ਬਾਹਰ ਕੱਢਿਆ ਗਿਆ ਪਰ ਉਸ ਲੜਕੀ ਵਿੱਚ ਕੋਈ ਵਿਸ਼ਵਾਸ ਨਜ਼ਰ ਨਹੀਂ ਆਉਂਦਾ।
- ਲੂਕਾ 8:38-39 ਦੁਸ਼ਟ ਆਤਮਾ ਗ੍ਰਸਤ ਵਿਅਕਤੀ ਇੱਕ ਵਿਸ਼ਵਾਸੀ ਬਣ ਗਿਆ।
- ਯੂਹੰਨਾ 6:53, 60, 66, 26 ਕਿਉਂ? 1 ਯੂਹੰਨਾ 2:19
- ਨੁਲ੍ਹਾਇਆ ਹੋਇਆ ਸੂਰ। ਹੇਰੋਦੇਸ: ਮਰਕੁਸ 6:19-20, 26
  ਫ਼ਰੀਸੀ: ਮੱਤੀ 23:25

ਮੱਤੀ 1:21

ਅਤੇ ਉਹ ਪੁੱਤ੍ਰ ਜਣੇਗੀ ਅਤੇ ਤੂੰ ਉਹ ਦਾ ਨਾਮ ਯਿਸੂ ਰੱਖੀ ਕਿਉਂ ਜੋ ਉਹ **ਆਪਣੇ ਲੋਕਾਂ ਨੂੰ** ਉਨ੍ਹਾਂ ਦੇ ਪਾਪਾਂ ਤੋਂ **ਬਚਾਵੇਗਾ**।

| | |
|---|---|
| ਯੂਹੰਨਾ 6:44-45 | ਰੋਮੀਆਂ 9:14-16 |
| ਯੂਹੰਨਾ 8:44 | ਅਫ਼ਸੀਆਂ 1:4 |
| ਯੂਹੰਨਾ 15:16, 19 | 2 ਥੱਸਲੁਨੀਕੀਆਂ 2:13 |

ਮੱਤੀ 6:9 ਯਿਸੂ ਨੇ ਸਾਨੂੰ "ਪਿਤਾ ਕੋਲ" ਪ੍ਰਾਰਥਨਾ ਕਰਨ ਲਈ ਕਿਹਾ।

ਲੂਤ ਦਾ ਉਦਾਹਰਣ:

| | |
|---|---|
| ਉਤਪਤ 13:1-12 | ਵਿਵਾਦ |
| ਉਤਪਤ 13:12; 14:12 | ਲੂਤ ਦਾ ਪਤਣ ਸ਼ੁਰੂ ਹੋਣਾ |
| ਉਤਪਤ 18:17-33 | ਸਦੂਮ ਦੀ ਤਬਾਹੀ ਅਤੇ ਅਬਰਾਹਮ ਦੀ ਵਿਚੋਲਗੀ |
| ਉਤਪਤ 19:16 | ਲੂਤ ਉੱਥੋਂ ਜਾਣਾ ਨਹੀਂ ਚਾਹੁੰਦਾ ਸੀ |

19:22; 30-38 ਪਰਿਵਾਰ ਦੇ ਅੰਦਰ ਗਲਤ ਸੰਬੰਧਾਂ ਦੇ ਨਤੀਜੇ ਵੱਜੋਂ ਅਮੋਨ ਅਤੇ ਮੋਆਬ ਦਾ ਜਨਮ

ਕੀ ਲੂਤ ਧਰਮੀ ਸੀ??? 2 ਪਤਰਸ 2:4-9 ਕਿਉਂ?

ਉਹ ਵਿਸ਼ਵਾਸ ਦੁਆਰਾ ਧਰਮੀ ਸੀ। ਰੋਮੀਆਂ 4:3-6; 9:16

ਅਤੇ ਪਰਮੇਸ਼ਰ ਨੇ ਅਬਰਾਹਮ ਨਾਲ ਇੱਕ ਨੇਮ ਬੰਨ੍ਹਿਆ: ਉਤਪਤ 19:29

ਦਾਊਦ ਅਤੇ ਯੋਨਾਥਾਨ 1 ਸੈਮੂਏਲ 20:8-17

ਯੋਨਾਥਾਨ ਦਾ ਪੁੱਤਰ: ਮਫੀਬੋਸ਼ਥ 2 ਸੈਮੂਏਲ 9:1-13

ਪਰਮੇਸ਼ਰ ਪਾਪੀਆਂ ਨਾਲ ਪਿਆਰ ਕਰਦਾ ਹੈ ਲੂਕਾ 5:30-32

**ਦਸ ਕੁਆਰੀਆਂ ਦਾ ਦ੍ਰਿਸ਼ਟਾਂਤ ਮੱਤੀ 25:1-13**

*ਆਇਤ 1:* ਉਸ ਵੇਲੇ ਸੁਰਗ ਦਾ ਰਾਜ ਦਸਾਂ ਕੁਆਰੀਆਂ ਵਰਗਾ ਹੋਵੇਗਾ ਜਿਹੜੀਆਂ ਆਪਣੀਆਂ ਮਸਾਲਾਂ ਲੈ ਕੇ ਲਾੜੇ ਨੂੰ ਮਿਲਨ ਨੂੰ ਨਿੱਕਲੀਆਂ।

ਜ਼ਬੂਰ 119:105 ਤੇਰਾ ਬਚਨ ਮੇਰੇ ਪੈਰਾਂ ਲਈ ਦੀਪਕ, ਅਤੇ ਮੇਰੇ ਰਾਹ ਦਾ ਚਾਨਣ ਹੈ।

*ਆਇਤ 2:* ਅਰ ਉਨ੍ਹਾਂ ਵਿੱਚੋਂ ਪੰਜ ਤਾਂ ਮੂਰਖ ਅਤੇ ਪੰਜ ਚਤਰ ਸਨ।

ਮੱਤੀ 23:17 ਹੇ ਮੂਰਖੋ ਅਤੇ ਅੰਨ੍ਹਿਓ ਕਿਹੜਾ ਵੱਡਾ ਹੈ ਸੋਨਾ ਯਾ ਹੈਕਲ ਜਿਹ ਨੇ ਸੋਨੇ ਨੂੰ ਪਵਿੱਤ੍ਰ ਕੀਤਾ ਹੈ?

ਇਹ ਗੱਲ ਸ਼ਾਸਤਰੀਆਂ ਅਤੇ ਫ਼ਰੀਸੀਆਂ ਨੂੰ ਕਹੀ ਗਈ।

ਮੱਤੀ 23:34 ਇਸ ਲਈ ਵੇਖੋ ਮੈਂ ਨਬੀਆਂ ਅਤੇ **ਗਿਆਨੀਆਂ** ਅਤੇ ਗ੍ਰੰਥੀਆਂ ਨੂੰ ਤੁਹਾਡੇ ਕੋਲ ਭੇਜਦਾ ਹਾਂ। ਤੁਸੀਂ ਉਨ੍ਹਾਂ ਵਿੱਚੋਂ ਕਈਆਂ ਨੂੰ ਮਾਰ ਸੁੱਟੋਗੇ ਅਤੇ ਸਲੀਬ ਉੱਤੇ ਚੜ੍ਹਾਓਗੇ ਅਤੇ ਕਈਆਂ ਨੂੰ ਆਪਣੀਆਂ ਸਮਾਜਾਂ ਵਿੱਚ ਕੋਰੜੇ ਮਾਰੋਗੇ ਅਤੇ ਸ਼ਹਿਰ ਸ਼ਹਿਰ ਉਨ੍ਹਾਂ ਦੇ ਮਗਰ ਪਓਗੇ।

ਚਤਰ ਕੁਆਰੀਆਂ ਅਸਲ ਵਿਸ਼ਵਾਸੀ ਹਨ।

ਆਇਤ 3: ਕਿਉਂਕਿ ਜਿਹੜੀਆਂ ਮੂਰਖਣੀਆਂ ਸਨ ਉਨ੍ਹਾਂ ਨੇ ਆਪਣੀਆਂ **ਮਸਾਲਾਂ ਤਾਂ ਲੈ ਲਈਆਂ** ਪਰ **ਤੇਲ** ਆਪਣੇ ਨਾਲ **ਨਾ ਲਿਆ**।

ਉਨ੍ਹਾਂ ਕੋਲ ਪਰਮੇਸ਼ਰ ਦਾ ਵਚਨ ਤਾਂ ਸੀ ਪਰ ਪਰਮੇਸ਼ਰ ਦਾ ਆਤਮਾ ਉਨ੍ਹਾਂ ਦੇ “ਅੰਦਰ” ਨਹੀਂ ਸੀ।

ਸ਼ਾਸਤਰੀਆਂ ਅਤੇ ਫ਼ਰੀਸੀਆਂ ਕੋਲ **ਵਚਨ ਤਾਂ ਸੀ ਪਰ ਉਨ੍ਹਾਂ** ਉਸ ਉੱਤੇ **ਵਿਸ਼ਵਾਸ ਨਾ ਕੀਤਾ**, ਇਸ ਕਰਕੇ ਉਨ੍ਹਾਂ ਕੋਲ ਪਵਿੱਤਰ ਆਤਮਾ – ਤੇਲ – ਨਹੀਂ ਸੀ।

ਆਇਤ 4: ਪਰ ਚਤਰਾਂ ਨੇ ਆਪਣੇ ਭਾਂਡਿਆਂ ਵਿੱਚ ਤੇਲ ਆਪਣੀਆਂ ਮਸਾਲਾਂ ਨਾਲ ਲੈ ਲਿਆ।

ਉਨ੍ਹਾਂ ਕੋਲ **ਵਚਨ** ਅਤੇ **ਆਤਮਾ** ਦੋਵੇਂ ਸਨ। **ਅਸਲੀ ਵਿਸ਼ਵਾਸੀ**।

*ਆਇਤ 5:* ਅਤੇ ਜਦ ਲਾੜੇ ਨੇ ਚਿਰ ਲਾਇਆ ਓਹ ਸਭ ਊਂਘ ਪਈਆਂ ਅਤੇ ਸੌਂ ਗਈਆਂ।

*ਆਇਤ 6:* ਅਰ ਅੱਧੀ ਰਾਤ ਨੂੰ ਧੁੰਮ ਪਈ, ਔਹ ਲਾੜਾ ਆਇਆ, ਉਹ ਦੇ ਮਿਲਨ ਨੂੰ ਨਿੱਕਲੋ!

*ਆਇਤ 7:* ਤਦ ਉਨ੍ਹਾਂ ਸਭਨਾਂ ਕੁਆਰੀਆਂ ਨੇ ਉੱਠ ਕੇ ਆਪਣੀਆਂ ਮਸਾਲਾਂ ਤਿਆਰ ਕੀਤੀਆਂ।

*ਆਇਤ 8:* ਅਤੇ ਮੂਰਖਾਂ ਨੇ ਚਤਰਾਂ ਨੂੰ ਕਿਹਾ ਕਿ ਆਪਣੇ ਤੇਲ ਵਿੱਚੋਂ ਕੁਝ ਸਾਨੂੰ ਦਿਓ ਕਿਉਂ ਜੋ ਸਾਡੀਆਂ ਮਸਾਲਾਂ ਬੁਝਦੀਆਂ ਜਾਂਦੀਆਂ ਹਨ।

*ਆਇਤ 9:* ਪਰ ਚਤਰਾਂ ਨੇ ਉੱਤਰ ਦਿੱਤਾ, ਨਾ, ਕਿਤੇ ਸਾਡੇ ਅਤੇ ਤੁਹਾਡੇ ਲਈ ਥੁੜ ਨਾ ਜਾਏ ਪਰ ਤੁਸੀਂ ਵੇਚਣ ਵਾਲਿਆਂ ਦੇ ਕੋਲ ਜਾ ਕੇ ਆਪਣੇ ਲਈ ਮੁੱਲ ਲਓ।

ਤੁਹਾਡਾ ਵਿਸ਼ਵਾਸ ਕੇਵਲ ਤੁਹਾਡੇ ਲਈ ਹੈ ਅਤੇ ਇਹ ਦੂਸਰੇ ਵਿਅਕਤੀ ਨੂੰ ਨਾਲ ਨਹੀਂ ਲਿਜਾ ਸਕਦਾ।

*ਆਇਤ 10:* ਅਤੇ ਜਦ ਓਹ ਮੁੱਲ ਲੈਣ ਗਈਆਂ ਲਾੜਾ ਆ ਪਹੁੰਚਿਆ ਅਤੇ ਜਿਹੜੀਆਂ ਤਿਆਰ ਸਨ ਉਹ ਦੇ ਨਾਲ ਵਿਆਹ ਵਿੱਚ ਜਾ ਵੜੀਆਂ ਅਤੇ ਬੂਹਾ ਮਾਰਿਆ ਗਿਆ।

ਆਇਤ 11: ਅਰ ਪਿੱਛੋਂ ਦੂਜੀਆਂ ਕੁਆਰੀਆਂ ਵੀ ਆਈਆਂ ਅਤੇ ਬੋਲੀਆਂ, ਹੇ ਮਹਾਰਾਜ, ਹੇ ਮਹਾਰਾਜ!' 'ਸਾਡੇ ਲਈ ਖੋਲ੍ਹ ਦਿਓ!'

ਆਇਤ 12: ਪਰ ਉਹ ਨੇ ਉੱਤਰ ਦਿੱਤਾ, 'ਮੈਂ ਤੁਹਾਨੂੰ ਸਤ ਆਖਦਾ ਹਾਂ ਜੋ ਮੈਂ ਤੁਹਾਨੂੰ ਨਹੀਂ ਪਛਾਣਦਾ।'

2 ਕੁਰਿੰਥੀਆਂ 6:2 ਕਿਉਂ ਜੋ ਉਹ ਆਖਦਾ ਹੈ ਭਈ, "ਮੈਂ ਮਨ ਭਾਉਂਦੇ ਸਮੇਂ ਵਿੱਚ ਤੇਰੀ ਸੁਣੀ ਅਤੇ ਮੁਕਤੀ ਦੇ ਦਿਨ ਤੇਰੀ ਸਹਾਇਤਾ ਕੀਤੀ। ਵੇਖੋ, ਹੁਣ ਹੀ ਮਨ ਭਾਉਂਦਾ ਸਮਾਂ ਹੈ। ਵੇਖੋ, ਹੁਣ ਹੀ ਮੁਕਤੀ ਦਾ ਦਿਨ ਹੈ!

ਅੱਜ ਹੀ ਮੁਕਤੀ ਦਾ ਦਿਨ ਹੈ, ਉਹ ਦਿਨ ਨਹੀਂ! ਉਸਦੀ ਆਮਦ ਦਾ ਦਿਨ ਨਹੀਂ।

ਆਇਤ 13: ਇਸ ਕਰਕੇ ਜਾਗਦੇ ਰਹੋ ਕਿਉਂ ਜੋ ਤੁਸੀਂ ਨਾ ਉਸ ਦਿਨ, ਨਾ ਉਸ ਘੜੀ ਨੂੰ ਜਾਣਦੇ ਹੋ।

## E. ਸਮਝਣਾ: ਇਬਰਾਨੀਆਂ 6:6

ਸੰਦਰਭ: ਇਬਰਾਨੀਆਂ 5:12-14

(12) ਕਿਉਂ ਜੋ ਚਿਰ ਹੋਣ ਕਰਕੇ **ਤੁਹਾਨੂੰ ਉਪਦੇਸ਼ਕ ਹੋਣਾ ਚਾਹੀਦਾ ਸੀ** ਪਰ ਤੁਹਾਨੂੰ ਲੋੜ ਹੈ ਭਈ ਕੋਈ ਤੁਹਾਨੂੰ ਪਰਮੇਸ਼ੁਰ ਦੀ ਬਾਣੀ ਦੇ ਮੂਲ ਮੰਤਰਾਂ ਦਾ ਮੁੱਢ ਫੇਰ ਸਿਖਾਵੇ ਅਤੇ ਤੁਸੀਂ ਅਜੇਹੇ ਬਣ ਗਏ ਹੋ ਜੋ ਤੁਹਾਨੂੰ ਅੰਨ ਦੀ ਨਹੀਂ ਸਗੋਂ **ਦੁੱਧ** ਦੀ ਲੋੜ ਪਈ ਹੋਈ ਹੈ!

- "*ਦੁੱਧ*" ਬਾਲਕਾਂ ਲਈ ਹੈ ਕਿ ਉਹ ਤਾਕਤ, ਕੱਦ ਅਤੇ ਗਿਆਨ ਵਿੱਚ ਵਧਣ।

(13) ਹਰੇਕ ਜਿਹੜਾ ਦੁੱਧ ਹੀ ਵਰਤਦਾ ਹੈ ਉਹ ਧਰਮ ਦੇ ਬਚਨ ਤੋਂ ਅਣਜਾਣ ਹੈ ਇਸ ਲਈ ਕਿ **ਨਿਆਣਾ** ਹੈ।

- ਤੁਲਨਾ ਕਰੋ ਗਲਾਤੀਆਂ 4:1-2
- ਉਹ ਇੱਕ "ਕਨੂੰਨੀ ਅਵਸਥਾ" ਦੀ ਗੱਲ ਕਰ ਰਿਹਾ ਹੈ
- ਇਸਰਾਏਲ ਦੀ ਸੰਤਾਨ ਪੁੱਤਰਾਂ ਦੀ ਆਪਣੀ ਅਧਿਕਾਰਕ ਅਵਸਥਾ ਤੀਕ ਪਹੁੰਚਣ ਵਿੱਚ ਚਾਲੀ ਸਾਲ ਲੇਟ ਸੀ।

(14) ਪਰ ਅੰਨ **ਸਿਆਣਿਆਂ** ਲਈ ਹੈ ਜਿਨ੍ਹਾਂ ਦੀਆਂ ਗਿਆਨ ਇੰਦਰੀਆਂ ਭਲੇ ਬੁਰੇ ਦੀ ਜਾਚ ਕਰਨ ਨੂੰ ਅਭਿਆਸ ਨਾਲ ਸਾਧੀਆਂ ਹੋਈਆਂ ਹਨ।

- ਬੱਚਿਆਂ ਦੀ ਸ਼ੁਰੂਆਤ ਦੁੱਧ ਨਾਲ ਹੁੰਦੀ ਹੈ ਪਰ ਵਧਣ ਲਈ, ਤਾਕਤ ਲਈ ਅਤੇ ਗਿਆਨ ਲਈ ਉਨ੍ਹਾਂ ਨੂੰ "ਠੋਸ ਭੋਜਨ" ਦੀ ਜਰੂਰਤ ਪੈਂਦੀ ਹੈ।
- "*ਸਿਆਣੇ*" ਦਾ ਭਾਵ ਪੁੱਤਰ ਤੋਂ ਹੈ, ਨਾ ਕਿ ਬੱਚੇ ਤੋਂ।

ਇਬਰਾਨੀਆਂ 6:1 ਇਸ ਕਾਰਨ ਅਸੀਂ ਮਸੀਹ ਦੀ ਸਿੱਖਿਆ ਦੀਆਂ ਆਦ ਗੱਲਾਂ ਛੱਡ ਕੇ **ਸਿਆਣਪੁਣੇ** ਦੀ ਵੱਲ ਅਗਾਹਾਂ ਵਧਦੇ ਜਾਈਏ ਅਤੇ ਮੁਰਦਿਆਂ ਕੰਮਾਂ ਤੋਂ ਤੋਬਾ ਕਰਨ ਦੀ ਨੀਂਹ ਮੁੜ ਕੇ ਨਾ ਧਰੀਏ, ਨਾਲੇ ਪਰਮੇਸ਼ੁਰ ਉੱਤੇ ਨਿਹਚਾ ਕਰਨ ਦੀ,

- "*ਸਿਆਣਪੁਣਾ*" ਇੱਥੇ ਸਵਾਲ ਸਵਰਗ ਜਾਣ ਦਾ **ਨਹੀਂ**, **ਸਿਆਣੇ ਹੋਣ** ਦਾ ਹੈ। "ਮੁਰਦਾ ਕੰਮਾਂ" ਅਤੇ ਵਿਧੀਵਾਦ ਨੂੰ ਛੱਡਣਾ।

ਇਬਰਾਨੀਆਂ 6:3 ਪਰਮੇਸ਼ਰ ਚਾਹੇ ਤਾਂ ਅਸੀਂ ਇਹੋ ਕਰਾਂਗੇ।

- "*…ਪਰਮੇਸ਼ਰ ਚਾਹੇ ਤਾਂ*"

ਇਬਰਾਨੀਆਂ 6:4 ਕਿਉਂਕਿ ਓਹ ਜਿਹੜੇ ਇੱਕ ਵਾਰੀ ਉਜਿਆਲੇ ਕੀਤੇ ਗਏ ਅਤੇ ਸੁਰਗੀ ਦਾਨ ਦਾ ਸੁਆਦ ਚੱਖਿਆ ਅਤੇ ਪਵਿੱਤਰ ਆਤਮਾ ਵਿੱਚ ਸਾਂਝੀ ਹੋਏ।

- "*ਇੱਕ ਵਾਰੀ ਉਜਿਆਲੇ ਕੀਤੇ ਗਏ*" ਪਰਮੇਸ਼ਰ ਦੇ ਵਚਨ ਦੇ ਦੁਆਰਾ।

  ਅਫ਼ਸੀਆਂ 1:18; ਇਬਰਾਨੀਆਂ 10:32

- "*ਸੁਰਗੀ ਦਾਨ ਦਾ ਸੁਆਦ ਚੱਖਿਆ*" ਉਸਦਾ ਇੰਤਜ਼ਾਮ: ਉਜਾੜ ਵਿੱਚ ਮੰਨਾ।

  ਕੂਚ 16

- "*ਪਵਿੱਤਰ ਆਤਮਾ ਵਿੱਚ ਸਾਂਝੀ ਹੋਏ*" ਉਸਦੀ ਹਜ਼ੂਰੀ: ਉਸ ਨੇ ਆਪਣੇ ਲਹੂ ਦੇ ਦੁਆਰਾ ਲੋਕਾਂ ਨੂੰ ਛੁਡਾਇਆ, "ਦਿਨੇ ਬੱਦਲ ਰਾਹੀਂ, ਰਾਤ ਨੂੰ ਅੱਗ ਦੇ ਰਾਹੀਂ।"

ਇਬਰਾਨੀਆਂ 6:5 ਅਤੇ ਪਰਮੇਸ਼ੁਰ ਦੇ ਸ਼ੁਭ ਬਚਨ ਅਤੇ ਆਉਣ ਵਾਲੇ ਜੁੱਗ ਦੀਆਂ ਸ਼ਕਤੀਆਂ ਦਾ ਸੁਆਦ ਚੱਖਿਆ।

- "*ਪਰਮੇਸ਼ਰ ਦੇ ਸ਼ੁਭ ਬਚਨ ਦਾ ਸੁਆਦ ਚੱਖਿਆ*" ਲਹੂ ਨਾਲ ਛੁਡਾਏ ਹੋਏ ਆਪਣੇ ਬੱਚਿਆਂ ਨੂੰ ਉਜਾੜ ਵਿੱਚ ਭੋਜਨ ਦਿੱਤਾ ਅਤੇ ਚੱਟਾਨ ਤੋਂ ਪਾਣੀ ਦਿੱਤਾ।

- "*ਆਉਣ ਵਾਲੇ ਜੁੱਗ ਦੀਆਂ ਸ਼ਕਤੀਆਂ*" ਕੂਚ 14:13 "*ਖੜੇ ਰਹੋ ਅਰ ਯਹੋਵਾਹ ਦੇ ਬਚਾਓ ਨੂੰ ਵੇਖੋ*"

ਇਬਰਾਨੀਆਂ 6:6 ਅਤੇ ਮਗਰੋਂ ਬੇਮੁਖ ਹੋ ਗਏ ਤਾਂ ਉਨ੍ਹਾਂ ਤੋਂ ਫੇਰ ਨਵੇਂ ਸਿਰਿਓਂ **ਤੋਬਾ ਕਰਾਉਣੀ** ਅਣਹੋਣੀ ਹੈ ਇਸ ਲਈ ਜੋ ਓਹ ਪਰਮੇਸ਼ੁਰ ਦੇ ਪੁੱਤ੍ਰ ਨੂੰ ਆਪਣੀ ਵੱਲੋਂ ਦੂਜੀ ਵਾਰ ਸਲੀਬ ਉੱਤੇ ਚਾੜ੍ਹਦੇ ਅਤੇ ਸਰੀਹਨ ਬੇਪਤ ਕਰਦੇ ਹਨ।

- "*ਉਨ੍ਹਾਂ ਨੂੰ ਫੇਰ ਨਵੇਂ ਸਿਰਿਓਂ **ਤੌਬਾ** ਕਰਾਉਣੀ ਅਣਹੋਣੀ ਹੈ*"

ਧਰਮੀ ਠਹਿਰਾਏ ਜਾਣਾ ਨਹੀਂ! ਮੁਕਤੀ ਨਹੀਂ! ਪਰ **ਤੌਬਾ** ਕਰਾਉਣੀ!

ਗਿਣਤੀ 13:23, 27 ਭੇਤੀਏ ਦੇਸ ਦੀ ਸੂਹ ਲੈਣ ਲਈ ਭੇਜੇ ਗਏ। ਇਸਦੀ ਭਲਿਆਈ ਨੂੰ ਚੱਖਿਆ

ਪਰ ਦੈਂਤ! 13:31; 14:11, 31-34, 40-45

- ਪਰਮੇਸ਼ਰ ਨੇ ਉਨ੍ਹਾਂ ਨੂੰ **ਤੌਬਾ ਨਾ** ਕਰਨ **ਦਿੱਤੀ!**
- ਦੇਸ ਵਿੱਚ ਨਾ ਜਾ ਸਕੇ। ਵਾਪਸ ਮਿਸਰ ਨਾ ਜਾ ਸਕੇ।
  **ਉਹ ਯਹੋਵਾਹ ਦੇ ਸਨ!**

ਇਬਰਾਨੀਆਂ 6:6 ਓਹ ਪਰਮੇਸ਼ੁਰ ਦੇ ਪੁੱਤ੍ਰ ਨੂੰ ਆਪਣੀ ਵੱਲੋਂ ਦੂਜੀ ਵਾਰਸਲੀਬ ਉੱਤੇ ਚਾੜ੍ਹਦੇ ਅਤੇ ਸਰੀਹਨ ਬੇਪਤ ਕਰਦੇ ਹਨ।

- ਮੂਸਾ ਦਾ ਉਦਾਹਰਣ:

    ਕੂਚ 17:3 ਪਾਣੀ ਲਈ ਤਿਹਾਏ। 17:6 ਮੂਸਾ ਚੱਟਾਨ ਨੂੰ ਮਾਰਦਾ ਹੈ।

    (1 ਕੁਰਿੰਥੀਆਂ 10:4 ਇਬਰਾਨੀਆਂ 9:28 ਬਸ "ਇੱਕ ਵਾਰ," ਦੋ ਵਾਰ ਨਹੀਂ)

    ਪਾਣੀ ਨਿੱਕਲਿਆ – ਪਵਿੱਤਰ ਆਤਮਾ ਯੂਹੰਨਾ 4:14

    ਪਰਮੇਸ਼ਰ ਦੇ ਭਲੇ ਵਚਨ ਨੂੰ ਅਤੇ ਆਉਣ ਵਾਲੇ ਯੁਗ ਦੀਆਂ ਸ਼ਕਤੀਆਂ ਵਿੱਚੋਂ ਚੱਖਿਆ।

ਦੋ ਸਾਲ ਬਾਦ: ਭੇਤੀਏ ਦੇਸ ਵਿੱਚ ਜਾਂਦੇ ਹਨ। ਸੰਦੇਹ ਅਤੇ ਅਣਆਗਿਆਕਾਰੀ ਕਰਦੇ ਹਨ।

ਗਿਣਤੀ 20:2-13

- ਆਇਤ 9 ਮੂਸਾ ਦਾ ਢਾਂਗਾ ਨਹੀਂ, ਹਾਰੂਨ ਦਾ ਢਾਂਗਾ (ਗਿਣਤੀ 17:10) ਵਿਚੋਲਗੀ ਵਾਸਤੇ ਜਾਜਕਾਈ ਦਾ ਢਾਂਗਾ। ਮੂਸਾ ਦਾ ਨਿਆਂ ਦਾ ਢਾਂਗਾ ਨਹੀਂ।
- ਆਇਤ 8 ਚੱਟਾਨ ਨੂੰ ਆਖ (ਇੱਕ ਸ਼ਬਦ ਜਿਸ ਦਾ ਅਰਥ ਹੈ – ਉੱਚਾ ਸਥਾਨ)
- ਆਇਤ 11 ਚੱਟਾਨ ਨੂੰ ਦੋ ਵਾਰ ਮਾਰਿਆ। ਮੂਸਾ ਨੇ ਅਣਆਗਿਆਕਾਰੀ ਕੀਤੀ ਅਤੇ ਇੱਕ ਤਰ੍ਹਾਂ ਨਾਲ ਪਰਮੇਸ਼ਰ ਦੇ ਪੁੱਤਰ ਨੂੰ ਦੂਜੀ ਵਾਰ ਸਲੀਬ ਚੜ੍ਹਾਇਆ।
- ਆਇਤ 12 ਉਸਦੀ ਅਣਆਗਿਆਕਾਰੀ ਦੇ ਪਰਿਣਾਮ। ਗਿਣਤੀ 27:12-14
- ਬਿਵਸਥਾ ਸਾਰ 34:1-7 ਮੂਸਾ ਨੇ ਤੌਬਾ ਕਰਨ ਦੀ ਕੋਸ਼ਿਸ਼ ਕੀਤੀ – ਪਰਮੇਸ਼ਰ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਜ਼ਬੂਰ 106:32-33 ਯਾਕੂਬ 3:1 ਲੂਕਾ 12:47-48
- ਕੀ ਮੂਸਾ ਸਵਰਗ ਗਿਆ? ਹਾਂ! ਇਬਰਾਨੀਆਂ 3:5 ਲੂਕਾ 9:28-31

ਇਬਰਾਨੀਆਂ 6 ਅਧਿਆਏ ਦਾ **ਸਵਰਗ ਜਾਂ ਨਰਕ ਜਾਣ ਦੀ ਗੱਲ ਨਾਲ ਕੋਈ ਸੰਬੰਧ ਨਹੀਂ ਹੈ**, ਪਰ ਇਸਦਾ ਸੰਬੰਧ ਵਿਸ਼ਵਾਸੀ ਦਾ ਬਚਪਨੇ ਦੀ ਅਵਸਥਾ ਵਿੱਚੋਂ ਨਿੱਕਲ ਕੇ ਪੁੱਤਰ ਦੀ ਅਵਸਥਾ ਜਾਂ ਆਗਿਆਕਾਰੀ ਦੀ ਅਵਸਥਾ ਵਿੱਚ ਪ੍ਰਵੇਸ਼ ਕਰਨ ਨਾਲ ਜਰੂਰ ਹੈ, ਜੋ ਕਿ **ਪਰਮੇਸ਼ਰ ਦਾ ਉਹ ਰਾਜ** ਹੈ ਜਿਸਦਾ ਇੱਕ ਰੂਪ ਪ੍ਰਤਿਗਿਆ ਦਾ ਦੇਸ ਹੈ।

ਇਬਰਾਨੀਆਂ 6:7-8 ਜਿਹੜੀ ਭੋਂ ਉਸ ਵਰਖਾ ਨੂੰ ਜੋ ਉਸ ਉੱਤੇ ਵਾਰ ਵਾਰ ਪੈਂਦੀ ਹੈ ਪੀ ਗਈ ਅਤੇ ਜਿਨ੍ਹਾਂ ਲਈ ਵਾਹੀ ਜਾਂਦੀ ਹੈ ਉਨ੍ਹਾਂ ਦੇ ਜੋਗ ਸਾਗ ਪੱਤ ਉਗਾਉਂਦੀ ਹੈ ਉਹ ਨੂੰ ਪਰਮੇਸ਼ੁਰ ਤੋਂ ਵਰ ਮਿਲਦਾ ਹੈ। (8) ਪਰ ਜੇ ਉਹ ਕੰਡਿਆਲੀਆਂ ਅਤੇ ਭੱਖੜੇ ਉਤਪਤ ਕਰੇ ਤਾਂ ਅਪਰਵਾਨ ਹੁੰਦੀ ਅਤੇ ਸਰਾਪੀ ਜਾਣ ਦੇ ਨੇੜੇ ਹੈ ਜਿਹ ਦਾ ਅੰਤ ਭਸਮ ਕੀਤਾ ਜਾਣਾ ਹੈ।

1 ਕੁਰਿੰਥੀਆਂ 3:9 ਅਸੀਂ ਪਰਮੇਸ਼ਰ ਦਾ ਖੇਤ ਹਾਂ

ਮੱਤੀ 13:37 ਜਿਸ ਨੇ ਚੰਗਾ ਬੀਜ ਬੀਜਿਆ ਉਹ ਪਰਮੇਸ਼ਰ ਦਾ ਪੁੱਤਰ ਹੈ

- ਭੂਮੀ=ਵਿਸ਼ਵਾਸੀ; ਬੀਜ=ਪਰਮੇਸ਼ਰ ਦਾ ਵਚਨ; ਮੀਂਹ=ਪਵਿੱਤਰ ਆਤਮਾ ਦਾ ਜਲ

ਯੋਏਲ 2:23 ਯਾਕੂਬ 5:7

- ਆਇਤ 8 ਅਯੋਗ ਯੂਨਾਨੀ ਸ਼ਬਦ ਦਾ ਅਰਥ ਹੈ – ਅਸਵੀਕਾਰ
  1 ਕੁਰਿੰਥੀਆਂ 9:27 ਵਿੱਚ ਵੀ ਇਹੋ ਸ਼ਬਦ ਹੈ – ਪ੍ਰਤੀਫਲ ਜਾਂ ਇਨਾਮ ਤੋਂ "ਅਪਰਵਾਨ।"

**ਤਿਆਗੇ ਤਾਂ ਨਹੀਂ ਗਏ ਪਰ ਉਪਯੋਗੀ ਨਹੀਂ ਰਹੇ।**

2 ਤਿਮੋਥਿਉਸ 2:21 ਗਲਾਤੀਆਂ 5:7

- ਕੰਡੇ ਅਤੇ ਕੰਡਿਆਲੇ – ਸਰੀਰ ਦੇ ਅਣਉਪਯੋਗੀ ਜਾਂ ਨੁਕਸਾਨਦਾਇਕ ਉਤਪਾਦ
- ਸਰਾਪੇ ਜਾਣ ਦੇ ਨੇੜੇ ਉਤਪਤ 3:17-19 ਆਦਮ...ਬਚਾਇਆ ਗਿਆ।
  1 ਪਤਰਸ 4:17-18 ... ਧਰਮੀ ਲਈ ਔਖਾ ਹੈ
- ਅੰਤ ਵਿੱਚ ਇਹ ਸਾੜੇ ਜਾਣ ਦੇ ਕੰਮ ਆਉਂਦਾ ਹੈ – ਭੂਮੀ, ਮੀਂਹ, ਕੰਡੇ, ਕੰਡਿਆਲੇ, ਇਹ ਸਭ ਉਦਾਹਰਣ ਹਨ ਅਤੇ ਇਸੇ ਤਰ੍ਹਾਂ "ਸਾੜੇ ਜਾਣਾ" ਵੀ ਇੱਕ ਉਦਾਹਰਣ ਜਾਂ ਮਿਸਾਲ ਹੈ।

**ਤੁਲਨਾ ਕਰੋ:** 1 ਕੁਰਿੰਥੀਆਂ 3:11-15
ਉਹ ਆਪ ਤਾਂ **ਬਚਾਇਆ ਜਾਵੇਗਾ** ਪਰ ਸੜਦਿਆਂ ਸੜਦਿਆਂ

**ਭੂਮੀ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ ਪਰ ਕੂੜਾ ਕਰਕਟ ਦੂਰ ਹੋ ਜਾਂਦਾ ਹੈ।**

ਉਪਰੋਕਤ ਕੰਮ ਕਰਦੇ ਹੋਏ ਪ੍ਰਭੂ ਇਹ ਇਹ ਚੀਜ਼ ਪੈਦਾ ਕਰ ਰਿਹਾ ਹੈ –

ਸਾਫ਼ ਕੀਤਾ ਹੋਇਆ, ਸ਼ੁੱਧ ਕੀਤਾ ਹੋਇਆ, ਪਵਿੱਤਰ ਜੀਵਨ!

2 ਤਿਮੋਥਿਉਸ 2:20-22 ਵੱਡੇ ਘਰ ਵਿੱਚ ਨਿਰੇ ਸੋਨੇ ਚਾਂਦੀ ਦੇ ਹੀ ਭਾਂਡੇ ਨਹੀਂ ਸਗੋਂ ਕਾਠ ਅਤੇ ਮਿੱਟੀ ਦੇ ਭੀ ਹੁੰਦੇ ਹਨ ਅਤੇ ਕਈ ਆਦਰ ਦੇ ਅਤੇ ਕਈ ਨਿਰਾਦਰ ਦੇ ਕੰਮ ਲਈ ਹੁੰਦੇ ਹਨ। ਸੋ ਜੇ ਕੋਈ ਆਪਣੇ ਆਪ ਨੂੰ ਇਨ੍ਹਾਂ ਤੋਂ ਸ਼ੁੱਧ ਕਰੇ ਤਾਂ ਉਹ ਆਦਰ ਦੇ ਕੰਮ ਲਈ ਪਵਿੱਤਰ ਕੀਤਾ ਹੋਇਆ ਮਾਲਿਕ ਦੇ ਵਰਤਣ ਜੋਗ ਅਤੇ ਹਰੇਕ ਚੰਗੇ ਕੰਮ ਲਈ ਤਿਆਰ ਕੀਤਾ ਹੋਇਆ ਭਾਂਡਾ ਹੋਵੇਗਾ। ਪਰ ਜੁਆਨੀ ਦੀਆਂ ਕਾਮਨਾਂ ਤੋਂ ਭੱਜ ਅਤੇ ਜਿਹੜੇ ਸਾਫ਼ ਦਿਲ ਤੋਂ ਪ੍ਰਭੂ ਦਾ ਨਾਮ ਲੈਂਦੇ ਹਨ ਉਨ੍ਹਾਂ ਨਾਲ ਧਰਮ, ਨਿਹਚਾ, ਪ੍ਰੇਮ ਅਤੇ ਮਿਲਾਪ ਦੇ ਮਗਰ ਲੱਗਾ ਰਹੁ।

F. ਸਮਝਣਾ: ਇਬਰਾਨੀਆਂ 10:26

ਇਬਰਾਨੀਆਂ 10:26 ਜੇ ਅਸੀਂ ਸਤ ਦਾ ਗਿਆਨ ਪਰਾਪਤ ਕਰਨ ਦੇ ਪਿੱਛੋਂ ਜਾਣ ਬੁਝ ਕੇ ਪਾਪ ਕਰੀ ਜਾਈਏ ਤਾਂ ਪਾਪਾਂ ਦੇ ਨਮਿੱਤ **ਫੇਰ ਕੋਈ ਬਲੀਦਾਨ ਨਹੀਂ** (ਵਾਸਤਵਿਕ)

ਸੰਦਰਭ:

ਇਬਰਾਨੀਆਂ 7:25-27; 9:12, 14, 26, 28; 10:10, 18, 26

ਉਹ ਆਖ ਰਿਹਾ ਹੈ: **ਪਾਪ ਦਾ ਹੋਰ ਕੋਈ ਹੱਲ ਨਹੀਂ ਹੈ**। ਜੇਕਰ ਅਸੀਂ ਵਾਪਸ ਕਿਸੇ ਹੋਰ ਬਲੀਦਾਨ ਵੱਲ ਮੁੜਦੇ ਹਾਂ – ਕਿਸੇ ਹੋਰ ਪ੍ਰਬੰਧ ਵੱਲ – ਤਾਂ ਪਾਪ ਦਾ ਹੋਰ ਕੋਈ ਹੱਲ ਹੈ ਹੀ ਨਹੀਂ। ਯਿਸੂ ਮਸੀਹ ਦਾ **ਲਹੂ** ਹੀ ਇਸਦਾ **ਇੱਕੋ ਇੱਕ ਹੱਲ** ਹੈ।

ਇਬਰਾਨੀਆਂ ਦੀ ਪੱਤ੍ਰੀ 8 ਤੋਂ ਲੈ ਕੇ 10ਵੇਂ ਅਧਿਆਏ ਦਾ ਇਹੋ ਨਤੀਜਾ ਹੈ।

ਇਬਰਾਨੀਆਂ 10:22 ਦਾ ਸੰਬੰਧ ਉਨ੍ਹਾਂ ਦੇ ਰੋਜ਼ਾਨਾ ਜੀਵਨ ਜਾਂ ਸ਼ੁੱਧ ਕੀਤੇ ਜਾਣ ਨਾਲ ਹੈ।

ਤੁਲਨਾ ਕਰੋ: 1 ਯੂਹੰਨਾ 1:7 ਅਸੀਂ ਮਾਫ਼ ਕੀਤੇ ਜਾ ਚੁੱਕੇ ਹਾਂ। ਅਫ਼ਸੀਆਂ 4:32

ਉਦਾਹਰਣ:

ਪੌਲੁਸ ਰਸੂਲਾਂ ਦੇ ਕਰਤਬ 23:1-5 ਪੌਲੁਸ ਨੇ ਆਪਣੀ ਗਲਤੀ ਦਾ ਅਹਿਸਾਸ ਕਰਦੇ ਹੋਏ ਅੰਗੀਕਾਰ ਕੀਤਾ।
1 ਯੂਹੰਨਾ 1:9

ਇੱਥੇ **ਇਬਰਾਨੀਆਂ 10:26** ਵਿੱਚ ਇਸੇ ਬਾਰੇ ਦੱਸਿਆ ਗਿਆ ਹੈ।

- **ਅਸੀਂ ਕਦੇ ਵੀ ਕਿਸੇ ਹੋਰ ਬਲੀਦਾਨ ਦਾ ਸਹਾਰਾ ਨਹੀਂ ਲੈਂਦੇ।**
- **ਜੇਕਰ ਮੈਂ ਅਜਿਹਾ ਕਰਦਾ ਹਾਂ ਤਾਂ ਜਾਣਬੁੱਝ ਕੇ ਪਾਪ ਕਰਦਾ ਹਾਂ**। ਜਾਣਬੁੱਝ ਕੇ ਇਸ ਲਈ ਕਿਉਂਕਿ ਵਿਸ਼ਵਾਸੀਆਂ ਨੂੰ ਦੱਸਿਆ ਗਿਆ ਹੈ ਅਤੇ ਉਹ ਸੱਚਾਈ ਨੂੰ ਜਾਣਦੇ ਹਨ। ਯੂਹੰਨਾ 14:6

ਉਦਾਹਰਣ: ਗਲਾਤੀਆਂ 5:1-4 ਪੌਲੁਸ ਉਨ੍ਹਾਂ ਨੂੰ ਬਿਵਸਥਾ ਵੱਲ ਵਾਪਸ ਮੁੜਨ ਬਾਰੇ ਚਿਤਾਵਨੀ ਦੇ ਰਿਹਾ ਹੈ।

ਉਦਾਹਰਣ: ਮੈਂ ਪਾਪ ਕਰਦਾ ਹਾਂ ਅਤੇ ਫਿਰ ਆਪਣੇ ਮਨ ਦੀ ਸਫਾਈ ਲਈ ਮੈਂ ਜਾ ਕੇ ਪੰਜ ਲੋਕਾਂ ਨੂੰ ਮਸੀਹ ਬਾਰੇ ਦੱਸਦਾ ਹਾਂ। ਮੈਂ ਵਰਤ ਰੱਖਦਾ ਅਤੇ ਪ੍ਰਾਰਥਨਾ ਕਰਦਾ ਹਾਂ। ਮੈਂ ਦਿਨ ਵਿੱਚ ਬਾਈਬਲ ਦੇ ਦਸ ਅਧਿਆਏ ਪੜ੍ਹਦਾ ਹਾਂ। ਇਹ ਸਾਰੇ "ਕੰਮ ਮੁਰਦਾ" ਹਨ।

- ਕੇਵਲ ਯਿਸੂ ਦਾ ਲਹੂ ਹੀ ਪਾਪ ਨੂੰ ਸਾਫ਼ ਅਤੇ ਮਾਫ਼ ਕਰਦਾ ਹੈ।

ਮੁੱਖ ਗੱਲ ਇਹ ਹੈ: ਕੇਵਲ ਇੱਕੋ ਬਲੀਦਾਨ ਹੈ ਜਿਹੜਾ ਪਰਮੇਸ਼ਰ ਨੂੰ ਸੰਤੁਸ਼ਟ ਕਰਦਾ ਹੈ।

ਜੇਕਰ ਮੈਂ ਸ਼ੁੱਧ ਹੋਣ ਲਈ ਸਲੀਬ ਤੋਂ ਅਰਥਾਤ ਯਿਸੂ ਮਸੀਹ ਦੇ ਲਹੂ ਤੋਂ ਇਲਾਵਾ ਕਿਸੇ ਹੋਰ ਬਲੀਦਾਨ ਦਾ ਸਹਾਰਾ ਲੈਂਦਾ ਹਾਂ ਤਾਂ ਇਸਦਾ ਮਤਲਬ ਇਹ ਹੈ ਕਿ ਮੈਂ ਕਿਰਪਾ ਤੋਂ ਬੇਮੁੱਖ ਹੋ ਗਿਆ ਹਾਂ।

ਮੈਂ ਪਾਪ ਦੀ ਮਾਫ਼ੀ ਪ੍ਰਾਪਤ ਕਰਨ ਦੇ ਇੱਕੋ-ਇੱਕ ਰਾਹ ਤੋਂ ਬੇਮੁੱਖ ਹੋ ਗਿਆ ਹਾਂ:

"ਤੁਸੀਂ ਕਿਰਪਾ ਤੋਂ ਡਿੱਗ ਗਏ ਹੋ।" (ਗਲਾਤੀਆਂ 5:4)

ਇਬਰਾਨੀਆਂ 10:27-29 ਪਰ ਨਿਆਉਂ ਦੀ ਭਿਆਣਕ ਉਡੀਕ ਅਤੇ ਅੱਗ ਦੀ ਸੜਨ ਬਾਕੀ ਹੈ ਜਿਹੜੀ ਵਿਰੋਧੀਆਂ ਨੂੰ ਭਸਮ ਕਰ ਦੇਵੇਗੀ। ਜਿਸ ਕਿਸੇ ਨੇ ਮੂਸਾ ਦੀ ਸ਼ਰਾ ਦੀ ਟਾਲਨਾ ਕੀਤੀ ਹੋਵੇ ਓਹ ਦੋਂਹ ਯਾ ਤਿਹੁੰ ਗਵਾਹਾਂ ਦੀ ਗਵਾਹੀ ਨਾਲ ਬਿਨਾ ਤਰਸ ਕੀਤਿਆਂ ਮਾਰਿਆ ਜਾਂਦਾ ਹੈ। ਤਾਂ ਤੁਹਾਡੇ ਖਿਆਲ ਵਿੱਚ ਉਹ ਕਿੰਨੀਕੁ ਹੋਰ ਵੀ ਕਰੜੀ ਸਜ਼ਾ ਦੇ ਜੋਗ ਠਹਿਰਾਇਆ ਜਾਵੇਗਾ ਜਿਹ ਨੇ ਪਰਮੇਸ਼ੁਰ ਦੇ ਪੁੱਤ੍ਰ ਨੂੰ ਪੈਰਾਂ ਹੇਠ ਲਤਾੜਿਆ ਅਤੇ ਨੇਮ ਦਾ ਲਹੂ ਜਿਹ ਦੇ ਨਾਲ ਉਹ ਪਵਿੱਤਰ ਕੀਤਾ ਗਿਆ ਸੀ ਐਵੇਂ ਕਿਵੇਂ ਜਾਣਿਆ ਅਤੇ ਕਿਰਪਾ ਦੇ ਆਤਮਾ ਦਾ ਅਪਜਸ ਕੀਤਾ।

**ਇਬਰਾਨੀਆਂ 10:27** **ਨਿਆਉਂ** ਦੀ ਭਿਆਣਕ ਉਡੀਕ

- *ਨਿਆਉਂ* ਵਾਸਤੇ ਜਿਸ ਯੂਨਾਨੀ ਸ਼ਬਦ (krisis) ਦਾ ਇਸਤੇਮਾਲ ਕੀਤਾ ਗਿਆ ਹੈ ਉਸਦਾ ਅਰਥ ਇਹ ਹੈ: ਨਿਆਂ ਪ੍ਰਾਪਤ ਕਰਨਾ। ਅਰਥਾਤ, ਆਪਣੀਆਂ ਕਰਨੀਆਂ ਦਾ ਬਣਦਾ ਨਤੀਜਾ ਪ੍ਰਾਪਤ ਕਰਨਾ।
- ਉਹ **ਆਪਣੇ** ਲੋਕਾਂ ਦੇ ਨਿਆਂ ਦੀ ਗੱਲ ਕਰ ਰਿਹਾ ਹੈ। 2 ਕੁਰਿੰਥੀਆਂ 5:10
- 1 ਪਤਰਸ 4:17 ਕਿਉਂ ਜੋ ਸਮਾਂ ਆ ਪਹੁੰਚਾ ਭਈ ਪਰਮੇਸ਼ੁਰ ਦੇ ਘਰੋਂ **ਨਿਆਉਂ** ਸ਼ੁਰੂ ਹੋਵੇ ਅਤੇ ਜੇ ਉਹ ਪਹਿਲਾਂ ਸਾਥੋਂ ਸ਼ੁਰੂ ਹੋਵੇ ਤਾਂ ਉਨ੍ਹਾਂ ਦਾ ਅੰਤ ਕੀ ਹੋਵੇਗਾ ਜਿਹੜੇ ਪਰਮੇਸ਼ੁਰ ਦੀ ਖੁਸ਼ ਖਬਰੀ ਨੂੰ ਨਹੀਂ ਮੰਨਦੇ?

  (ਨਹੀਂ ਮੰਨਦੇ – ਇਸਦੇ ਯੂਨਾਨੀ ਸ਼ਬਦ ਦਾ ਅਰਥ ਹੈ "ਵਿਸ਼ਵਾਸ ਨਹੀਂ ਕਰਦੇ")

**ਇਬਰਾਨੀਆਂ 10:27** ਅੱਗ ਦੀ ਸੜਨ ਜਿਹੜੀ ਵਿਰੋਧੀਆਂ ਨੂੰ ਭਸਮ ਕਰ ਦੇਵੇਗੀ
**……………………ਪਰ ਉਸਦੇ ਵਿਸ਼ਵਾਸੀਆਂ ਨੂੰ ਪਵਿੱਤਰ ਕਰੇਗੀ।**

- ਅਸੀਂ ਸਭ "ਭਸਮ ਕਰਨ ਵਾਲੀ ਅੱਗ ਵਿੱਚੋਂ ਦੀ ਲੰਘਾਂਗੇ 1 ਕੁਰਿੰਥੀਆਂ 3:13-15

  ਤਾਂ ਜੋ ਸ਼ੁੱਧ ਕੀਤੇ ਜਾਈਏ ਅਤੇ ਜੋ ਸਹੀ ਨਹੀਂ ਹੈ ਉਹ ਹਟਾਇਆ ਅਤੇ ਖ਼ਤਮ ਕੀਤਾ ਜਾਵੇ।

**ਇਬਰਾਨੀਆਂ 10:28** ਜਿਸ ਕਿਸੇ ਨੇ ਮੂਸਾ ਦੀ ਸ਼ਰਾ ਦੀ ਟਾਲਨਾ ਕੀਤੀ ਹੋਵੇ ਓਹ ਦੋਂਹ ਯਾ ਤਿਹੁੰ ਗਵਾਹਾਂ ਦੀ ਗਵਾਹੀ ਨਾਲ ਬਿਨਾ ਤਰਸ ਕੀਤਿਆਂ ਮਾਰਿਆ ਜਾਂਦਾ ਹੈ।

ਉਹ ਇਸ ਬਾਰੇ ਗੱਲ ਕਰ ਰਿਹਾ ਹੈ: ਬਿਵਸਥਾਸਾਰ 17:2-6 ਇੱਥੇ ਉਹ ਆਪਣੇ ਲੋਕਾਂ ਬਾਰੇ ਅਤੇ ਸੁਭਾਵਕ ਮੌਤ ਬਾਰੇ ਗੱਲ ਕਰ ਰਿਹਾ ਹੈ।

**ਇਬਰਾਨੀਆਂ 10:29** ਤਾਂ ਤੁਹਾਡੇ ਖਿਆਲ ਵਿੱਚ ਉਹ ਕਿੰਨੀਕੁ ਹੋਰ ਵੀ ਕਰੜੀ **ਸਜ਼ਾ** (ਤਿਆਗ ਨਹੀਂ) ਦੇ ਜੋਗ ਠਹਿਰਾਇਆ ਜਾਵੇਗਾ ਜਿਹ ਨੇ ਪਰਮੇਸ਼ੁਰ ਦੇ ਪੁੱਤ੍ਰ ਨੂੰ ਪੈਰਾਂ ਹੇਠ ਲਤਾੜਿਆ ਅਤੇ ਨੇਮ ਦਾ ਲਹੂ ਜਿਹ ਦੇ ਨਾਲ ਉਹ **ਪਵਿੱਤਰ ਕੀਤਾ ਗਿਆ** ਸੀ **ਐਵੇਂ ਕਿਵੇਂ** ਜਾਣਿਆ ਅਤੇ ਕਿਰਪਾ ਦੇ ਆਤਮਾ ਦਾ ਅਪਜਸ ਕੀਤਾ।

- ਸਜ਼ਾ – (timoria) ਇਸੇ ਸ਼ਬਦ ਦਾ ਅਨੁਵਾਦ ਹਰਜਾਨਾ ਦੇ ਰੂਪ ਵਿੱਚ ਕੀਤਾ ਗਿਆ ਹੈ
- ਐਵੇਂ ਕਿਵੇਂ – (koinos) ਸਧਾਰਨ, ਪਵਿੱਤਰ ਨਹੀਂ। ਖਾਸ ਨਹੀਂ। ਕਾਫ਼ੀ ਨਹੀਂ।
- ਪਵਿੱਤਰ ਕੀਤਾ ਗਿਆ – ਅਲੱਗ ਕੀਤਾ ਗਿਆ, ਖਾਸ, ਸ਼ੁੱਧ ਕਰਨਾ, ਪਵਿੱਤਰ ਕੀਤਾ ਗਿਆ। 10:14 ਨਾਲ ਤੁਲਨਾ ਕਰੋ।
- ਅਪਜਸ – ਪਵਿੱਤਰ ਆਤਮਾ ਯਿਸੂ ਦੇ ਲਹੂ ਬਾਰੇ ਜੋ ਆਖਦਾ ਹੈ ਉਸ ਨੂੰ “ਨਾਂਹ” ਕਰਕੇ। ਆਪਣੇ ਗਿਆਨ ਨੂੰ ਸੱਚਾਈ ਤੋਂ ਜਿਆਦਾ ਮਹੱਤਵ ਦੇਣਾ।

ਜਦੋਂ ਤੁਸੀਂ ਯਿਸੂ ਮਸੀਹ ਅਤੇ ਉਸਦੇ ਉਸ ਬਲੀਦਾਨ ਤੋਂ, ਜਿਹੜਾ ਮਾਫ਼ੀ ਦੇਣ ਵਾਲਾ ਅਤੇ ਸ਼ੁੱਧ ਕਰਨ ਵਾਲਾ ਇੱਕੋ ਇੱਕ ਬਲੀਦਾਨ ਹੈ, ਮੂੰਹ ਫੇਰ ਲੈਂਦੇ ਹੋ ਤਾਂ ਤੁਸੀਂ ਇੱਕ ਧਾਰਮਿਕ ਰੀਤ ’ਤੇ ਚੱਲਣ ਲੱਗ ਜਾਂਦੇ ਹੋ ਅਤੇ ਜੋ ਯਿਸੂ ਨੇ ਸਾਡੇ ਲਈ ਕੀਤਾ ਹੈ ਉਸ ਨੂੰ ਪੈਰਾਂ ਹੇਠ ਲਤਾੜਦੇ ਹੋ।

**ਇਬਰਾਨੀਆਂ 10:30** ਕਿਉਂ ਜੋ ਅਸੀਂ ਉਹ ਨੂੰ ਜਾਣਦੇ ਹਾਂ ਜਿਹ ਨੇ ਆਖਿਆ ਭਈ ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ ਅਤੇ ਫੇਰ ਇਹ ਕਿ ਪ੍ਰਭੁ **ਆਪਣੀ ਪਰਜਾ** ਦਾ ਨਿਆਉਂ ਕਰੇਗਾ।

ਉਹ **“ਆਪਣੇ ਲੋਕਾਂ”** ਬਾਰੇ ਗੱਲ ਕਰ ਰਿਹਾ ਹੈ ਜਿਨ੍ਹਾਂ ਉਸ ਉੱਤੇ ਅਤੇ ਉਸਦੇ ਛੁਟਕਾਰੇ ਦੇ ਕੰਮ ਉੱਤੇ ਵਿਸ਼ਵਾਸ ਤਾਂ ਕੀਤਾ ਹੈ ਪਰ ਉਸ ਪ੍ਰਬੰਧ ਦੇ ਅਧੀਨ **ਜੀਵਨ ਨਹੀਂ ਬਿਤਾ ਰਹੇ** ਜਿਹੜਾ ਉਸ ਨੇ **ਰੋਜ਼ਾਨਾ ਦੀ ਸ਼ੁੱਧਤਾ** ਲਈ ਕੀਤਾ ਹੈ।

**ਉਦਾਹਰਣ:** ਯੂਹੰਨਾ 13:8 ਪਤਰਸ ਨੇ ਉਸ ਨੂੰ ਕਿਹਾ, “ਤੈਂ ਮੇਰੇ ਪੈਰ ਕਦੇ ਨਾ ਧੋਣੇ!” ਯਿਸੂ ਨੇ ਉਹ ਨੂੰ ਉੱਤਰ ਦਿੱਤਾ, “ਜੇ ਮੈਂ ਤੈਨੂੰ ਨਾ ਧੋਵਾਂ ਤਾਂ ਮੇਰੇ ਨਾਲ ਤੇਰਾ **ਕੋਈ ਹਿੱਸਾ ਨਾ** ਹੋਵੇਗਾ।"

ਕੀ ਉਹ ਇਹ ਆਖ ਰਿਹਾ ਹੈ ਕਿ ਪਤਰਸ ਨਰਕ ਵਿੱਚ ਜਾਵੇਗਾ? **ਨਹੀਂ! ਪਤਰਸ ਨੇ ਵਿਸ਼ਵਾਸ ਕੀਤਾ ਹੈ।** ਯਿਸੂ ਦਾ ਮਤਲਬ ਹੈ, **ਕੋਈ ਹਿੱਸਾ ਨਹੀਂ, ਕੋਈ ਸੰਗਤੀ ਨਹੀਂ**। ਹਿੱਸਾ ਲਈ ਯੂਨਾਨੀ ਸ਼ਬਦਾ ਹੈ: “meros” ਅਰਥਾਤ “ਹਿੱਸਾ” ਜਾਂ “ਭਾਗ”।

(9) ਸ਼ਮਊਨ ਪਤਰਸ ਨੇ ਉਸ ਨੂੰ ਆਖਿਆ, “ਪ੍ਰਭੁ ਜੀ ਨਿਰੇ ਮੇਰੇ ਪੈਰ ਹੀ ਨਹੀਂ ਸਗੋਂ ਹੱਥ ਅਰ ਸਿਰ ਭੀ ਧੋ!" (10) ਯਿਸੂ ਨੇ ਉਹ ਨੂੰ ਆਖਿਆ, “ਜਿਹੜਾ ਨਲ੍ਹਾਇਆ ਗਿਆ ਹੈ ਉਹ ਨੂੰ ਬਿਨਾ ਪੈਰ ਧੋਣ ਦੇ ਹੋਰ ਕੁਝ ਲੋੜ ਨਹੀਂ ਸਗੋਂ **ਸਾਰਾ ਸ਼ੁੱਧ** ਹੈ ਅਰ **ਤੁਸੀਂ ਸ਼ੁੱਧ ਹੋ** ਪਰ ਸੱਭੇ ਨਹੀਂ।" (11) ਉਹ ਤਾਂ ਆਪਣੇ ਫੜਵਾਉਣ ਵਾਲੇ ਨੂੰ ਜਾਣਦਾ ਸੀ ਇਸੇ ਕਰਕੇ ਉਸ ਨੇ ਆਖਿਆ ਭਈ “ਤੁਸੀਂ ਸੱਭੇ ਸ਼ੁੱਧ ਨਹੀਂ ਹੋ।”

ਯੂਹੰਨਾ ਇਸ ਬਾਰੇ ਇਨ੍ਹਾਂ ਵਚਨਾਂ ਵਿੱਚ ਗੱਲ ਕਰਦਾ ਹੈ: 1 ਯੂਹੰਨਾ 1:6-10

ਇਬਰਾਨੀਆਂ 10:14 ਕਿਉਂ ਜੋ ਉਹ ਨੇ **ਇੱਕੋ ਭੇਟ** ਨਾਲ ਉਨ੍ਹਾਂ ਨੂੰ ਜਿਹੜੇ ਪਵਿੱਤਰ ਕੀਤੇ ਜਾਂਦੇ ਹਨ **ਸਦਾ ਲਈ ਸੰਪੂਰਨ** ਕੀਤਾ ਹੈ।

- ਪੜ੍ਹੋ: ਇਬਰਾਨੀਆਂ 10:26-29 ਫਿਰ ਪੜ੍ਹੋ: **ਹਿਜ਼ਕੀਏਲ 44:10-16**
  ਉਹ ਨੇੜੇ ਨਹੀਂ ਆ ਸਕਦੇ – ਕੇਵਲ ਦਾਸਾਂ ਵਾਂਗ ਕੰਮ ਕਰ ਸਕਦੇ ਹਨ।

  ਇਬਰਾਨੀਆਂ 12:6 **ਪ੍ਰਭੂ ਜਿਹ ਨੂੰ ਪਿਆਰ ਕਰਦਾ, ਉਸ ਨੂੰ ਤਾੜਦਾ ਵੀ ਹੈ।**

ਉਹ ਅਨੁਸ਼ਾਸਨ ਬਾਰੇ ਗੱਲ ਕਰ ਰਿਹਾ ਹੈ, ਅਰਥਾਤ ਉਹ ਤਾੜਨਾ ਜੋ ਪ੍ਰਭੂ **ਆਪਣੇ** ਲੋਕਾਂ ਨੂੰ ਦਿੰਦਾ ਹੈ ਜੇਕਰ ਉਹ ਸ਼ੁੱਧ ਹੋਣ ਲਈ ਕਿਸੇ ਹੋਰ ਗੱਲ ਦਾ ਸਹਾਰਾ ਲੈਂਦੇ ਹਨ।

ਪਾਪਾਂ ਲਈ ਹੋਰ ਕੋਈ ਬਲੀਦਾਨ ਹੈ ਹੀ ਨਹੀਂ।

ਯਹੋਸ਼ੁਆ 7:10-13 ਯਰੀਹੋ ਨੂੰ ਜਿੱਤਣ ਤੋਂ ਬਾਦ ਇਸਰਾਏਲੀਆਂ ਨੂੰ ਅਗਲੀ ਲੜਾਈ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ। ਇਹ ਸਭ ਕੇਵਲ ਇੱਕ ਵਿਅਕਤੀ ਦੇ ਪਾਪ ਦੇ ਕਾਰਨ ਹੋਇਆ। ਤਾਂ ਵੀ ਉਸੇ ਦੇ ਹੀ ਲੋਕ।

1 ਕੁਰਿੰਥੀਆਂ 12:26 ਅਸੀਂ ਸਭ ਇੱਕੋ ਦੇਹ ਹਾਂ / ਸਭ ਦੁੱਖ ਸਹਿੰਦੇ ਹਾਂ / ਇਸ ਕਰਕੇ ਜੇਕਰ ਇੱਕ ਅੰਗ ਨੂੰ ਨਰਕ ਭੇਜਿਆ ਜਾਂਦਾ ਹੈ ਤਾਂ ਸਾਰਿਆਂ ਨੂੰ ਜਾਣਾ ਪਵੇਗਾ।

ਅਫ਼ਸੀਆਂ 4:25 ਅਸੀਂ ਇੱਕ ਦੂਸਰੇ ਦੇ ਅੰਗ ਹਾਂ। ਉਹ ਕੇਵਲ ਸਰੀਰ ਦੇ ਕਿਸੇ ਇੱਕ ਅੰਗ ਨੂੰ ਸਵਰਗ ਨਹੀਂ ਲਿਜਾਵੇਗਾ। ਪਰ ਦਾਗ ਅਤੇ ਝੁਰੀ ਰਹਿਤ ਸੰਪੂਰਨ ਲਾੜੀ ਨੂੰ ਲੈ ਕੇ ਜਾਵੇਗਾ। ਅਫ਼ਸੀਆਂ 5:27

ਯਹੋਸ਼ੁਆ 7:25-26 ਕੀ ਅਕਾਨ ਸਵਰਗ ਗਿਆ? ਹਾਂ! ਪਰਮੇਸ਼ਰ ਨੇ ਉਸ ਨੂੰ ਅਨੁਸ਼ਾਸਿਤ ਕੀਤਾ ਕਿਉਂਕਿ ਉਹ ਉਸਦਾ ਬੱਚਾ ਸੀ।

ਉਦਾਹਰਣ ਲਈ: ਮੱਤੀ 13:28-29 "ਜੰਗਲੀ ਬੂਟੀ ਨੂੰ ਵਧਣ ਦਿਓ।" ਕਿਉਂਕਿ ਉਹ ਉਸਦੇ ਨਹੀਂ ਹਨ। ਅਤੇ – **ਪਰਮੇਸ਼ਰ ਆਪਣਿਆਂ ਨੂੰ ਤਾੜਦਾ ਹੈ।**

- ਰਸੂਲਾਂ ਦੇ ਕਰਤਬ 5:1-11 "**ਮੌਤ ਦੀ ਵਜ੍ਹਾ ਬਣਨ ਵਾਲਾ ਪਾਪ**" (ਸੁਭਾਵਕ ਮੌਤ) 1 ਯੂਹੰਨਾ 5:16

  ਜਦੋਂ ਕੋਈ ਵਿਸ਼ਵਾਸੀ ਪ੍ਰਭੂ ਦੇ ਕੰਮ ਦੇ ਰਸਤੇ ਵਿੱਚ ਰੁਕਾਵਟ ਬਣਦਾ ਹੈ ਅਤੇ ਪ੍ਰਭੂ ਦੇ ਨਾਮ ਅਤੇ ਕਲੀਸੀਆ ਲਈ ਸ਼ਰਮਿੰਦਗੀ ਦਾ ਕਾਰਨ ਬਣਦਾ ਹੈ ਤਾਂ ਪ੍ਰਭੂ ਉਸ ਨੂੰ ਘਰ ਬੁਲਾ ਸਕਦਾ ਹੈ। **ਹਨਨਿਯਾਹ ਅਤੇ ਸਫ਼ੀਰਾ ਵਿਸ਼ਵਾਸ ਵਿੱਚ ਧਰਮੀ ਸਨ। ਪਰ ਇਮਾਨਦਾਰੀ ਦੇ ਆਪਣੇ ਕੰਮਾਂ ਵਿੱਚ ਨਹੀਂ।**

- 1 ਕੁਰਿੰਥੀਆਂ 5:1-7

ਇਬਰਾਨੀਆਂ 10:35-37 ਸੋ ਤੁਸਾਂ ਆਪਣੀ ਦਿਲੇਰੀ ਨੂੰ ਕਿਤੇ ਗੁਆ ਨਾ ਬੈਠਣਾ (ਉਸ ਇੱਕੋ ਬਲੀਦਾਨ ਵਿੱਚ) ਕਿ ਉਹ ਦਾ ਵੱਡਾ **ਫਲ** ਹੈ। ਕਿਉਂ ਜੋ ਤੁਹਾਨੂੰ ਧੀਰਜ ਕਰਨ ਦੀ ਲੋੜ ਹੈ ਭਈ ਤੁਸੀਂ ਪਰਮੇਸ਼ੁਰ ਦੀ ਇੱਛਿਆ ਨੂੰ ਪੂਰਿਆਂ ਕਰ ਕੇ **ਵਾਇਦੇ** ਨੂੰ ਪਰਾਪਤ ਕਰੋ। ਹੁਣ ਥੋੜਾ ਜਿਹਾ ਚਿਰ ਹੈ, ਜੋ ਆਉਣ ਵਾਲਾ ਆਵੇਗਾ, ਅਤੇ ਚਿਰ ਨਾ ਲਾਵੇਗਾ।

ਮਸਲਾ ਹੈ: **ਫਲ ਨੂੰ ਨਾ ਗੁਆਉਣਾ।** ਹਿਜ਼ਕੀਏਲ 44 ਵਿੱਚ ਵੀ ਇਸੇ ਬਾਰੇ ਦੱਸਿਆ ਗਿਆ ਹੈ।

ਇਸੇ ਕਰਕੇ ਸਾਨੂੰ "**ਭਸਮ ਕਰਨ ਵਾਲੀ ਅੱਗ**" ਵਿੱਚੋਂ ਲੰਘ ਕੇ ਜਾਣਾ ਜਰੂਰੀ ਹੈ। ਇਬਰਾਨੀਆਂ 10:27
1 ਕੁਰਿੰਥੀਆਂ 3:13 2 ਕੁਰਿੰਥੀਆਂ 5:10

ਇਬਰਾਨੀਆਂ ਦੀ ਪੱਤ੍ਰੀ ਉਨ੍ਹਾਂ ਇਸਰਾਏਲੀ ਲੋਕਾਂ ਨੂੰ ਲਿਖੀ ਗਈ ਜਿਨ੍ਹਾਂ ਦੇ ਪੁਰਖੇ ਮਿਸਰ ਵਿੱਚੋਂ ਨਿੱਕਲੇ ਅਤੇ ਉਜਾੜ ਦੇ ਰਾਹ ਲੰਘੇ, ਪਰ "ਪ੍ਰਤਿੱਗਿਆ ਦੇ ਦੇਸ" ਵਿੱਚ ਜਾਣ ਤੋਂ ਇਨਕਾਰੀ ਹੋਏ। ਉਹ ਮੂਸਾ, ਹਾਰੂਨ ਅਤੇ ਮਿਰਿਅਮ ਦੇ ਨਾਲ ਉਜਾੜ ਵਿੱਚ ਹੀ ਮਰ ਗਏ। ਉਹ ਦੇਸ ਵਿੱਚ ਪ੍ਰਵੇਸ਼ ਨਾ ਕਰ ਸਕੇ।
ਗਿਣਤੀ 20:1; 33:39; ਬਿਵਸਥਾਸਾਰ 34"1-5

ਕੀ ਉਹ ਸਵਰਗ ਗਏ? ਕੀ ਉਨ੍ਹਾਂ ਸਦੀਪਕ ਜੀਵਨ ਪਾਇਆ? ਹਾਂ, ਉਨ੍ਹਾਂ **ਪਾਇਆ!**
ਉਨ੍ਹਾਂ ਲਈ ਵੀ ਇਹੋ ਸੱਚ ਹੈ ਜਿਨ੍ਹਾਂ ਬਾਰੇ 1 ਕੁਰਿੰਥੀਆਂ 10:8-10 ਵਿੱਚ ਲਿਖਿਆ ਹੋਇਆ ਹੈ, ਜਿਨ੍ਹਾਂ ਨੂੰ ਪਰਮੇਸ਼ਰ ਨੇ ਤਾੜਿਆ। ਦੁਬਾਰਾ: 1 ਕੁਰਿੰਥੀਆਂ 3:17

**ਇਬਰਾਨੀਆਂ 10:38** ਪਰ ਮੇਰਾ ਧਰਮੀ ਬੰਦਾ ਨਿਹਚਾ ਤੋਂ ਜੀਵੇਗਾ, ਅਤੇ ਜੇ ਉਹ ਪਿਛਾਹਾਂ ਹਟ ਜਾਵੇ, ਮੇਰਾ ਜੀ ਉਸ ਤੋਂ **ਪਰਸੰਨ** ਨਹੀਂ ਹੋਵੇਗਾ।

- **ਮੁੱਖ ਗੱਲ ਇਹ ਹੈ: ਪ੍ਰਭੂ ਨੂੰ ਪ੍ਰਸੰਨ ਕਰਨਾ।**

ਜਦੋਂ ਇਸਰਾਏਲ ਦੇ ਲੋਕਾਂ ਨੇ ਪ੍ਰਤਿੱਗਿਆ ਦੇ ਦੇਸ ਵਿੱਚ ਪ੍ਰਵੇਸ਼ ਕਰਨ ਤੋਂ ਇਨਕਾਰ ਕੀਤਾ ਤਾਂ ਉਨ੍ਹਾਂ ਨਾਲ ਕੀ ਵਾਪਰਿਆ? ਨਾਸ!

**ਇਬਰਾਨੀਆਂ 10:39** ਪਰ ਅਸੀਂ ਓਹਨਾਂ ਵਿੱਚੋਂ ਨਹੀਂ ਜਿਹੜੇ ਪਿਛਾਹਾਂ ਹਟ ਕੇ ਨਸ਼ਟ ਹੋ ਜਾਂਦੇ ਹਨ ਸਗੋਂ ਓਹਨਾਂ ਵਿੱਚੋਂ ਜਿਹੜੇ ਨਿਹਚਾ ਕਰ ਕੇ ਜਾਨ ਬਚਾ ਰੱਖਦੇ ਹਨ।

- "ਨਾਸ" ਯੂਨਾਨੀ ਸ਼ਬਦ ਦਾ ਅਰਥ ਹੈ – ਬਰਬਾਦੀ ਜਾਂ ਹਾਨੀ
- "ਬਚਾਉਣਾ" ਯੂਨਾਨੀ: ਪਸਾਰ ਰਾਹੀਂ ਹਾਸਲ ਕਰਨਾ, ਸੰਭਾਲਣਾ

ਸੰਸਾਰ ਨਾਲ ਮਿਲਕੇ ਚੱਲਣਾ ਛੱਡ ਦਿਓ। ਇਬਰਾਨੀਆਂ ਦਾ ਲੇਖਕ ਸਵਰਗ ਜਾਣ ਬਾਰੇ ਗੱਲ **ਨਹੀਂ** ਕਰ ਰਿਹਾ, ਪਰ ਪਰਮੇਸ਼ਰ ਦੇ ਛੁਟਕਾਰੇ ਅਤੇ ਮੁਕਤੀ ਵਿੱਚ **ਚੱਲਣ** ਬਾਰੇ ਗੱਲ ਕਰ ਰਿਹਾ ਹੈ।

ਉਹ ਉਨ੍ਹਾਂ ਵਿਸ਼ਵਾਸੀਆਂ ਨਾਲ ਗੱਲ ਕਰ ਰਿਹਾ ਹੈ ਜੋ ਧਰਮੀ ਠਹਰਾਏ ਗਏ ਸਨ ਪਰ ਪਰਮੇਸ਼ਰ ਦੇ ਵਚਨ ਦੀ ਆਗਿਆਕਾਰੀ ਕਰਦੇ ਹੋਏ “ਮਨ ਦੇ ਨਵੀਨੀਕਰਣ” ਅਰਥਾਤ “ਆਤਮਾ ਨੂੰ ਬਚਾਉਣ, ਪ੍ਰਾਪਤ ਕਰਨ ਅਤੇ ਸੰਭਾਲਣ” ਦੀ ਜਰੂਰਤ ਸੀ।

**ਧਰਮੀ ਠਹਿਰਾਏ ਜਾਣ** ਅਤੇ **ਬਚਾਏ ਜਾਣ** ਵਿੱਚ ਅੰਤਰ ਹੈ।

> “ਇੱਕ ਵਾਰ ਬਚਾਏ ਗਏ ਸਦਾ ਲਈ ਬਚਾਏ ਗਏ” - ਇਹ ਲਾਜਮੀ ਤੌਰ ’ਤੇ ਸੱਚ ਨਹੀਂ ਹੈ।
> “ਇੱਕ ਵਾਰ ਧਰਮੀ ਠਹਿਰਾਏ ਗਏ ਸਦਾ ਲਈ ਧਰਮੀ ਠਹਿਰਾਏ ਗਏ ਇਹ ਸੱਚ ਹੈ।”

ਰੋਮੀਆਂ 3:21 – 4:8; 5:1, 9:10; 6:1 ਇਹ ਵੀ; 10:9-13; ਲੂਕਾ 6:46

ਇਹ ਸਾਰੀਆਂ ਆਇਤਾਂ ਉਨ੍ਹਾਂ ਧਰਮੀ ਲੋਕਾਂ ਬਾਰੇ ਹਨ ਜਿਹੜੇ ਇਸ ਸੰਸਾਰ ਦੀ ਬੁਰਾਈ ਤੋਂ ਪ੍ਰਭੂ ਦੇ ਛੁਟਕਾਰੇ (ਮੁਕਤੀ) ਦਾ ਅਨੁਭਵ ਨਹੀਂ ਕਰ ਰਹੇ।

ਉਦਾਹਰਣ:
ਪ੍ਰਤਿੱਗਿਆ ਦੇ ਦੇਸ ਵਿੱਚ ਇਸਰਾਏਲ (ਪਰਮੇਸ਼ਰ ਦੇ ਰਾਜ ਦੀ ਤਸਵੀਰ): ਧਰਮੀ ਠਹਿਰਾਏ ਗਏ ਅਤੇ ਬਚਾਏ ਗਏ।

ਬਾਦ ਵਿੱਚ ਪਾਪ ਦੇ ਕਾਰਨ – ਉਨ੍ਹਾਂ ਨੂੰ ਬਾਬੁਲ ਦੀ ਗੁਲਾਮੀ ਵਿੱਚ ਭੇਜ ਦਿੱਤਾ ਗਿਆ।
ਉਹ ਹਾਲੇ ਵੀ ਉਸੇ ਦੇ ਸਨ – ਧਰਮੀ ਠਹਿਰਾਏ ਹੋਏ ਲੋਕ। ਪਰ ਉਨ੍ਹਾਂ ਨੂੰ ਉਨ੍ਹਾਂ ਦੀਆਂ ਕਰਨੀਆਂ ਦੇ ਨਤੀਜੇ ਭੁਗਤਣ ਤੋਂ ਨਹੀਂ ਬਚਾਇਆ ਗਿਆ।

ਐਸੇ ਬਹੁਤ ਸਾਰੇ ਧਰਮੀ ਠਹਿਰਾਏ ਹੋਏ ਲੋਕ ਹਨ ਜਿਹੜੇ ਬਚਾਏ ਹੋਏ ਨਹੀਂ ਹਨ। ਅਰਥਾਤ – ਪਾਪ ਉੱਤੇ ਰੋਜ਼ਾਨਾ ਜਿੱਤ ਦਾ ਅਜਿਹਾ ਜੀਵਨ ਜੀਉਂਦੇ ਹਨ ਜਿੱਥੇ ਸ਼ਤਾਨ ਉਨ੍ਹਾਂ ਨੂੰ ਛੂਹ ਨਹੀਂ ਸਕਦਾ।

ਇਬਰਾਨੀਆਂ 9:12 ਉਹ ਬੱਕਰਿਆਂ ਅਤੇ ਵੱਛਿਆਂ ਦੇ ਲਹੂ ਦੇ ਰਾਹੀਂ ਨਹੀਂ ਸਗੋਂ ਆਪਣੇ ਹੀ ਲਹੂ ਦੇ ਰਾਹੀਂ ਪਵਿੱਤਰ ਅਸਥਾਨਾਂ ਦੇ ਅੰਦਰ **ਸਦੀਪਕ ਨਿਸਤਾਰਾ ਕਮਾ ਕੇ** ਇੱਕੋ ਵਾਰ ਅੰਦਰ ਗਿਆ।

## G. ਸਮਝਣਾ: ਜੀਵਨ ਦੀ ਪੁਸਤਕ ਵਿੱਚ ਲਿਖੇ ਹੋਏ ਨਾਮ

ਪਰਕਾਸ਼ ਦੀ ਪੋਥੀ 3:4-5
ਪਰ ਤੇਰੇ ਕੋਲ ਸਾਰਦੀਸ ਵਿੱਚ ਥੋੜੇ ਜਣੇ ਹਨ ਜਿਨ੍ਹਾਂ ਆਪਣੇ ਬਸਤਰ ਨੂੰ ਦਾਗ ਨਹੀਂ ਲੱਗਣ ਦਿੱਤਾ ਅਤੇ ਓਹ ਉੱਜਲੇ ਬਸਤਰ ਪਹਿਨੇ ਮੇਰੇ ਨਾਲ ਫਿਰਨਗੇ ਇਸ ਲਈ ਜੋ ਓਹ ਸੁਜੋਗ ਹਨ। ਜਿਹੜਾ ਜਿੱਤਣ ਵਾਲਾ ਹੈ ਉਹ ਨੂੰ ਇਸੇ ਪਰਕਾਰ

ਚਿੱਟੇ ਬਸਤਰ ਪਹਿਨਾਏ ਜਾਣਗੇ ਅਤੇ **ਮੈਂ ਉਹ ਦਾ ਨਾਉਂ ਜੀਵਨ ਦੀ ਪੋਥੀ ਵਿੱਚੋਂ ਕਦੇ ਨਾ ਮੇਟਾਂਗਾ** ਸਗੋਂ ਮੈਂ ਆਪਣੇ ਪਿਤਾ ਦੇ ਅੱਗੇ ਅਤੇ ਓਸ ਦਿਆਂ ਦੂਤਾਂ ਦੇ ਅੱਗੇ ਉਹ ਦੇ ਨਾਉਂ ਦਾ ਕਰਾਰ ਕਰਾਂਗਾ।

1 ਯੂਹੰਨਾ 5:4-5 ਕਿਉਂਕਿ ਹਰੇਕ ਜਿਹੜਾ **ਪਰਮੇਸ਼ੁਰ ਤੋਂ ਜੰਮਿਆ ਹੈ** ਉਹ ਸੰਸਾਰ ਉੱਤੇ **ਫ਼ਤਹ ਪਾਉਂਦਾ ਹੈ** ਅਰ ਫ਼ਤਹ ਇਹ ਹੈ ਜਿਹ ਨੇ ਸੰਸਾਰ ਉੱਤੇ ਫ਼ਤਹ ਪਾਈ ਅਰਥਾਤ ਸਾਡੀ **ਨਿਹਚਾ**। ਅਤੇ ਕੌਣ ਹੈ ਉਹ ਜਿਹੜਾ ਸੰਸਾਰ ਉੱਤੇ **ਫ਼ਤਹ ਪਾਉਂਦਾ** ਹੈ ਪਰ ਉਹ ਜਿਹ ਨੂੰ **ਨਿਹਚਾ** ਹੈ ਭਈ ਯਿਸੂ ਪਰਮੇਸ਼ੁਰ ਦਾ ਪੁੱਤ੍ਰ ਹੈ।

ਲੂਕਾ 10:20 ਪਰ ਇਸ ਤੋਂ ਅਨੰਦ ਨਾ ਹੋਵੋ ਕਿ ਰੂਹਾਂ ਤੁਹਾਡੇ ਵੱਸ ਵਿੱਚ ਹਨ ਪਰ ਇਸ ਤੋਂ ਅਨੰਦ ਹੋਵੋ ਭਈ **ਤੁਹਾਡੇ ਨਾਉਂ ਸੁਰਗ ਵਿੱਚ ਲਿਖੇ ਹੋਏ ਹਨ**।

ਇਬਰਾਨੀਆਂ 12:23 ਪਲੋਠਿਆਂ ਦੀ ਕਲੀਸੀਆ ਜਿਨ੍ਹਾਂ ਦੇ ਨਾਉਂ ਸੁਰਗ ਵਿੱਚ ਲਿਖੇ ਹੋਏ ਹਨ।

> "ਲਿਖੇ ਹੋਏ ਹਨ" – ਪੂਰਨਕਾਲ ਕਰਮਵਾਚ ਕ੍ਰਿਦੰਤ, ਅਰਥਾਤ ਭੂਤਕਾਲ ਵਿੱਚ ਕਿਸੇ ਸਮੇਂ ਕੀਤਾ ਗਿਆ ਪਰ ਇਸਦੇ ਨਤੀਜੇ ਇਸ ਸਮੇਂ ਵੀ ਜਾਰੀ ਹਨ।

ਯਿਸੂ ਨੇ ਕਿਹਾ: "**ਮੈਂ** ਉਸਦਾ ਨਾਮ **ਨਹੀਂ ਮੇਟਾਂਗਾ**"

ਪਰਕਾਸ਼ ਦੀ ਪੋਥੀ 13:8 ਅਤੇ ਧਰਤੀ ਦੇ ਵਾਸੀ ਸੱਭੇ ਉਹ ਨੂੰ ਮੱਥਾ ਟੇਕਣਗੇ ਅਰਥਾਤ ਹਰੇਕ ਜਿਹ ਦਾ **ਨਾਉਂ ਓਸ ਲੇਲੇ ਦੀ** ਜਿਹੜਾ ਕੋਹਿਆ ਗਿਆ ਸੀ **ਜੀਵਨ ਦੀ ਪੋਥੀ ਵਿੱਚ ਜਗਤ ਦੇ ਮੁੱਢੋਂ ਹੀ ਨਹੀਂ ਲਿਖਿਆ ਗਿਆ**। (NASB)

ਪਰਕਾਸ਼ ਦੀ ਪੋਥੀ 13:8 ਅਤੇ ਧਰਤੀ ਦੇ ਵਾਸੀ ਸੱਭੇ ਉਹ ਨੂੰ ਮੱਥਾ ਟੇਕਣਗੇ ਅਰਥਾਤ ਉਹ ਸਭ ਜਿਨ੍ਹਾਂ ਦੇ ਨਾਉਂ ਓਸ ਲੇਲੇ ਦੀ ਜਿਹੜਾ ਕੋਹਿਆ ਗਿਆ ਸੀ ਜੀਵਨ ਦੀ ਪੋਥੀ ਵਿੱਚ ਜਗਤ ਦੇ ਮੁੱਢੋਂ ਹੀ **ਨਹੀਂ ਲਿਖੇ ਗਏ**। (NIV)

ਪਰਕਾਸ਼ ਦੀ ਪੋਥੀ 17:8 ਉਹ ਦਰਿੰਦਾ ਜਿਹੜਾ ਤੈਂ ਵੇਖਿਆ ਸੋ ਹੈਸੀ ਅਤੇ ਨਹੀਂ ਹੈਗਾ ਅਤੇ ਉਹ ਨੇ ਅਥਾਹ ਕੁੰਡ ਵਿੱਚੋਂ ਚੜ੍ਹ ਆਉਣਾ ਅਤੇ ਨਸ਼ਟ ਹੋ ਜਾਣਾ ਹੈ, ਅਤੇ ਧਰਤੀ ਦੇ ਵਾਸੀ ਜਿਨ੍ਹਾਂ ਦਾ **ਨਾਉਂ** ਜਗਤ ਦੇ ਮੁੱਢੋਂ ਜੀਵਨ ਦੀ ਪੋਥੀ ਵਿੱਚ **ਨਹੀਂ ਲਿਖਿਆ ਗਿਆ** ਓਸ ਦਰਿੰਦੇ ਨੂੰ ਵੇਖ ਕੇ ਭਈ ਉਹ ਹੈਸੀ ਅਤੇ ਨਹੀਂ ਹੈਗਾ ਅਤੇ ਫੇਰ ਆਉਂਦਾ ਹੈ ਅਚਰਜ ਹੋ ਜਾਣਗੇ।

ਪਰਕਾਸ਼ ਦੀ ਪੋਥੀ 20:12 ਅਤੇ ਮੈਂ ਮੁਰਦਿਆਂ ਨੂੰ ਕੀ ਵੱਡੇ ਕੀ ਛੋਟੇ ਸਿੰਘਾਸਣ ਦੇ ਅੱਗੇ ਖਲੋਤਿਆਂ ਵੇਖਿਆ, ਅਤੇ ਪੋਥੀਆਂ ਖੋਲ੍ਹੀਆਂ ਗਈਆਂ ਅਤੇ **ਇੱਕ ਹੋਰ ਪੋਥੀ ਜਿਹੜੀ ਜੀਵਨ ਦੀ ਪੋਥੀ ਹੈ ਖੋਲ੍ਹੀ ਗਈ** ਅਤੇ ਮੁਰਦਿਆਂ ਦਾ ਨਿਆਉਂ ਪੋਥੀਆਂ ਵਿੱਚ ਲਿਖੀਆਂ ਹੋਇਆਂ ਗੱਲਾਂ ਤੋਂ ਉਨ੍ਹਾਂ ਦੀਆਂ ਕਰਨੀਆਂ ਦੇ ਅਨੁਸਾਰ ਕੀਤਾ ਗਿਆ।

ਪਰਕਾਸ਼ ਦੀ ਪੋਥੀ 20:15 ਅਤੇ ਜੇ ਕੋਈ **ਜੀਵਨ ਦੀ ਪੋਥੀ ਵਿੱਚ ਲਿਖਿਆ ਹੋਇਆ ਨਾ ਲੱਭਾ** ਤਾਂ ਉਹ ਅੱਗ ਦੀ ਝੀਲ ਵਿੱਚ ਸੁੱਟਿਆ ਗਿਆ।

ਪਰਕਾਸ਼ ਦੀ ਪੋਥੀ 21:27 ਪਰ ਕੋਈ ਅਪਵਿੱਤਰ ਵਸਤ ਯਾ ਕੋਈ ਘਿਣਾਉਣਾ ਅਤੇ ਝੂਠਾ ਕੰਮ ਕਰਨ ਵਾਲਾ ਉਸ ਵਿੱਚ ਕਦੇ ਨਾ ਵੜੇਗਾ ਪਰ **ਨਿਰੇ** ਓਹ **ਜਿਹੜੇ ਲੇਲੇ ਦੀ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਹਨ**।

ਯਿਸੂ ਨੇ ਤੁਹਾਨੂੰ ਚੁਣਿਆ ਅਤੇ ਤੁਹਾਡਾ ਨਾਮ ਜੀਵਨ ਦੀ ਪੁਸਤਕ ਵਿੱਚ ਲਿਖਿਆ। ਉਹ ਆਪਣਾ ਮਨ ਕਦੇ ਨਹੀਂ ਬਦਲੇਗਾ। ਉਹ ਤੁਹਾਡਾ ਨਾਮ ਨਹੀਂ ਮਿਟਾਵੇਗਾ।

ਅਫ਼ਸੀਆਂ 1:4 ਜਿਵੇਂ **ਉਹ ਨੇ** ਸਾਨੂੰ **ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ** ਉਸ ਵਿੱਚ **ਚੁਣ ਲਿਆ** ਭਈ ਅਸੀਂ ਉਹ ਦੇ ਸਨਮੁਖ ਪ੍ਰੇਮ ਵਿੱਚ ਪਵਿੱਤਰ ਅਤੇ ਨਿਰਮਲ ਹੋਈਏ।

ਕੋਈ ਕੂਚ 32 ਦਾ ਹਵਾਲਾ ਦੇ ਸਕਦਾ ਹੈ।
ਇਸਰਾਏਲ ਦੇ ਲੋਕਾਂ ਨੇ ਸੋਨੇ ਦਾ ਵੱਛਾ ਬਣ ਲਿਆ। ਮੂਰਤੀਪੂਜਾ। ਪਹਿਲੇ ਅਤੇ ਦੂਸਰੇ ਹੁਕਮ ਨੂੰ ਤੋੜ ਦਿੱਤਾ।

ਕੂਚ 32:31-35 ਸੋ ਮੂਸਾ ਯਹੋਵਾਹ ਦੇ ਕੋਲ ਮੁੜ ਗਿਆ ਅਤੇ ਆਖਿਆ, ਹਾਏ ਇਨ੍ਹਾਂ ਲੋਕਾਂ ਨੇ ਵੱਡਾ ਪਾਪ ਕੀਤਾ ਜੋ ਆਪਣੇ ਲਈ ਸੋਨੇ ਦੇ ਦੇਵਤੇ ਬਣਾਏ। ਹੁਣ ਤੂੰ ਉਨ੍ਹਾਂ ਦਾ ਪਾਪ ਮਾਫ਼ ਕਰੀਂ ਅਰ ਜੇ ਨਹੀਂ ਤਾਂ **ਆਪਣੀ ਪੋਥੀ ਵਿੱਚੋਂ ਜਿਹੜੀ ਤੈਂ ਲਿਖੀ ਹੈ ਮੈਨੂੰ ਮਿਟਾ ਸੁੱਟੀਂ**। ਤਾਂ ਯਹੋਵਾਹ ਨੇ ਮੂਸਾ ਨੂੰ ਆਖਿਆ, ਜਿਸ ਮੇਰਾ ਪਾਪ ਕੀਤਾ ਮੈਂ ਉਸ ਨੂੰ ਆਪਣੀ ਪੋਥੀ ਵਿੱਚੋਂ ਮਿਟਾ ਸੁੱਟਾਂਗਾ। **ਹੁਣ ਜਾਹ ਲੋਕਾਂ ਨੂੰ ਉੱਥੇ ਲੈ ਜਾਹ ਜਿਹ ਦੇ ਲਈ ਮੈਂ ਤੈਨੂੰ ਬੋਲਿਆ ਸੀ** ਅਤੇ ਵੇਖ ਮੇਰਾ ਦੂਤ ਤੇਰੇ ਅੱਗੇ ਤੁਰੇਗਾ ਪਰ ਮੈਂ ਆਪਣੇ ਬਦਲੇ ਦੇ ਦਿਨ ਉਨ੍ਹਾਂ ਦੇ ਪਾਪ ਦਾ **ਬਦਲਾ** ਉਨ੍ਹਾਂ ਤੋਂ **ਲਵਾਂਗਾ**। ਅਰ ਯਹੋਵਾਹ ਨੇ ਬੱਛਾ ਬਣਾਉਣ ਦੇ ਕਾਰਨ ਜਿਹ ਨੂੰ ਹਾਰੂਨ ਨੇ ਬਣਾਇਆ ਸੀ ਲੋਕਾਂ ਨੂੰ ਮਾਰਿਆ।

ਉਹ ਜੀਵਨ ਦੀ ਪੁਸਤਕ ਵਿੱਚੋਂ ਨਹੀਂ ਮਿਟਾਏ ਗਏ, ਪਰ ਉਨ੍ਹਾਂ ਨੂੰ ਸਜ਼ਾ ਜਰੂਰ ਦਿੱਤੀ ਗਈ। ਉਹ ਉਨ੍ਹਾਂ ਦੀ ਅਗਵਾਈ ਕਰਦਾ ਰਿਹਾ।
ਤਾਂ ਉਹ ਕਿਹੜਾ ਪਾਪ ਹੈ ਜਿਸ ਦੇ ਕਰਕੇ ਉਹ ਆਖਦਾ ਹੈ, "ਜਿਸ ਨੇ ਮੇਰੇ ਵਿਰੁੱਧ ਪਾਪ ਕੀਤਾ ਹੈ ਮੈਂ ਉਸ ਨੂੰ ਆਪਣੀ ਪੁਸਤਕ ਵਿੱਚੋਂ ਮਿਟਾ ਦਿਆਂਗਾ?"

ਜ਼ਬੂਰ 69:28 **ਓਹ ਜੀਵਨ ਦੀ ਪੋਥੀ ਵਿੱਚੋਂ ਮੇਟ ਦਿੱਤੇ ਜਾਣ**, ਅਤੇ ਧਰਮੀਆਂ ਦੇ ਨਾਲ ਲਿਖੇ ਨਾ ਜਾਣ!

ਉਹ ਕਿਸ ਬਾਰੇ ਗੱਲ ਕਰ ਰਿਹਾ ਹੈ? ਸੰਦਰਭ ਕੀ ਹੈ?

ਜ਼ਬੂਰ 69:21-22 ਉਨ੍ਹਾਂ ਨੇ ਖਾਣ ਲਈ ਮੈਨੂੰ ਪਿੱਤ ਦਿੱਤਾ, ਅਤੇ ਤੇਹ ਦੇ ਵੇਲੇ ਮੈਨੂੰ ਸਿਰਕਾ ਪਿਆਇਆ। ਉਨ੍ਹਾਂ ਦੀ ਮੇਜ਼ ਉਨ੍ਹਾਂ ਦੇ ਅੱਗੇ ਫਾਹੀ ਬਣ ਜਾਵੇ, ਅਤੇ ਜਦ ਓਹ ਸੁਖ ਸਾਂਦ ਹਨ ਉਹ ਫੰਦਾ ਬਣ ਜਾਵੇ!

ਉਹ ਨਿਸ਼ਚਿਤ ਰੂਪ ਵਿੱਚ ਸਲੀਬ ਦੇ ਬਾਰੇ ਗੱਲ ਕਰ ਰਿਹਾ ਹੈ। ਜਿਹੜੀ ਚੀਜ਼ ਨਾਲ ਉਨ੍ਹਾਂ ਦਾ ਭਲਾ ਹੋਣਾ ਚਾਹੀਦਾ ਸੀ ਉਹ ਉਨ੍ਹਾਂ ਲਈ ਇੱਕ ਫਾਹੀ, ਇੱਕ ਫੰਦਾ ਬਣ ਗਈ।

- ❖ **ਅਵਿਸ਼ਵਾਸ ਦਾ ਪਾਪ** ਹੈ ਜਿਹੜਾ ਮਿਟਾਉਂਦਾ ਹੈ।

ਜਿਹੜੀ ਸਲੀਬ ਵਿਸ਼ਵਾਸ ਕਰਨ ਵਾਲੇ ਪਾਪੀ ਨੂੰ ਬਚਾਉਂਦੀ ਹੈ, ਉਹੋ ਸਲੀਬ ਵਿਸ਼ਵਾਸ ਨਾ ਕਰਨ ਵਾਲੇ ਪਾਪੀ ਨੂੰ ਦੋਸ਼ੀ ਠਹਿਰਾਉਂਦੀ ਹੈ।

- ❖ ਕੋਈ ਵੀ ਇਸ ਕਰਕੇ ਨਰਕ ਨਹੀਂ ਜਾਂਦਾ ਕਿਉਂਕਿ ਉਹ ਪਾਪੀ ਹੈ।
- ❖ ਉਹ ਇਸ ਕਰਕੇ ਨਰਕ ਜਾਂਦਾ ਹੈ ਕਿਉਂਕਿ ਉਸ ਨੇ "*ਪਰਮੇਸ਼ਰ ਦੇ ਇਕਲੌਤੇ ਪੁੱਤਰ ਉੱਤੇ ਵਿਸ਼ਵਾਸ ਨਹੀਂ ਕੀਤਾ*" (ਯੂਹੰਨਾ 3:18)

"ਉਨ੍ਹਾਂ ਦੀ ਮੇਜ਼ ਉਨ੍ਹਾਂ ਦੇ ਅੱਗੇ ਫਾਹੀ ਬਣ ਜਾਵੇ।" (ਜ਼ਬੂਰ 69:22)।

ਉਨ੍ਹਾਂ ਨੇ "ਪ੍ਰਭੂ ਭੋਜ" ਵਿੱਚੋਂ ਨਾ ਖਾਣ ਦਾ ਫੈਸਲਾ ਕੀਤਾ।

ਜ਼ਬੂਰ 69:23 ਉਨ੍ਹਾਂ ਦੀਆਂ ਅੱਖੀਆਂ ਉੱਤੇ ਅਨ੍ਹੇਰ ਛਾ ਜਾਵੇ ਜੋ ਓਹ ਨਾ ਵੇਖਣ, ਅਤੇ ਉਨ੍ਹਾਂ ਦੇ ਲੱਕ ਸਦਾ ਕੰਬਦੇ ਰਹਿਣ!

ਅੱਜ ਦੇ ਦਿਨ ਤਕ ਇਸਰਾਏਲ ਕੌਮ ਅੰਨ੍ਹੀ ਹੈ ਅਤੇ ਉਹ ਭੈ ਵਿੱਚ ਜੀਉਂਦੇ ਹਨ।

ਬਿਵਸਥਾਸਾਰ 28:37 ਅਤੇ ਤੁਸੀਂ ਉਨ੍ਹਾਂ ਸਾਰੀਆਂ ਕੌਮਾਂ ਵਿੱਚ ਜਿੱਥੇ ਜਿੱਥੇ ਯਹੋਵਾਹ ਤੁਹਾਨੂੰ ਧੱਕ ਦੇਵੇਗਾ ਇੱਕ ਭਿਆਣਕ ਨਮੂਨਾ, ਕਹਾਉਤ ਅਤੇ ਮਖੌਲ ਹੋਵੋਗੇ।

ਜ਼ਬੂਰ 69:24 ਆਪਣਾ ਰੋਹ ਉਨ੍ਹਾਂ ਉੱਤੇ ਵਾਲ ਦੇਹ, ਅਤੇ ਤੇਰੇ ਕ੍ਰੋਧ ਦੀ ਤੇਜ਼ੀ ਉਨ੍ਹਾਂ ਨੂੰ ਫੜ ਲਵੇ!

ਜ਼ਬੂਰ 69:25 ਉਨ੍ਹਾਂ ਦਾ ਡੇਰਾ ਉੱਜੜ ਜਾਵੇ, ਉਨ੍ਹਾਂ ਦੇ ਤੰਬੂਆਂ ਵਿੱਚ ਕੋਈ ਨਾ ਵੱਸੇ।

ਉਸ ਨੇ ਉਨ੍ਹਾਂ ਦੇ ਸ਼ਹਿਰ ਦਾ ਨਾਸ ਕਰ ਦਿੱਤਾ, 70 AD ਵਿੱਚ ਉਨ੍ਹਾਂ ਦੇ ਮੰਦਰ ਦਾ, ਅਤੇ ਉਸ ਤੋਂ ਬਾਦ ਪਰਮੇਸ਼ਰ ਦਾ ਨਿਆਂ ਉਨ੍ਹਾਂ ਉੱਤੇ ਪੈਂਦਾ ਆਇਆ ਹੈ। ਜਦ ਤੀਕ:

ਰੋਮੀਆਂ 11:25 ਕਠੋਰਤਾ ਇਸਰਾਏਲ ਉੱਤੇ ਆਣ ਪਈ ਹੈ…ਜਿੰਨਾ ਚਿਰ ਪਰਾਈਆਂ ਕੌਮਾਂ ਦੀ ਭਰਪੂਰੀ ਨਾ ਹੋ ਲਵੇ।

1967 ਵਿੱਚ ਇਸਰਾਏਲ ਕੌਮ ਆਪਣੇ ਦੇਸ ਵਿੱਚ ਮੁੜ ਆਈ। ਕੀ "*ਪਰਾਈਆਂ ਕੌਮਾਂ ਦੀ ਭਰਪੂਰੀ*" ਪੂਰੀ ਹੋ ਗਈ ਹੈ ਜਾਂ ਪੂਰੀ ਹੋਣ ਦੇ ਨੇੜੇ ਹੈ?

ਜ਼ਬੂਰ 69:26 ਕਿਉਂ ਜੋ ਓਹ ਤੇਰੇ ਮਾਰੇ ਹੋਏ ਦਾ ਪਿੱਛਾ ਕਰਦੇ ਹਨ, ਅਤੇ ਤੇਰੇ ਘਾਇਲ ਕੀਤੇ ਹੋਇਆਂ ਦੇ ਦੁਖ ਦੀ ਚਰਚਾ ਕਰਦੇ ਹਨ!

ਰਸੂਲਾਂ ਦੇ ਕਰਤਬ 2:23 ਉਸੇ ਨੂੰ ਜਦ ਪਰਮੇਸ਼ੁਰ ਦੀ ਠਹਿਰਾਈ ਹੋਈ ਮੱਤ ਅਤੇ ਅਗੰਮ ਗਿਆਨ ਦੇ ਅਨੁਸਾਰ ਹਵਾਲੇ ਕੀਤਾ ਗਿਆ ਤੁਸਾਂ ਬੁਰਿਆਰਾਂ ਦੇ ਹੱਥੀਂ ਸਲੀਬ ਦੇ ਕੇ ਮਰਵਾ ਦਿੱਤਾ।

ਜ਼ਬੂਰ 69:27-28 ਤੂੰ ਉਨ੍ਹਾਂ ਦੀ ਬਦੀ ਉੱਤੇ ਬਦੀ ਵਧਾ, ਅਤੇ ਆਪਣੇ ਧਰਮ ਵਿੱਚ ਉਨ੍ਹਾਂ ਨੂੰ ਆਉਣ ਨਾ ਦੇਹ! **ਓਹ ਜੀਵਨ ਦੀ ਪੋਥੀ ਵਿੱਚੋਂ ਮੇਟ ਦਿੱਤੇ ਜਾਣ, ਅਤੇ** ਧਰਮੀਆਂ ਦੇ ਨਾਲ **ਲਿਖੇ ਨਾ ਜਾਣ!**

ਰੋਮੀਆਂ 11:5-12

## H. ਪੁਰਾਣੇ ਨੇਮ ਦੀ ਬਿਵਸਥਾ ਅਤੇ ਨਵੇਂ ਨੇਮ ਦੇ ਵਿਸ਼ਵਾਸੀ

ਦਸ ਹੁਕਮ ਜਾਂ "ਸ਼ਰਾ" ਕੂਚ ਦੀ ਪੁਸਤਕ 20 ਅਧਿਆਏ ਵਿੱਚ ਦਰਜ ਹੈ।
ਜਦੋਂ ਅਸੀਂ 1 ਅਤੇ 2 ਆਇਤ ਨੂੰ ਪੜ੍ਹਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਇਹ ਸਾਨੂੰ ਨਹੀਂ, ਪਰ ਮਿਸਰ ਵਿੱਚੋਂ ਕੱਢ ਕੇ ਲਿਆਂਦੇ ਗਏ ਲੋਕਾਂ ਨੂੰ ਸੰਬੋਧਿਤ ਹੈ।

ਪੁਰਾਣੇ ਨੇਮ ਵਿੱਚ ਦਿੱਤਾ ਗਿਆ ਹਰੇਕ ਹੁਕਮ ਜਿਸਦਾ ਮਸੀਹੀਆਂ ਲਈ ਪਾਲਣ ਕਰਨਾ ਜਰੂਰੀ ਹੈ ਨਵੇਂ ਨੇਮ ਵਿੱਚ ਦੁਹਰਾਇਆ ਗਿਆ ਹੈ ਅਤੇ ਅਕਸਰ ਇਹ ਹੋਰ ਵੀ ਜ਼ਿਆਦਾ ਸਖ਼ਤ ਕਰਕੇ ਦਿੱਤਾ ਗਿਆ ਹੈ।

ਉਦਾਹਰਣ ਲਈ:

- ਦੂਸਰੇ ਦੇਵਤੇ ਨਾ ਹੋਣ। 1 ਕੁਰਿੰਥੀਆਂ 8:4; 1 ਤਿਮੋਥਿਉਸ 2:5
- ਕੋਈ ਮੂਰਤ ਨਹੀਂ (ਉਪਾਸਨਾ ਵਿੱਚ ਮਦਦ ਲਈ) ਰਸੂਲਾਂ ਦੇ ਕਰਤਬ 15:20; 1 ਕੁਰਿੰਥੀਆਂ 10:7
- ਸੌਂਹ ਨਾ ਖਾਣਾ ਯਾਕੂਬ 5:12
- ਸਬਤ: ਕਿਤੇ ਵੀ ਮਸੀਹੀਆਂ ਨੂੰ ਯਹੂਦੀ ਸਬਤ, ਸੱਤਵੇਂ ਦਿਨ, ਸ਼ਨੀਵਾਰ ਦਾ ਪਾਲਣ ਕਰਨ ਲਈ ਨਹੀਂ ਕਿਹਾ ਗਿਆ ਹੈ। ਦਸਾਂ ਹੁਕਮਾਂ ਵਿੱਚੋਂ ਇਹੋ ਇੱਕ ਹੁਕਮ ਹੈ ਜਿਸ ਨੂੰ ਨਵੇਂ ਨੇਮ ਵਿੱਚ ਮਸੀਹੀਆਂ ਲਈ ਦੁਹਰਾਇਆ ਨਹੀਂ ਗਿਆ ਹੈ।
- ਮਾਤਾ ਪਿਤਾ ਦਾ ਆਦਰ ਕਰਨਾ ਅਫ਼ਸੀਆਂ 6:1
- ਹੱਤਿਆ ਨਾ ਕਰਨਾ 1 ਪਤਰਸ 4:15
- ਵਿਭਚਾਰ ਨਾ ਕਰਨਾ ਰਸੂਲਾਂ ਦੇ ਕਰਤਬ 15:20
- ਚੋਰੀ ਨਾ ਕਰਨਾ ਅਫ਼ਸੀਆਂ 4:28
- ਝੂਠੀ ਗਵਾਹੀ ਨਾ ਦੇਣਾ, ਝੂਠ ਬੋਲਣਾ ਕੁਲੁੱਸੀਆਂ 3:9
- ਲਾਲਚ ਨਾ ਕਰਨਾ ਅਫ਼ਸੀਆਂ 5:3

## ਮਸੀਹੀ ਮੂਸਾ ਦੀ ਸ਼ਰਾ ਦੇ ਹੇਠ ਨਹੀਂ ਹਨ।
## ਮੂਸਾ ਦੀ ਬਿਵਸਥਾ ਨੂੰ ਵਿਸ਼ਵਾਸੀਆਂ ਲਈ ਯਿਸੂ ਮਸੀਹ ਨੇ ਪੂਰਾ ਕਰ ਦਿੱਤਾ ਹੈ।

- ਗਲਾਤੀਆਂ 2:16; 3:10-14; 5:4, 18
- ਅਫ਼ਸੀਆਂ 2:13-16
- ਕੁਲੁੱਸੀਆਂ 2:13-16
- ਰੋਮੀਆਂ 10:4; 6:14; 7:6; 14:5-6
- 2 ਕੁਰਿੰਥੀਆਂ 3:7-11
- ਰਸੂਲਾਂ ਦੇ ਕਰਤਬ 15:1-11, 13-21

ਮਸੀਹੀਆਂ ਦੁਆਰਾ ਸਬਤ ਦਾ ਪਾਲਣ ਕਰਨ ਦੇ ਸੰਬੰਧ ਵਿੱਚ ਇਬਰਾਨੀਆਂ 4 ਅਧਿਆਏ ਵਿੱਚ ਸਮਝਾਇਆ ਗਿਆ ਹੈ।
ਪ੍ਰਭੂ ਦੀ ਉਪਾਸਨਾ ਹਰ ਦਿਨ ਕਰਨਾ ਜਰੂਰੀ ਹੈ ਪਰ ਮਸੀਹੀਆਂ ਨੇ ਹਫ਼ਤੇ ਦਾ ਪਹਿਲਾ ਦਿਨ ਠਹਿਰਾਇਆ ਹੈ ਕਿਉਂਕਿ:

1. ਯਿਸੂ ਮਸੀਹ ਮੁਰਦਿਆਂ ਵਿੱਚੋਂ ਹਫ਼ਤੇ ਦੇ ਪਹਿਲੇ ਦਿਨ ਜੀ ਉੱਠਿਆ।
   ਯੂਹੰਨਾ 20:1
2. ਜੀ ਉੱਠਣ ਤੋਂ ਬਾਦ ਦੋ ਅਲੱਗ-ਅਲੱਗ ਹਫ਼ਤਿਆਂ ਵਿੱਚ ਯਿਸੂ ਮਸੀਹ ਹਫ਼ਤੇ ਦੇ ਪਹਿਲੇ ਦਿਨ ਆਪਣੇ ਚੇਲਿਆਂ ਨੂੰ ਉੱਪਰੀ ਕੋਠੜੀ ਵਿੱਚ ਮਿਲਿਆ।
   ਯੂਹੰਨਾ 20:19, 26 ਲੂਕਾ 24:13
3. ਪੰਤੇਕੁਸਤ ਹਫ਼ਤੇ ਦੇ ਪਹਿਲੇ ਦਿਨ ਹੋਇਆ। ਰਸੂਲਾਂ ਦੇ ਕਰਤਬ 2:1
4. ਰਸੂਲ ਪ੍ਰਚਾਰ ਲਈ ਅਤੇ ਪ੍ਰਭੂ ਭੋਜ ਵਿੱਚ ਸ਼ਾਮਲ ਹੋਣ ਲਈ ਹਫ਼ਤੇ ਦੇ ਪਹਿਲੇ ਦਿਨ ਇਕੱਠਾ ਹੁੰਦੇ ਸਨ।
   ਰਸੂਲਾਂ ਦੇ ਕਰਤਬ 20:7
5. ਮਸੀਹੀਆਂ ਨੂੰ ਆਪਣੀਆਂ ਭੇਟਾਂ ਹਫ਼ਤੇ ਦੇ ਪਹਿਲੇ ਦਿਨ ਲਿਆਉਣ ਵਾਸਤੇ ਕਿਹਾ ਗਿਆ। 1 ਕੁਰਿੰਥੀਆਂ 16:2

ਪਰਮੇਸ਼ਰ ਲਈ ਅਰਾਮ ਦਾ ਦਿਨ ਅੱਡ ਰੱਖਣ ਦਾ ਸਿਧਾਂਤ ਕਦੇ ਵੀ ਨਹੀਂ ਬਦਲਿਆ ਹੈ। ਇਹ ਇੱਕ ਖਾਸ ਦਿਨ ਹੋਣਾ ਚਾਹੀਦਾ ਹੈ, ਨਾ ਕਿ ਬਾਕੀ ਦਿਨਾਂ ਵਰਗਾ ਕੋਈ ਆਮ ਦਿਨ। ਯਸਾਯਾਹ 58:13

ਮਸੀਹੀਆਂ ਦੀ ਇੱਛਾ ਇਹ ਹੈ ਕਿ ਪ੍ਰਭੂ ਦੇ ਦਿਨ ਨੂੰ ਇਸ ਵਿਸ਼ੇਸ਼ ਤਰੀਕੇ ਨਾਲ ਮਨਾਇਆ ਜਾਵੇ, ਅਰਥਾਤ ਇਹ ਅਰਾਮ ਅਤੇ ਅਰਾਧਨਾ ਦਾ ਦਿਨ ਹੋਵੇ, ਨਾ ਕਿ ਘੁੰਮਣ-ਫਿਰਨ ਦਾ ਦਿਨ, ਘਰ ਦੇ ਕੰਮ ਕਰਨ ਦਾ ਦਿਨ, ਬਾਹਰੀ ਕੰਮਾਂ ਦਾ ਦਿਨ, ਖੇਡਣ ਦਾ ਦਿਨ, ਆਦਿ, ਅਤੇ ਇਸ ਦਿਨ ਅਰਾਧਨਾ ਲਈ ਵਿਸ਼ਵਾਸੀਆਂ ਦੇ ਇਕੱਠੇ ਹੋਣ ਨੂੰ ਅਣਗੌਲਿਆ ਨਾ ਜਾਵੇ।

ਪੁਰਾਣੇ ਨਿਯਮ ਦੇ ਹੁਕਮਾਂ ਦਾ ਸਾਰ ਕੀ ਹੈ?

ਮੱਤੀ 22:36-40

ਰੋਮੀਆਂ 13:8-10

ਨਵੇਂ ਨਿਯਮ ਦੇ ਹੁਕਮਾਂ ਦਾ ਸਾਰ ਕੀ ਹੈ?

1 ਯੂਹੰਨਾ 3:23

| ਅਸੀਂ ਕਿਵੇਂ | ਪਰਮੇਸ਼ਰ ਨੂੰ ਅਤੇ | ਮਨੁੱਖ ਨੂੰ ਪਿਆਰ ਕਰ ਸਕਦੇ ਹਾਂ |
|---|---|---|
| ਪਵਿੱਤਰ ਜੀਵਨ ਜੀਉਣਾ | 1 ਪਤਰਸ 1:14-16 | 1 ਥਿਸਲੁਨੀਕੀਆਂ 3:12-13 |
| ਪ੍ਰਾਰਥਨਾ | ਮੱਤੀ 6:6, 9 | ਅਫ਼ਸੀਆਂ 6:18 |
| ਬਾਈਬਲ ਅਧਿਐਨ | 2 ਤਿਮੋਥਿਉਸ 2:15 | 2 ਤਿਮੋਥਿਉਸ 2:2 |
| ਅਰਾਧਨਾ | ਇਬਰਾਨੀਆਂ 13:15 | ਇਬਰਾਨੀਆਂ 10:25; ਮੱਤੀ 5:16 |
| ਦੇਣਾ | ਰੋਮੀਆਂ 12:1-3 | 2ਕੁਰਿੰਥੀਆਂ 8:1-5; 1 ਕੁਰਿੰਥੀਆਂ16:1-2 |
| ਗਵਾਹੀ ਦੇਣਾ | ਮੱਤੀ 10:32; 28:19 | ਯਾਕੂਬ 5:19-20 |

ਇਨ੍ਹਾਂ ਕੰਮਾਂ ਨੂੰ ਕਰਨ ਦੁਆਰਾ ਪਰਮੇਸ਼ਰ ਅਤੇ ਮਨੁੱਖਾਂ ਪ੍ਰਤੀ ਸਾਡਾ ਪ੍ਰੇਮ ਪਰਗਟ ਹੁੰਦਾ ਹੈ। ਅਸੀਂ ਉਸਦੇ ਹੁਕਮਾਂ ਦਾ ਪਾਲਣ ਕਰਨਾ ਚਾਹੁੰਦੇ ਹਾਂ।

ਯਹੂਦੀਆਂ ਨੇ ਯਿਸੂ ਨੂੰ ਪੁੱਛਿਆ ਕਿ ਉਹ ਪਰਮੇਸ਼ਰ ਨੂੰ ਕਿਵੇਂ ਪ੍ਰਸੰਨ ਕਰ ਸਕਦੇ ਹਨ।   ਯੂਹੰਨਾ 6:28-29

ਜਦੋਂ ਤਕ ਅਸੀਂ ਉਸ ਉੱਤੇ ਵਿਸ਼ਵਾਸ ਨਹੀਂ ਕਰਦੇ ਉਦੋਂ ਤਕ ਅਸੀਂ ਉਸ ਨੂੰ ਪ੍ਰਸੰਨ ਨਹੀਂ ਕਰ ਸਕਦੇ ਅਤੇ ਐਸਾ ਕੋਈ ਕੰਮ ਨਹੀਂ ਕਰ ਸਕਦੇ ਜਿਸ ਤੋਂ ਉਹ ਪ੍ਰਸੰਨ ਹੋਵੇ।

ਇਸਦਾ ਮਤਲਬ ਇਹ ਹੈ ਕਿ ਸਾਨੂੰ ਆਪਣਾ ਸੰਪੂਰਨ ਜੀਵਨ ਉਸ ਦੇ ਲਈ ਜੀਉਣ ਦੀ ਲੋੜ ਹੈ ਅਤੇ ਉਸਦੇ ਹੁਕਮਾਂ ਦਾ ਪਾਲਨ ਕਰਨ ਦੇ ਦੁਆਰਾ ਅਸੀਂ ਉਸਦੇ ਪ੍ਰਤੀ ਆਪਣਾ ਪ੍ਰੇਮ ਅਤੇ ਸ਼ੁਕਰਾਨਾ ਵਿਅਕਤ ਕਰਦੇ ਹਾਂ।

1 ਯੂਹੰਨਾ 2:3-6

ਧੰਨਵਾਦ:

ਕੁਝ ਹਿੱਸੇ ਇੱਥੋਂ ਲਏ ਗਏ ਹਨ: “ਫੇਲਡ ਯੈਟ ਫੋਰਗਿਵਨ” ਕੀਥ ਲੈਂਬ; ਲੈਂਬ ਪਬਲਿਸ਼ਿੰਗ